17-NOV-PAGE-1.qxd 11/16/2025 9:10 PM Page 1


ਸੋਮਵਾਰ, 17 ਨਵੰਬਰ, 2025

2 ਮੱਘਰ { ਨਾਨਕਸ਼ਾਹੀ 557 / ਬਿਕਰਮੀ 2082 }

ਜਿਲਦ/VOL. : 74

ਅੰਕ/NO. : 167

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 17 NOVEMBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12


## ਪੁਲਾੜ ਦਾ ਗੇੜਾ ਲਾ ਕੇ ਪਰਤੇ ਚੀਨੀ ਚੂਹੇ



**ਨਵੀਂ ਦਿੱਲੀ :** ਪੁਲਾੜ ਵਿਗਿਆਨ ਪ੍ਰਯੋਗ ਦੇ ਨਮੂਨਿਆਂ ਦਾ ਨੌਵਾਂ ਬੈਚ, ਜਿਸ ਵਿੱਚ ਜੀਵਨ ਵਿਗਿਆਨ ਪ੍ਰਯੋਗਾਂ ਵਿੱਚ ਵਰਤੇ ਗਏ ਚਾਰ ਚੂਹੇ ਸ਼ਾਮਲ ਸਨ, ਬੀਜਿੰਗ ਦੇ ਸਪੇਸ ਐਪਲੀਕੇਸ਼ਨ ਇੰਜੀਨੀਅਰਿੰਗ ਸੈਂਟਰ ਤੋਂ ਵਾਪਸ ਪਰਤ ਆਏ। ਚੂਹਿਆਂ ਨੂੰ ਸ਼ੇਨਜ਼ੋਓ-21 ਪੁਲਾੜ ਯਾਨ ਦੁਆਰਾ ਚੀਨ ਦੇ ਪੁਲਾੜ ਸਟੇਸ਼ਨ ਤੋਂ ਵਾਪਸ ਲਿਆਂਦਾ ਗਿਆ। ਪੁਲਾੜ ਤੋਂ ਚੂਹਿਆਂ ਤੋਂ ਇਲਾਵਾ, ਇੱਕ ਜ਼ੈਬਰਾਫਿਸ਼, ਇੱਕ ਪਲੈਨੇਰੀਅਨ, ਇੱਕ ਹਾਰਨਵਰਟ ਅਤੇ ਸੂਖਮ ਜੀਵ ਸਟਰੈਪਟੋਮਾਈਸਿਸ ਵੀ ਵਾਪਸ ਆਏ ਹਨ। ਸੀ ਏ ਐੱਸ ਪ੍ਰੈਸ ਰਿਲੀਜ਼ ਦੇ ਅਨੁਸਾਰ, ਪੁਲਾੜ ਸਟੇਸ਼ਨ ਤੋਂ ਲਿਆਂਦੇ ਗਏ ਨਮੂਨਿਆਂ ਵਿੱਚ 26 ਪ੍ਰਯੋਗਾਤਮਕ ਪ੍ਰੋਜੈਕਟਾਂ ਨਾਲ ਸਬੰਧਤ ਜੀਵਨ ਵਿਗਿਆਨ, ਪਦਾਰਥ ਵਿਗਿਆਨ ਅਤੇ ਬਲਨ ਪ੍ਰਯੋਗ ਦੇ ਨਮੂਨੇ ਸ਼ਾਮਲ ਹਨ, ਜਿਨ੍ਹਾਂ ਵਿੱਚ 9 ਕਿਸਮਾਂ ਦੇ ਜੀਵਨ ਪ੍ਰਯੋਗ ਦੇ ਨਮੂਨੇ, 32 ਕਿਸਮਾਂ ਦੇ ਪਦਾਰਥ ਪ੍ਰਯੋਗ ਦੇ ਨਮੂਨੇ ਅਤੇ ਤਿੰਨ ਕਿਸਮਾਂ ਦੇ ਬਲਨ ਵਿਗਿਆਨ ਦੇ ਨਮੂਨੇ ਸ਼ਾਮਲ ਹਨ, ਜਿਨ੍ਹਾਂ ਦਾ ਕੁੱਲ ਭਾਰ ਲਗਪਗ 46.67 ਕਿਲੋਗ੍ਰਾਮ ਹੈ। ਖੋਜਕਰਤਾ ਚੂਹਿਆਂ ਦੇ ਵਿਵਹਾਰ, ਮੁੱਖ ਸਰੀਰਕ ਅਤੇ ਬਾਇਓਕੈਮੀਕਲ ਸੂਚਕਾਂ ਦੀ ਜਾਂਚ ਕਰਨਗੇ।

## ਭਾਰਤ ਤੀਜੇ ਦਿਨ ਹੀ ਹਾਰ ਗਿਆ

**ਕੋਲਕਾਤਾ :** ਦੱਖਣੀ ਅਫਰੀਕਾ ਨੇ ਇੱਥੇ ਪਹਿਲੇ ਟੈਸਟ ਕ੍ਰਿਕਟ ਮੈਚ ਦੇ ਐਤਵਾਰ ਤੀਜੇ ਦਿਨ ਭਾਰਤ ਨੂੰ 30 ਦੌੜਾਂ ਨਾਲ ਹਰਾ ਕੇ ਦੋ ਮੈਚਾਂ ਦੀ ਲੜੀ ਵਿੱਚ 1-0 ਦੀ ਬੜ੍ਹਤ ਬਣਾ ਲਈ। ਭਾਰਤ ਦੇ ਸਾਹਮਣੇ 124 ਦੌੜਾਂ ਦਾ ਟੀਚਾ ਸੀ ਪਰ ਉਸਦੀ ਟੀਮ 35 ਓਵਰਾਂ ਵਿੱਚ 93 ਦੌੜਾਂ ਬਣਾ ਕੇ ਆਊਟ ਹੋ ਗਈ। ਕਪਤਾਨ ਸ਼ੁਭਮਨ ਗਿੱਲ ਗਰਦਨ ਦੀ ਸੱਟ ਕਾਰਨ ਬੱਲੇਬਾਜ਼ੀ ਲਈ ਨਹੀਂ ਉਤਰੇ। ਭਾਰਤ ਵੱਲੋਂ ਵਾਸ਼ਿੰਗਟਨ ਸੁੰਦਰ ਨੇ ਸਭ ਤੋਂ ਵੱਧ 31 ਦੌੜਾਂ ਬਣਾਈਆਂ। ਦੱਖਣੀ ਅਫਰੀਕਾ ਲਈ ਆਫ ਸਪਿਨਰ ਸਾਈਮਨ ਹਾਰਮਰ ਨੇ ਚਾਰ ਵਿਕਟਾਂ ਲਈਆਂ। ਇਸ ਤੋਂ ਪਹਿਲਾਂ, ਦੱਖਣੀ ਅਫਰੀਕਾ ਨੇ ਆਪਣੀ ਦੂਜੀ ਪਾਰੀ ਵਿੱਚ 153 ਦੌੜਾਂ ਬਣਾ ਕੇ 123 ਦੌੜਾਂ ਦੀ ਬੜ੍ਹਤ ਹਾਸਲ ਕੀਤੀ ਸੀ। ਉਸ ਵੱਲੋਂ ਕਪਤਾਨ ਤੇਂਬਾ ਬਾਵੂਮਾ ਨੇ ਨਾਬਾਦ 55 ਦੌੜਾਂ ਬਣਾਈਆਂ। ਭਾਰਤ ਵੱਲੋਂ ਰਵਿੰਦਰ ਜਡੇਜਾ ਨੇ ਚਾਰ ਵਿਕਟਾਂ ਲਈਆਂ। ਦੱਖਣੀ ਅਫਰੀਕਾ ਨੇ ਆਪਣੀ ਪਹਿਲੀ ਪਾਰੀ ਵਿੱਚ 159 ਦੌੜਾਂ ਬਣਾਈਆਂ ਸਨ, ਜਿਸ ਦੇ ਜਵਾਬ ਵਿੱਚ ਭਾਰਤ ਨੇ 189 ਦੌੜਾਂ ਬਣਾ ਕੇ 30 ਦੌੜਾਂ ਦੀ ਬੜ੍ਹਤ ਹਾਸਲ ਕੀਤੀ ਸੀ।

# ਰਾਜਾ ਰਾਮਮੋਹਨ ਰਾਏ ਨੂੰ ਅੰਗਰੇਜ਼ਾਂ ਦਾ ਦਲਾਲ ਗਰਦਾਨਣ ਤੋਂ ਬਾਅਦ ਭਾਜਪਾ ਮੰਤਰੀ ਦੀ ਸਫਾਈ



**ਨਵੀਂ ਦਿੱਲੀ :** ਉੱਨੀਵੀਂ ਸਦੀ ਦੇ ਸਮਾਜ ਸੁਧਾਰਕ ਰਾਜਾ ਰਾਮਮੋਹਨ ਰਾਏ ਨੂੰ ਅੰਗਰੇਜ਼ਾਂ ਦਾ ਦਲਾਲ ਗਰਦਾਨਣ ਵਾਲਾ ਮੱਧ ਪ੍ਰਦੇਸ਼ ਦਾ ਉੱਚ ਸਿੱਖਿਆ ਮੰਤਰੀ ਇੰਦਰ ਸਿੰਘ ਪਰਮਾਰ ਭੰਡੀ ਕਰਾਉਣ ਤੋਂ ਬਾਅਦ ਹੁਣ ਸਫਾਈਆਂ ਦੇ ਰਿਹਾ ਹੈ ਕਿ ਉਸਦੇ ਕਹਿਣ ਦਾ ਮਤਲਬ ਹੋਰ ਸੀ। ਐਤਵਾਰ ਇੱਕ ਵੀਡੀਓ ਮੈਸੇਜ ਵਿੱਚ ਉਸਨੇ ਕਿਹਾ, "ਬਿਰਸਾ ਮੁੰਡਾ ਦੀ ਜ਼ਿੰਦਗੀ ਬਾਰੇ ਬੋਲਦਿਆਂ ਮੇਰੇ ਤੋਂ ਰਾਏ ਬਾਰੇ ਹਾਦਸਨ ਕੁਝ ਹੋਰ ਕਹਿ ਹੋ ਗਿਆ। ਮੈਨੂੰ ਇਸਦਾ ਬਹੁਤ ਅਫਸੋਸ ਹੈ ਤੇ ਖਿਮਾ ਚਾਹੁੰਦਾ ਹਾਂ।" ਉਸਨੇ ਆਪਣੇ ਸੁਨੇਹੇ ਵਿੱਚ ਕਿਹਾ ਹੈ ਕਿ ਉਹ ਰਾਏ ਦਾ ਸਤਿਕਾਰ ਕਰਦਾ ਹੈ, ਜਿਹੜੇ ਕਿ 'ਉੱਘੇ ਸਮਾਜ ਸੁਧਾਰਕ' ਸਨ।

ਪਰਮਾਰ ਨੇ ਸ਼ਨਿੱਚਰਵਾਰ ਮੱਧ ਪ੍ਰਦੇਸ਼ ਦੇ ਅਗਰ ਮਾਲਵਾ ਵਿਖੇ ਬਿਰਸਾ ਮੁੰਡਾ ਦੀ ਜੈਅੰਤੀ ਦੇ ਸਮਾਰੋਹ ਵਿੱਚ ਬੋਲਦਿਆਂ ਕਿਹਾ ਸੀ ਕਿ ਬੰਗਾਲ ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਨੂੰ ਅਧੁਨਿਕ ਵਿਦਿਆ ਵੱਲ ਲਿਜਾਣ ਤੇ ਸਮਾਜ ਨੂੰ ਸੁਧਾਰਨ ਦਾ ਰਾਏ ਨੂੰ ਅਕਸਰ ਸਿਹਰਾ ਦਿੱਤਾ ਜਾਂਦਾ ਹੈ ਪਰ ਅਸਲ ਵਿੱਚ ਉਹ ਭਾਰਤੀ ਸਮਾਜ ਨੂੰ ਜਾਤੀਵਾਦੀ ਲੀਹਾਂ 'ਤੇ ਵੰਡਣ ਵਿੱਚ ਅੰਗਰੇਜ਼ਾਂ ਦੀ ਮਦਦ ਕਰ ਰਿਹਾ ਸੀ। ਉਸਨੇ ਇਹ ਵੀ ਦਾਅਵਾ ਕੀਤਾ ਕਿ ਬੰਗਾਲ ਵਿੱਚ ਅੰਗਰੇਜ਼ੀ ਦੀ ਸਿੱਖਿਆ ਨੇ ਧਰਮ ਪਰਿਵਰਤਨ ਦਾ ਖਤਰਨਾਕ ਚੱਕਰ ਚਲਾਇਆ। ਬਿਰਸਾ ਮੁੰਡਾ ਨੇ ਇਸ ਚੱਕਰ ਨੂੰ ਤੋੜਿਆ ਤੇ ਕਬਾਇਲੀਆਂ ਦੀ ਪਛਾਣ ਦੀ ਰਾਖੀ ਕੀਤੀ। ਹੁਣ ਪਰਮਾਰ ਕਹਿ ਰਿਹਾ ਹੈ ਕਿ ਜ਼ਬਾਨ ਗੋਤਾ ਖਾ ਗਈ ਸੀ। ਪਰ ਇਸ ਗੋਤੇ ਨੇ ਦੇਸ਼ ਵਿੱਚ ਇਸ ਬਹਿਸ ਨੂੰ ਮੁੜ ਖੋਲ੍ਹ ਦਿੱਤਾ ਹੈ ਕਿ ਇਤਿਹਾਸ ਨੂੰ ਪ੍ਰੀਭਾਸ਼ਤ ਕਿਸਨੇ ਕਰਨਾ ਹੈ। ਕਾਂਗਰਸ ਨੇ ਕਿਹਾ ਹੈ ਕਿ ਜਿਨ੍ਹਾਂ ਦੇ ਵਡੇਰੇ ਅੰਗਰੇਜ਼ਾਂ ਅੱਗੇ ਗੋਡੇ ਟੇਕ ਕੇ ਮੁਆਫੀ ਮੰਗਦੇ ਰਹੇ, ਹੁਣ ਉਹ ਲੋਕ ਮਹਾਨ ਸ਼ਖਸੀਅਤਾਂ 'ਤੇ ਇਤਰਾਜ਼ਯੋਗ ਟਿੱਪਣੀਆਂ ਕਰ ਰਹੇ ਹਨ।

ਮੋਹਨ ਸਰਕਾਰ ਦੇ ਮੰਤਰੀ ਇੰਦਰ ਸਿੰਘ ਪਰਮਾਰ ਨੇ ਰਾਜਾ ਰਾਮਮੋਹਨ ਰਾਏ ਨੂੰ ਅੰਗਰੇਜ਼ਾਂ ਦਾ ਦਲਾਲ ਕਹਿ ਕੇ ਨਾਰੀ ਉੱਥਾਨ ਦੇ ਮਹਾਨਾਇਕ ਦਾ ਅਪਮਾਨ ਕੀਤਾ ਹੈ। ਕਾਂਗਰਸ ਦੇ ਬੁਲਾਰੇ ਭੁਪਿੰਦਰ ਗੁਪਤਾ ਨੇ ਪੁੱਛਿਆ ਹੈ ਕਿ ਕੀ ਸਤੀ ਪ੍ਰਥਾ ਦਾ ਖਾਤਮਾ ਵੀ ਅੰਗਰੇਜ਼ਾਂ ਦੀ ਦਲਾਲੀ ਸੀ? ਤ੍ਰਿਣਮੂਲ ਕਾਂਗਰਸ ਨੇ ਕਿਹਾ ਹੈ ਕਿ ਪਰਮਾਰ ਦਾ ਬਿਆਨ ਭਾਜਪਾ ਦੀ ਗੰਦੀ ਮਾਨਸਿਕਤਾ ਦਾ ਸੂਚਕ ਹੈ। ਉਸਦੇ ਆਗੂ ਬੰਗਾਲ ਦੇ ਸਭਿਆਚਾਰ ਤੇ ਬੰਗਾਲ ਦੇ ਨਾਇਕਾਂ ਦੀ ਲਗਾਤਾਰ ਬੇਹੁਰਮਤੀ ਕਰ ਰਹੇ ਹਨ।

ਪਰਮਾਰ ਨੇ ਅਜਿਹਾ ਬਿਆਨ ਪਹਿਲੀ ਵਾਰ ਨਹੀਂ ਦਿੱਤਾ। ਪਿਛਲੇ ਸਾਲ ਉਸਨੇ ਕਿਹਾ ਸੀ ਕਿ ਭਾਰਤ ਦੀ ਖੋਜ ਚੰਦਨ ਨਾਂ ਦੇ ਵਪਾਰੀ ਨੇ ਕੀਤੀ ਸੀ। ਇੱਕ ਯੂਨੀਵਰਸਿਟੀ ਦੀ ਕਨਵੋਕੇਸ਼ਨ ਵਿੱਚ ਬੋਲਦਿਆਂ ਉਸਨੇ ਕਿਹਾ ਸੀ ਕਿ ਦੇਸ਼ਵਾਸੀਆਂ ਨੂੰ ਪੀੜ੍ਹੀਆਂ ਤੋਂ ਗਲਤ ਇਤਿਹਾਸ ਪੜ੍ਹਾਇਆ ਜਾ ਰਿਹਾ ਹੈ। ਉਸਦੇ ਮੰਤਰਾਲੇ ਨੇ ਕਾਲਜਾਂ ਨੂੰ ਅਜਿਹੀਆਂ 88 ਕਿਤਾਬਾਂ ਲਾਉਣ ਲਈ ਮਜਬੂਰ ਕੀਤਾ, ਜਿਨ੍ਹਾਂ ਵਿੱਚੋਂ ਬਹੁਤੀਆਂ ਆਰ ਐੱਸ ਐੱਸ ਨਾਲ ਸੰਬੰਧਤ ਲੇਖਕਾਂ ਦੀਆਂ ਹਨ।

## ਚੀਫ ਜਸਟਿਸ ਵੱਲੋਂ ਐੱਸ ਸੀ ਕਰੀਮੀ ਲੇਅਰ ਨੂੰ ਬਾਹਰ ਕਰਨ 'ਤੇ ਮੁੜ ਜ਼ੋਰ



**ਅਮਰਾਵਤੀ :** ਦੇਸ਼ ਦੇ ਚੀਫ ਜਸਟਿਸ ਬੀ ਆਰ ਗਵਈ ਨੇ ਐਤਵਾਰ ਮੁੜ ਜ਼ੋਰ ਦੇ ਕੇ ਕਿਹਾ ਕਿ ਉਹ ਹਾਲੇ ਵੀ ਅਨੁਸੂਚਤ ਜਾਤੀਆਂ ਦੇ ਰਾਖਵੇਂਕਰਨ ਵਿੱਚ ਕਰੀਮੀ ਲੇਅਰ ਨੂੰ ਬਾਹਰ ਰੱਖਣ ਦੇ ਹੱਕ ਵਿੱਚ ਹਨ। ਇੰਡੀਆ ਐਂਡ ਲਿਵਿੰਗ ਇੰਡੀਅਨ ਕੰਸਟੀਚਿਊਸ਼ਨ ਦੇ 75 ਸਾਲਾਂ 'ਤੇ ਸਮਾਗਮ ਨੂੰ ਸੰਬੋਧਨ ਕਰਦੇ ਹੋਏ ਗਵਈ ਨੇ ਰਾਏ ਦਿੱਤੀ ਕਿ ਰਾਖਵੇਂਕਰਨ ਦੇ ਮਾਮਲੇ ਵਿਚ ਇੱਕ ਆਈ ਏ ਐੱਸ ਅਧਿਕਾਰੀ ਦੇ ਬੱਚਿਆਂ ਦੀ ਇੱਕ ਗਰੀਬ ਤੇ ਖੇਤੀਬਾੜੀ ਕਰਨ ਵਾਲੇ ਮਜ਼ਦੂਰ ਦੇ ਬੱਚਿਆਂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ ਉਨ੍ਹਾ ਕਿਹਾ ਕਿ ਉਨ੍ਹਾ ਇਸ ਤੋਂ ਅੱਗੇ ਵੱਧ ਕੇ ਵਿਚਾਰ ਰੱਖਿਆ ਸੀ ਕਿ ਕਰੀਮੀ ਲੇਅਰ ਦੀ ਧਾਰਨਾ ਜਿਵੇਂ ਇੰਦਰਾ ਸਾਹਨੀ (ਬਨਾਮ ਭਾਰਤ ਸੰਘ ਅਤੇ ਹੋਰ) ਦੇ ਫੈਸਲੇ ਵਿੱਚ ਪੱਛੜੇ ਵਰਗਾਂ ਬਾਰੇ ਸੁਣਾਈ ਗਈ ਸੀ, ਉਹ ਅਨੁਸੂਚਤ ਜਾਤੀਆਂ 'ਤੇ ਵੀ ਲਾਗੂ ਹੋਣੀ ਚਾਹੀਦੀ ਹੈ, ਹਾਲਾਂਕਿ ਉਨ੍ਹਾ ਦੇ ਫੈਸਲੇ ਦੀ ਇਸ ਮੁੱਦੇ 'ਤੇ ਵੱਡੇ ਪੱਧਰ 'ਤੇ ਆਲੋਚਨਾ ਕੀਤੀ ਗਈ ਸੀ ਪਰ ਉਨ੍ਹਾ ਦਾ ਹਾਲੇ ਵੀ ਮੰਨਣਾ ਹੈ ਕਿ ਜੱਜਾਂ ਨੂੰ ਆਮ ਤੌਰ 'ਤੇ ਆਪਣੇ ਫੈਸਲਿਆਂ ਨੂੰ ਜਾਇਜ਼ ਨਹੀਂ ਠਹਿਰਾਉਣਾ ਚਾਹੀਦਾ। ਜ਼ਿਕਰਯੋਗ ਹੈ ਕਿ ਚੀਫ ਜਸਟਿਸ ਗਵਈ ਨੇ ਕੁਝ ਸਮਾਂ ਪਹਿਲਾਂ ਇਕ ਟਿੱਪਣੀ ਕੀਤੀ ਸੀ ਕਿ ਸੂਬਿਆਂ ਨੂੰ ਐੱਸ ਸੀ ਤੇ ਐੱਸ ਟੀ ਵਿਚਲੀ ਕਰੀਮੀ ਲੇਅਰ ਦੀ ਪਛਾਣ ਕਰਨ ਲਈ ਇਕ ਨੀਤੀ ਬਣਾਉਣੀ ਚਾਹੀਦੀ ਹੈ ਤੇ ਉਨ੍ਹਾਂ ਨੂੰ ਰਾਖਵੇਂਕਰਨ ਦੇ ਲਾਭ ਤੋਂ ਵਾਂਝਾ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾ ਇਹ ਵੀ ਕਿਹਾ ਕਿ ਇਹ ਸੰਵਿਧਾਨ ਕਾਰਨ ਹੀ ਸੰਭਵ ਹੋ ਸਕਿਆ ਹੈ ਕਿ ਭਾਰਤ ਵਿੱਚ ਅਨੁਸੂਚਤ ਜਾਤੀਆਂ ਦੇ ਦੋ ਰਾਸ਼ਟਰਪਤੀ ਹੋਏ ਹਨ। ਚੀਫ ਜਸਟਿਸ ਨੇ ਕਿਹਾ ਕਿ ਪਿਛਲੇ ਸਾਲਾਂ ਦੌਰਾਨ ਦੇਸ਼ ਵਿੱਚ ਸਮਾਨਤਾ ਤੇ ਮਹਿਲਾ ਸਸ਼ਕਤੀਕਰਨ ਵਧਿਆ ਹੈ।

## ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਨੂੰ ਸਿਜਦਾ

### ਗ਼ਦਰੀ ਬਾਬਿਆਂ ਦੇ ਮੇਲੇ ਦੀ ਸਫ਼ਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ



**ਜਲੰਧਰ :** ਇਤਿਹਾਸ ਬੋਲਦਾ ਹੈ ਕਿ 16 ਨਵੰਬਰ 1915 ਨੂੰ ਸੱਤ ਗਦਰੀ ਦੇਸ਼ ਭਗਤਾਂ ਨੂੰ ਅੰਗਰੇਜ਼ ਹਕੂਮਤ ਨੇ ਫਾਂਸੀ ਦੇ ਤਖ਼ਤੇ 'ਤੇ ਲਟਕਾ ਕੇ ਸ਼ਹੀਦ ਕਰ ਦਿੱਤਾ ਸੀ।ਦੇਸ਼ ਭਗਤ ਯਾਦਗਾਰ ਹਾਲ ਅੰਦਰ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਵੱਲੋਂ ਐਤਵਾਰ ਬੁਲਾਈ ਗਈ ਸੱਭਿਆਚਾਰਕ ਵਿੰਗ, ਇਸ ਦੇ ਸਹਿਯੋਗੀ ਪਰਵਾਰ, ਮੇਲੇ ਦੀਆਂ ਵੰਨ-ਸੁਵੰਨੀਆਂ ਪ੍ਰਬੰਧਕੀ ਕਮੇਟੀਆਂ ਦੀ ਮੀਟਿੰਗ 'ਚ ਕਰਤਾਰ ਸਿੰਘ ਸਰਾਭਾ (ਸਰਾਭਾ, ਲੁਧਿਆਣਾ), ਵਿਸ਼ਨੂੰ ਗਣੇਸ਼ ਪਿੰਗਲੇ (ਤਾਲੇਗਾਓਂ, ਪੁਣੇ), ਜਗਤ ਸਿੰਘ (ਸੁਰਸਿੰਘ, ਅੰਮ੍ਰਿਤਸਰ), ਹਰਨਾਮ ਸਿੰਘ (ਭੱਟੀ ਗੁਰਾਇਆ, ਸਿਆਲਕੋਟ), ਸੁਰੈਣ ਸਿੰਘ ਸਪੁੱਤਰ ਬੂਰ ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਸੁਰੈਣ ਸਿੰਘ ਸਪੁੱਤਰ ਈਸ਼ਰ

• ਬਾਕੀ ਸਫਾ 2 'ਤੇ

## ਸੁਖਬੀਰ ਦੇ ਗੈਂਗਸਟਰ ਗੱਠਜੋੜ ਦੀ ਸਿੱਟ ਤੋਂ ਜਾਂਚ ਕਰਾਈ ਜਾਵੇ : ਧਾਲੀਵਾਲ



**ਅੰਮ੍ਰਿਤਸਰ :** 'ਆਪ' ਪੰਜਾਬ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਧਾਲੀਵਾਲ ਨੇ ਐਤਵਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਗੈਂਗਸਟਰਾਂ ਰਾਹੀਂ ਖੁੱਲ੍ਹੇਆਮ ਆਪਣੀ ਰਾਜਨੀਤੀ ਚਲਾਉਣ ਅਤੇ ਪੰਜਾਬ ਨੂੰ ਖਤਰਨਾਕ ਤੇ ਅਸਵੀਕਾਰਨਯੋਗ ਰੁਝਾਨ ਵੱਲ ਧੱਕਣ ਦਾ ਦੋਸ਼ ਲਾਇਆ।ਧਾਲੀਵਾਲ ਨੇ ਕਿਹਾ ਕਿ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਸੁਖਬੀਰ ਬਾਦਲ ਨੇ ਨਾ ਸਿਰਫ਼ ਇੱਕ ਬਦਨਾਮ ਗੈਂਗਸਟਰ ਦੇ ਰਿਸ਼ਤੇਦਾਰ ਨੂੰ ਟਿਕਟ ਦਿੱਤੀ, ਸਗੋਂ ਗੈਂਗਸਟਰ ਦੇ ਅੱਤਵਾਦੀ ਨੈੱਟਵਰਕ ਦੇ ਜ਼ੋਰ 'ਤੇ ਪੂਰੀ ਚੋਣ ਲੜੀ।

ਉਨ੍ਹਾ ਖੁਲਾਸਾ ਕੀਤਾ ਕਿ ਗੈਂਗਸਟਰ ਨੇ ਸੁਖਬੀਰ ਦੇ ਨਿਰਦੇਸ਼ਾਂ 'ਤੇ ਕੰਮ ਕਰਦੇ

• ਬਾਕੀ ਸਫਾ 2 'ਤੇ

## ਮਾਨ ਵੱਲੋਂ ਸਰਾਭਾ ਪਿੰਡ ਲਈ 45.84 ਕਰੋੜ ਦੇ ਪ੍ਰਾਜੈਕਟਾਂ ਦਾ ਐਲਾਨ



**ਸਰਾਭਾ (ਲੁਧਿਆਣਾ) :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਜ਼ਾਦੀ ਸੰਘਰਸ਼ ਦੇ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸ਼ਹੀਦ ਦੇ ਜੱਦੀ ਪਿੰਡ ਸਰਾਭਾ ਲਈ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕੀਤਾ।ਰਾਜ ਪੱਧਰੀ ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਮਹਾਨ ਸ਼ਹੀਦ ਦੇ ਜੱਦੀ ਪਿੰਡ ਨੂੰ ਮਾਡਲ ਪਿੰਡ ਵਜੋਂ ਵਿਕਸਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

ਉਨ੍ਹਾਂ ਕਿਹਾ ਕਿ ਮਹਾਨ ਸ਼ਹੀਦ ਸਰਾਭਾ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ।ਉਨ੍ਹਾਂ ਕਿਹਾ ਕਿ ਗ਼ਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਉਨ੍ਹਾਂ ਨੇ ਪਹਿਲਾਂ ਵਿਦੇਸ਼ਾਂ ਵਿੱਚ ਅਤੇ ਫਿਰ ਦੇ ਸ਼

• ਬਾਕੀ ਸਫਾ 2 'ਤੇ




## ਵਾਲਮੀਕ ਸਭਾ ਨੇ ਵਿਧਾਇਕ ਰਾਏ ਨੂੰ ਸੌਂਪਿਆ ਮੰਗ ਪੱਤਰ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਪ੍ਰਦੇਸ਼ ਵਾਲਮੀਕ ਸਭਾ ਵੱਲੋਂ ਸੰਦੀਪ ਵੈਦ ਦੀ ਅਗਵਾਈ ਵਿੱਚ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਮੰਗ ਪੱਤਰ ਸੌਂਪਿਆ ਗਿਆ।ਇਸ ਮੌਕੇ ਪੰਜਾਬ ਪ੍ਰਦੇਸ਼ ਵਾਲਮੀਕ ਸਭਾ ਦੇ ਪ੍ਰਧਾਨ ਸੰਦੀਪ ਵੈਦ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਵਿਧਾਇਕ ਲਖਬੀਰ ਸਿੰਘ ਰਾਏ ਨੂੰ ਸੌਂਪੇ ਮੰਗ ਪੱਤਰ 'ਚ ਉਨ੍ਹਾਂ ਮੰਗ ਕੀਤੀ ਹੈ ਕਿ ਭਗਵਾਨ ਵਾਲਮੀਕ ਜੀ ਦੇ ਮੰਦਰ ਦੀ ਛੱਤ ਖਰਾਬ ਹੋ ਚੁੱਕੀ ਹੈ, ਉਸ ਨੂੰ ਠੀਕ ਕਰਵਾਇਆ ਜਾਵੇ।ਸਾਲ 2023 ਵਿੱਚ ਆਏ ਹੜ੍ਹਾਂ ਕਾਰਨ ਮੰਦਰ ਦੀਆਂ ਦੀਵਾਰਾਂ ਨੁਕਸਾਨੀਆਂ ਗਈਆਂ ਸਨ, ਉਨ੍ਹਾਂ ਦੀ ਮੁਰੰਮਤ ਕਰਵਾਈ ਜਾਵੇ।ਇੰਟਰਲੌਕ ਟਾਈਲਾਂ, ਸਟਰੀਟ ਲਾਈਟਾਂ ਤੇ ਬੈਠਣ ਲਈ ਸੀਮੈਂਟ ਦੀਆਂ ਕੁਰਸੀਆਂ ਦਿੱਤੀਆਂ ਜਾਣ।ਸ਼ਮਸ਼ਾਨ ਘਾਟ ਨੂੰ ਵੀ ਗਰਾਂਟ ਮੁਹੱਈਆ ਕਰਵਾਈ ਜਾਵੇ, ਤਾਂ ਜੋ ਉਸ ਦਾ ਨਵੀਨੀਕਰਨ ਕੀਤਾ ਜਾ ਸਕੇ।ਉਨ੍ਹਾਂ ਦੱਸਿਆ ਕਿ ਪਿਛਲੀ ਸਰਕਾਰ ਸਮੇਂ ਭਗਵਾਨ ਵਾਲਮੀਕ, ਸ੍ਰੀ ਗੁਰੂ ਰਵਿਦਾਸ, ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੀ ਯਾਦ ਵਿੱਚ ਗੇਟ ਉਸਾਰੇ ਜਾਣੇ ਸਨ, ਉਨ੍ਹਾਂ ਕੰਮਾਂ ਨੂੰ ਵੀ ਨੇਪਰੇ ਚਾੜ੍ਹਿਆ ਜਾਵੇ। ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਜਾਇਜ਼ ਮੰਗਾਂ ਨੂੰ ਜਲਦ ਪ੍ਰਵਾਨ ਕਰਨ ਦੇ ਲਈ ਭਰੋਸਾ ਦਿੱਤਾ ਗਿਆ।ਇਸ ਮੌਕੇ ਰਜਿੰਦਰ ਕੁਮਾਰ, ਰਜੇਸ਼ ਕੁਮਾਰ, ਬੌਬੀ ਮਾਨ, ਰਾਜ ਕੁਮਾਰ, ਵਿੱਕੀ ਪ੍ਰਧਾਨ ਆਦਿ ਹਾਜ਼ਰ ਸਨ।

## ਤਰਨਦੀਪ ਸਿੰਘ ਦੀ ਰਾਜ ਪੱਧਰੀ ਹਾਕੀ ਟੂਰਨਾਮੈਂਟ ਲਈ ਚੋਣ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਮਾਡਲ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਦੇ ਵਿਦਿਆਰਥੀ ਤਰਨਦੀਪ ਸਿੰਘ ਗਿੱਲ (ਬਾਰਵੀਂ ਮੈਡੀਕਲ) ਨੂੰ ਰਾਜ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਚੁਣਿਆ ਗਿਆ ਹੈ। ਇਸ ਰਾਜ ਪੱਧਰੀ ਟੂਰਨਾਮੈਂਟ ਦਾ ਆਯੋਜਨ 17 ਨਵੰਬਰ 2025 ਤੋਂ 20 ਨਵੰਬਰ 2025 ਤੱਕ ਫਰੀਦਕੋਟ ਵਿਖੇ ਕੀਤਾ ਜਾ ਰਿਹਾ ਹੈ। ਤਰਨਦੀਪ ਸਿੰਘ ਗਿੱਲ ਨੇ ਹਾਕੀ ਵਿੱਚ ਆਪਣੀਆਂ ਸ਼ਾਨਦਾਰ ਪ੍ਰਾਪਤੀਆਂ ਦੁਆਰਾ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਇਸ ਹੋਣਹਾਰ ਵਿਦਿਆਰਥੀ ਨੇ ਸੰਨ 2023 ਵਿੱਚ ਪੰਜਾਬ ਖੇਤੀਬੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਤੇ ਸੰਨ 2025 ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਘਵੱਦੀ ਵਿਖੇ ਹੋਏ ਜ਼ਿਲ੍ਹਾ ਪੱਧਰੀ ਹਾਕੀ ਟੂਰਨਾਮੈਂਟ ਵਿੱਚ ਹਿੱਸਾ ਲੈ ਕੇ ਆਪਣੀ ਖੇਡ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਸ ਮੌਕੇ ਗੁਰੂ ਨਾਨਕ ਪ੍ਰਬੰਧਕ ਬੋਰਡ ਦੇ ਪ੍ਰਧਾਨ ਹਰਪ੍ਰਤਾਪ ਸਿੰਘ ਬਰਾੜ ਨੇ ਤਰਨਦੀਪ ਸਿੰਘ ਗਿੱਲ ਨੂੰ ਰਾਜ ਪੱਧਰੀ ਹਾਕੀ ਟੂਰਨਾਮੈਂਟ ਲਈ ਚੁਣੇ ਜਾਣ 'ਤੇ ਵਧਾਈ ਦਿੱਤੀ ਤੇ ਕਿਹਾ ਕਿ ਉਸ ਦੀ ਇਸ ਪ੍ਰਾਪਤੀ ਨੇ ਪੂਰੇ ਸਕੂਲ ਦਾ ਮਾਣ ਵਧਾਇਆ ਹੈ। ਸਕੂਲ ਕਾਰਜਕਾਰੀ ਪ੍ਰਸ਼ਾਸਕ ਰੁਪਿੰਦਰ ਕੌਰ ਬਰਾੜ ਨੇ ਤਰਨਦੀਪ ਸਿੰਘ ਗਿੱਲ ਤੇ ਹਾਕੀ ਕੋਚ ਤਲਵਿੰਦਰ ਸਿੰਘ ਦੀ ਸ਼ਲਾਘਾ ਕੀਤੀ। ਸਕੂਲ ਪ੍ਰਿੰਸੀਪਲ ਡਾ. ਡੀ ਪੀ ਠਾਕੁਰ ਨੇ ਕਿਹਾ ਕਿ ਅਜਿਹੀਆਂ ਪ੍ਰਾਪਤੀਆਂ ਵਿਦਿਆਰਥੀਆਂ ਦੇ ਮਨੋਬਲ ਵਿੱਚ ਵਾਧਾ ਕਰਦੀਆਂ ਹਨ ਤੇ ਸਫ਼ਲਤਾ ਪ੍ਰਾਪਤ ਕਰਨ ਲਈ ਦ੍ਰਿੜ੍ਹਤਾ ਪ੍ਰਦਾਨ ਕਰਦੀਆਂ ਹਨ।

## ਸਪੀਕਰ ਸੰਧਵਾਂ ਨੇ ਚਿੱਤਰਕਾਰ ਗੋਬਿੰਦਰ ਸੋਹਲ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ

### *ਪੰਜਾਬ ਨੇ ਇੱਕ ਸ਼ਾਨਦਾਰ ਕਲਾਤਮਕ ਪ੍ਰਤਿਭਾ ਗੁਆਈ : ਸੰਧਵਾਂ*



**ਪਟਿਆਲਾ (ਰਾਜਿੰਦਰ ਥਿੰਦ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਚਿੱਤਰਕਾਰ ਗੋਬਿੰਦਰ ਸੋਹਲ ਦੇ ਪਰਵਾਰ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਦਾ ਬੀਤੇ ਦਿਨੀਂ 68 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ।ਸਪੀਕਰ ਸੰਧਵਾਂ ਨੇ ਸੋਗ ਵਿੱਚ ਡੁੱਬੇ ਪਰਵਾਰ ਦੇ ਨਿਵਾਸ ਸਥਾਨ 'ਤੇ ਜਾ ਕੇ ਸੋਹਲ ਦੀ ਪਤਨੀ ਸ੍ਰੀਮਤੀ ਸੀਮਾ ਸੋਹਲ, ਪੁੱਤਰ ਅੰਗਦ ਸੋਹਲ, ਧੀ ਸੀਰਤ ਸੋਹਲ ਤੇ ਹੋਰ ਰਿਸ਼ਤੇਦਾਰਾਂ ਨਾਲ ਦੁੱਖ ਸਾਂਝਾ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਨੇ ਇੱਕ ਸ਼ਾਨਦਾਰ ਕਲਾਤਮਕ ਪ੍ਰਤਿਭਾ ਗੁਆ ਦਿੱਤੀ ਹੈ, ਜਿਸ ਦਾ ਕਲਾ ਦੀ ਦੁਨੀਆ ਵਿੱਚ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ।ਉਨ੍ਹਾਂ ਵਿੱਛੜੀ ਆਤਮਾ ਦੀ ਸਦੀਵੀ ਸ਼ਾਂਤੀ ਤੇ ਪਰਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ।ਸਪੀਕਰ ਸੰਧਵਾਂ ਨੇ ਕਿਹਾ ਕਿ ਗੋਬਿੰਦਰ ਸੋਹਲ ਦੀ ਕਲਾਤਮਕ ਯਾਤਰਾ ਨੇ ਪੰਜਾਬ ਲਈ ਬਹੁਤ ਮਾਣ ਵਧਾਇਆ ਹੈ ਤੇ ਕਲਾਕਾਰਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ ਹੈ।ਉਨ੍ਹਾਂ ਦਾ ਬੇਵਕਤ ਚਲਾਣਾ ਕਲਾ ਦੀ ਦੁਨੀਆ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ।ਪਿੰਡ ਬਾਰਨ ਦੇ ਗੁਰਦੁਆਰਾ ਸ਼ਹੀਦ ਬਾਬਾ ਜੈ ਸਿੰਘ ਖਲਕੱਟ ਵਿਖੇ ਗੋਬਿੰਦਰ ਸੋਹਲ ਨਮਿੱਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਤੇ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ।ਇਸ ਮੌਕੇ ਸਾਬਕਾ ਡੀ ਪੀ ਆਰ ਓ ਉਜਾਗਰ ਸਿੰਘ ਸਮੇਤ ਪੀਏ ਮਨਿੰਦਰ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

## ਸਾਇੰਸ ਮੇਲੇ 'ਚ ਵਿਦਿਆਰਥੀਆਂ ਦੇ ਨਵੀਨਤਮ ਮਾਡਲਾਂ ਨੇ ਜਿੱਤਿਆ ਦਰਸ਼ਕਾਂ ਦਾ ਮਨ

### *ਸਾਇੰਸ ਤੇ ਇਸ ਦੇ ਵਿਦਿਆਰਥੀਆਂ ਦੀ ਸੋਚ ਅਰੁਕ ਹੁੰਦੀ ਹੈ : ਚਹਿਲ*



**ਮਾਨਸਾ (ਆਤਮਾ ਸਿੰਘ ਪਮਾਰ)**-ਸਕੂਲ ਸਿੱਖਿਆ ਵਿਭਾਗ ਪੰਜਾਬ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਨੀਲਮ ਰਾਣੀ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਡਾਕਟਰ ਪਰਮਜੀਤ ਸਿੰਘ ਭੋਗਲ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਾਨਸਾ ਬਲਾਕ ਦੇ ਨੌਵੀਂ ਤੇ ਦਸਵੀਂ ਜਮਾਤ ਦੇ ਵਿਦਿਆਰਥੀਆਂ ਦਾ ਸਾਇੰਸ ਮੇਲੇ ਦਾ ਆਯੋਜਨ ਪੀ ਐੱਮ ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੈਣੀ ਬਾਘਾ ਵਿਖੇ ਕੀਤਾ ਗਿਆ।ਇਸ ਮੇਲੇ ਦੌਰਾਨ ਪ੍ਰਿੰਸੀਪਲ ਕੁਲਦੀਪ ਸਿੰਘ ਚਹਿਲ ਬਲਾਕ ਨੋਡਲ ਅਫ਼ਸਰ ਮਾਨਸਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਅੱਜ ਜਦੋਂ ਤੁਸੀਂ ਆਪਣੇ ਪ੍ਰੋਜੈਕਟਾਂ ਨੂੰ ਸਭ ਦੇ ਸਾਹਮਣੇ ਪ੍ਰਦਰਸ਼ਤ ਕਰ ਰਹੇ ਹੋ, ਤਾਂ ਤੁਸੀਂ ਸਿਰਫ਼ ਵਿਗਿਆਨ ਨਹੀਂ ਦਿਖਾ ਰਹੇ, ਸਗੋਂ ਆਪਣੇ ਵਿਚਾਰ ਤੇ ਆਪਣੀ ਸ਼ਖਸੀਅਤ ਨੂੰ ਰੌਸ਼ਨ ਕਰ ਰਹੇ ਹੋ।ਆਪਣੀ ਜਗਿਆਸਾ ਕਾਇਮ ਰੱਖੋ।ਸਵਾਲ ਪੁੱਛਦੇ ਰਹੋ ਤੇ ਸਭ ਤੋਂ ਵੱਧ ਸੋਚ ਨੂੰ ਕਦੇ ਰੁਕਣ ਨਹੀਂ ਦੇਣਾ, ਕਿਉਂਕਿ ਵਿਗਿਆਨ ਕਦੇ ਰੁਕਦਾ ਨਹੀਂ ਤੇ ਨਾ ਹੀ ਇਸ ਦੇ ਵਿਦਿਆਰਥੀ ਹੀ ਰੁਕਦੇ ਹਨ।ਬਲਾਕ ਮਾਨਸਾ ਦੇ 41 ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਟਿਕਾਊ ਖੇਤੀਬਾੜੀ, ਕੂੜਾ ਪ੍ਰਬੰਧਨ ਤੇ ਪਲਾਸਟਿਕ ਦੇ ਵਿਸ਼ਲੇਪਿਕ, ਹਰਾ ਊਰਜਾ, ਉਭਰਦੀਆਂ ਤਕਨਾਲੋਜੀਆਂ, ਮਨੋਰੰਜਨਾਤਮਕ ਗਣਿਤ ਮਾਡਲਿੰਗ, ਸਿਹਤ ਤੇ ਸਫ਼ਾਈ, ਪਾਣੀ ਸੰਰੱਖਣ ਤੇ ਪ੍ਰਬੰਧਨ ਦੇ ਮਾਡਲ ਬਣਾਏ ਗਏ।ਇਸ ਮੌਕੇ ਲੈਕਚਰਾਰ ਯੋਗਿਤਾ ਜੋਸ਼ੀ, ਸੋਨੀ ਸਿੰਗਲਾ ਬੀ ਆਰ ਸੀ, ਸ਼ਿਲਪਾ ਰਾਣੀ, ਲਤਾ ਰਾਣੀ, ਵਿਜੇ ਚਰਾਇਆ, ਰਾਜਿੰਦਰ ਸਿੰਗਲਾ, ਰੋਹਿਤ ਬਾਂਸਲ ਆਦਿ ਹਾਜ਼ਰ ਸਨ।

## ਥੱਬ ਬਲਾਓ ਕੁੰਗ ਫੂ ਅਕੈਡਮੀ ਦੇ ਖਿਡਾਰੀਆਂ ਦਾ ਓਪਨ ਮਾਰਸ਼ਲ ਆਰਟ ਚੈਂਪੀਅਨਸ਼ਿਪ 'ਚ ਸ਼ਾਨਦਾਰ ਪ੍ਰਦਰਸ਼ਨ



**ਜਲੰਧਰ (ਪੱਤਰ ਪ੍ਰੇਰਕ)**-ਥੱਬ ਬਲਾਓ ਕੁੰਗ-ਫੂ-ਅਕੈਡਮੀ ਜਲੰਧਰ ਦੇ ਖਿਡਾਰੀਆਂ ਨੇ 7 ਨਵੰਬਰ ਤੋਂ 9 ਨਵੰਬਰ 25 ਤੱਕ ਡੀਏਵੀ ਕਾਲਜ ਦੇ ਐਡੀਟੋਰੀਅਮ ਵਿਖੇ ਹੋਈ 'ਚੌਥੀ ਨੈਸ਼ਨਲ ਆਲ ਸਟਾਇਲ ਓਪਨ ਮਾਰਸ਼ਲ ਆਰਟ ਚੈਂਪੀਅਨਸ਼ਿਪ 2025' 'ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲਾ ਸਥਾਨ ਹਾਸਲ ਕਰਕੇ ਅਕੈਡਮੀ ਤੇ ਸ਼ਹਿਰ ਦਾ ਨਾਂ ਰੌਸ਼ਨ ਕੀਤਾ ਹੈ।ਇਸ ਮੁਕਾਬਲੇ ਵਿੱਚ ਹੋਰ ਰਾਜਾਂ ਤੋਂ ਆਏ ਖਿਡਾਰੀਆਂ ਨੇ ਵੀ ਹਿੱਸਾ ਲਿਆ।ਅੱਜ ਥਬ ਬਲੋ ਕੁੰਗ ਫੂ ਅਕਾਦਮੀ ਮਕਸੂਦਾ ਵਿਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਰਟਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਅਕੈਡਮੀ ਦੇ ਮਾਸਟਰ ਸਿਫੂ ਟੀ. ਕੇ. ਨਾਰਜ਼ਰੀ ਨੇ ਐਥਲੀਟਾਂ ਵੱਲੋਂ ਪਹਿਲਾ ਸਥਾਨ ਹਾਸਲ ਕਰਨ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਬੱਚਿਆਂ ਨੇ ਸਖਤ ਮਿਹਨਤ, ਨਿਯਮਤ ਅਭਿਆਸ ਤੇ ਮਾਨਸਿਕ ਤਾਕਤ ਨਾਲ ਇਹ ਸ਼ਾਨਦਾਰ ਜਿੱਤ ਪ੍ਰਾਪਤੀ ਕੀਤੀ ਹੈ।ਮਾਸਟਰ ਨੇ ਸਾਰੇ ਜੇਤੂਆਂ ਤੇ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਦਿਲੋਂ ਵਧਾਈ ਦਿੰਦਿਆਂ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## 4 ਗ੍ਰਾਮ ਹੈਰੋਇਨ ਸਣੇ 2 ਗ੍ਰਿਫ਼ਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਦੋ ਵੱਖ-ਵੱਖ ਥਾਵਾਂ ਤੋਂ 4 ਗ੍ਰਾਮ ਹੈਰੋਇਨ ਸਣੇ 2 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਗਸ਼ਤ ਦੌਰਾਨ ਸ਼ੱਕੀ ਪੁਰਸ਼ਾਂ ਤੇ ਵਹੀਕਲਾਂ ਦੀ ਚੈਕਿੰਗ ਦੌਰਾਨ ਲਿੰਕ ਰੋਡ ਥਰਿਆ ਕਲਾਨ ਨੇੜੇ ਪਿੰਡ ਚੱਕ ਸੁਖੇਰਾ ਬੋਦਲਾ ਤੋਂ ਇਕ ਔਰਤ ਆਉਂਦੀ ਦਿਖਾਈ ਦਿੱਤੀ, ਜੋ ਪੁਲਸ ਨੂੰ ਵੇਖ ਕੇ ਖਿਸਕਣ ਲੱਗੀ ਤਾਂ ਸਾਥੀ ਕਰਮਚਾਰੀਆਂ ਦੀ ਮਦਦ ਨਾਲ ਕਾਬੂ ਕੀਤਾ ਗਿਆ ਤੇ ਉਸ ਦੀ ਚੈਕਿੰਗ ਕਰਨ 'ਤੇ ਉਸ ਪਾਸੋਂ 2 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਕਾਬੂ ਕੀਤੀ ਔਰਤ ਦੀ ਪਹਿਚਾਣ ਕੌਸ਼ਲਾ ਰਾਣੀ ਪਤਨੀ ਸੁਰਜੀਤ ਸਿੰਘ ਵਾਸੀ ਸੁਖੇਰਾ ਬੋਦਲਾ ਵਜੋਂ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਉਧਰ, ਇਕ ਹੋਰ ਮੁਕੱਦਮੇ ਦੇ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਦੌਰਾਨ ਪਿੰਡ ਮੰਡੇਵਾਲਾ ਕੋਲ ਪੁੱਜੇ ਤਾਂ ਇਕ ਵਿਅਕਤੀ ਨੂੰ ਕਾਬੂ ਕਰਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 2 ਗ੍ਰਾਮ ਹੈਰੋਇਨ ਬਰਾਮਦ ਹੋਈ। ਇਸ ਵਿਅਕਤੀ ਦੀ ਪਹਿਚਾਣ ਮਹਿੰਦਰ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਮੋਹਰ ਸਿੰਘ ਵਾਲਾ ਉਰਫ ਧਰਮੂਵਾਲਾ ਵਜੋਂ ਹੋਈ ਹੈ। ਥਾਣਾ ਸਦਰ ਜਲਾਲਾਬਾਦ ਵਿਖੇ ਮੁਕੱਦਮਾ ਦਰਜ ਕਰਕੇ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਮਾਡਰਨ ਨਾਭਾ ਪਬਲਿਕ ਸਕੂਲ ਦਾ ਸਾਲਾਨਾ ਸਮਾਗਮ ਯਾਦਗਾਰੀ ਹੋ ਨਿੱਬੜਿਆ

ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



**ਨਾਭਾ (ਵਰਿੰਦਰ ਵਰਮਾ)**-ਮਾਡਰਨ ਨਾਭਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨਾਭਾ ਦਾ 36ਵਾਂ ਸਾਲਾਨਾ ਸਮਾਗਮ ਬੜੇ ਸ਼ਾਨਦਾਰ ਢੰਗ ਨਾਲ ਮਨਾਇਆ ਗਿਆ।ਇਸ ਸਮਾਗਮ ਦੇ ਮੁੱਖ ਮਹਿਮਾਨ ਦੇ ਤੌਰ 'ਤੇ ਡਾਕਟਰ ਰਾਜਾ ਪਰਮਜੀਤ ਸਿੰਘ ਬੈਨੀਪਾਲ (ਹੈੱਡ ਆਫ ਓਨਕੋਲੋਜੀ ਡਿਪਾਰਟਮੈਂਟ ਰਜਿੰਦਰ ਹਸਪਤਾਲ ਪਟਿਆਲਾ) ਨੇ ਸ਼ਿਰਕਤ ਕੀਤੀ।ਸਕੂਲ ਦੇ ਨਿਰਦੇਸ਼ਕ ਸ. ਸੁਚੇਤ ਸਿੰਘ ਬੇਦੀ, ਉਪ ਨਿਰਦੇਸ਼ਕਾ ਸ੍ਰੀਮਤੀ ਸਤਿੰਦਰ ਕੌਰ ਬੇਦੀ ਤੇ ਸਕੂਲ ਦੀ ਮੁੱਖ ਅਧਿਆਪਕਾ ਸ੍ਰੀਮਤੀ ਸ਼ੀਰੂ ਬੇਦੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ।ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਤੋਂ ਹੋਈ ਉਸ ਤੋਂ ਬਾਅਦ ਵੱਖ-ਵੱਖ ਪੇਸ਼ਕਾਰੀਆਂ ਨੇ ਸਮਾਂ ਬੰਨ੍ਹ ਕੇ ਰੱਖਿਆ।ਇਸ ਮੌਕੇ ਫਿਲਮ ਇੰਡਸਟਰੀ ਦੇ ਸ਼ੋਅ ਮੈਨ ਰਾਜ ਕਪੂਰ ਨੂੰ ਸਮਰਪਤ ਛੋਟਿਆਂ ਬੱਚਿਆਂ ਦੀ ਕੋਰੀਓਗ੍ਰਾਫੀ ਮਨ ਨੂੰ ਮੋਹ ਲੈਣ ਵਾਲੀ ਸੀ।ਵਿਦਿਆਰਥੀਆਂ ਦੁਆਰਾ ਪੇਸ਼ ਕੀਤੇ ਲੋਕ ਗੀਤਾਂ ਨੂੰ ਦਰਸ਼ਕਾਂ ਨੇ ਭਰਪੂਰ ਸਰਾਹਿਆ।ਛੋਟੀਆਂ ਬੱਚੀਆਂ ਦੁਆਰਾ ਗਾਇਆ ਹਰਿਆਣਵੀ ਲੋਕ ਗੀਤ ਵੀ ਇੱਕ ਵੱਖਰੀ ਛਾਪ ਛੱਡ ਗਿਆ।ਪੰਜਾਬੀ ਸਕਿੱਟ ਗਦਰ ਥਾਣਾ ਨੇ ਸਰੋਤਿਆਂ ਦੇ ਢਿੱਡੀ ਪੀੜਾਂ ਪਾ ਦਿੱਤੀਆਂ।ਸਕੂਲ ਦੇ ਵਿਦਿਆਰਥੀਆਂ ਵੱਲੋਂ ਕੀਤੀ ਗਿੱਧੇ ਤੇ ਭੰਗੜੇ ਦੀ ਪੇਸ਼ਕਾਰੀ ਸਰੋਤਿਆਂ ਨੂੰ ਨੱਚਣ ਲਈ ਮਜਬੂਰ ਕਰ ਗਈ। ਕਾਮਰਸ, ਸਾਇੰਸ ਤੇ ਆਰਟ ਦੀਆਂ ਪ੍ਰਦਰਸ਼ਨੀਆਂ ਵੀ ਖਿੱਚ ਦਾ ਕੇਂਦਰ ਰਹੀਆਂ।ਬਾਹਰੋਂ ਆਏ ਮਹਿਮਾਨਾਂ ਨੇ ਬੱਚਿਆਂ ਦੀ ਸਿਰਜਣਾਸ਼ੀਲਤਾ ਦੀ ਖੂਬ ਤਾਰੀਫ਼ ਕੀਤੀ।ਸਮਾਗਮ ਦੌਰਾਨ ਸਕੂਲ ਦੀ ਮੁੱਖ ਅਧਿਆਪਕਾ ਸ਼ੀਰੂ ਬੇਦੀ ਨੇ ਸਕੂਲ ਦੀਆਂ ਸਾਲ ਭਰ ਦੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਪੜ੍ਹਿਆ।ਇਸ ਮੌਕੇ ਵੱਖ-ਵੱਖ ਮੁਕਾਬਲਿਆਂ ਵਿੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ।ਸੀਨੀਅਰ ਬੈਸਟ ਟੀਚਰ ਦਾ ਐਵਾਰਡ ਸਿੰਮੀ ਚੋਪੜਾ ਤੇ ਜੂਨੀਅਰ ਬੈਸਟ ਟੀਚਰ ਐਵਾਰਡ ਸਿਲਵੀ ਨੂੰ ਮਿਲਿਆ।ਵਿੱਦਿਅਕ ਤੇ ਸਾਹਿਤਕ ਕਿਰਿਆਵਾਂ ਵਿੱਚ ਆਪਣਾ ਵਧੀਆ ਪ੍ਰਦਰਸ਼ਨ ਕਰਨ ਬਦਲੇ ਲੋਟਸ ਹਾਊਸ ਨੂੰ ਸਨਮਾਨਤ ਕੀਤਾ ਗਿਆ।ਮੁੱਖ ਮਹਿਮਾਨ ਡਾਕਟਰ ਰਾਜਾ ਪਰਮਜੀਤ ਸਿੰਘ ਬੈਨੀਪਾਲ ਨੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਵੱਖ ਵੱਖ ਪੇਸ਼ਕਾਰੀਆਂ ਦੀ ਭਰਪੂਰ ਸਰਾਹਨਾ ਕੀਤੀ ਅਤੇ ਸਕੂਲ ਦੇ ਪ੍ਰਬੰਧਕਾਂ ਤੇ ਅਧਿਆਪਕਾਂ ਨੂੰ ਅਜਿਹਾ ਸ਼ਾਨਦਾਰ ਸਮਾਗਮ ਕਰਾਉਣ ਲਈ ਵਧਾਈ ਦਿੱਤੀ।ਸਕੂਲ ਦੇ ਨਿਰਦੇਸ਼ਕ ਸਰਦਾਰ ਸੁਚੇਤ ਸਿੰਘ ਬੇਦੀ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਅੰਤ ਵਿੱਚ ਇਹ ਸਮਾਗਮ ਦਿਲਾਂ ਵਿੱਚ ਨਿੱਘੀਆਂ ਯਾਦਾਂ ਛੱਡਦਾ ਸਮਾਪਤ ਹੋ ਗਿਆ।

## ਅੱਜ-ਨਾਮਾ

ਜਿਨ੍ਹਾਂ ਲੋਕਾਂ ਕੋਲ ਪੈਸੇ ਦੀ ਕਮੀ ਕੋਈ ਨਾ,
ਬਹੁਤ ਉਨ੍ਹਾਂ ਦੀ ਮਾਇਆ ਦੀ ਭੁੱਖ ਮੀਆਂ।
ਸਿੱਧੇ ਢੰਗ ਨਾਲ ਕਰਨ ਤਾਂ ਘੱਟ ਕੋਈ ਨਾ,
ਏਹੋ ਜਿਹੇ ਉਨ੍ਹਾਂ ਕੋਲ ਤੀਰ ਧਨੁੱਖ ਮੀਆਂ।
ਫਿਰ ਵੀ ਏਦਾਂ ਦੀ ਭੁੱਖ ਜਿਹੀ ਚੜ੍ਹੀ ਜਾਵੇ,
ਰੱਖਿਆ ਪੈਸਾ ਹੀ ਜਿੱਦਾਂ ਬੱਸ ਮੁੱਖ ਮੀਆਂ।
ਇਹੋ ਜਿਹੇ ਝੁੱਝੜਾਂ ਬਾਰੇ ਹੀ ਲੋਕ ਆਖਣ,
ਚੱਟਿਆ ਇਨ੍ਹਾਂ ਦਾ ਬਚੇ ਨਹੀਂ ਰੁੱਖ ਮੀਆਂ।
ਜਦ ਫਿਰ ਵਿੱਚ ਕੁੜਿੱਕੀ ਦੇ ਆਣ ਫਸਦੇ,
ਜ਼ਾਹਰ ਸੱਥਾਂ ਵਿੱਚ ਹੁੰਦੀ ਆ ਨੀਤ ਮੀਆਂ।
ਚੱਕਰੀ ਚੱਲਦੀ ਕਾਨੂੰਨੀ ਫਿਰ ਇੱਕ ਪਾਸੇ,
ਹੁੰਦੀ ਫਿਰ ਮਿੱਟੀ ਹੈ ਨਾਲ ਪਲੀਤ ਮੀਆਂ।

-ਤੀਸ ਮਾਰ ਖਾਂ

## ਬਾਬਾ ਫਰੀਦ ਲਾਅ ਕਾਲਜ ਵਿਖੇ ਇੰਟਰ-ਕਲਾਸ ਮੂਟ ਕੋਰਟ ਕੰਪੀਟੀਸ਼ਨ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਮਾਨਯੋਗ ਚੇਅਰਮੈਨ ਸਵ. ਸ੍ਰ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਬਾਬਾ ਫਰੀਦ ਲਾਅ ਕਾਲਜ ਵਿੱਚ ਇੰਟਰ ਕਲਾਸ ਮੂਟ ਕੋਰਟ ਕੰਪੀਟੀਸ਼ਨ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਦੀਆਂ 8 ਟੀਮਾਂ ਨੇ ਭਾਗ ਲਿਆ।ਇਸ ਮੌਕੇ ਐਡਵੋਕੇਟ ਗੁਰਜਗਪਾਲ ਸਿੰਘ ਪ੍ਰੈਜ਼ੀਡੈਂਟ ਜ਼ਿਲ੍ਹਾ ਬਾਰ ਐਸੋਸੀਏਸ਼ਨ ਫਰੀਦਕੋਟ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਪ੍ਰੋਗਰਾਮ ਦੀ ਸ਼ੁਰੂਆਤ ਮਿਸ ਮਨਪ੍ਰੀਤ ਕੌਰ (ਅਸਿਸਟੈਂਟ ਪ੍ਰੋਫੈਸਰ) ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਕੀਤੀ।ਇਸ ਦੌਰਾਨ ਸੈਮੀਫਾਇਨਲ ਰਾਉਂਡ ਵਿੱਚ ਇੱਕ ਪਾਸੇ ਡਾ. ਨਵਜੋਤ ਕੌਰ (ਅਸਿਸਟੈਂਟ ਪ੍ਰੋਫੈਸਰ), ਮਨਿੰਦਰ ਸਿੰਘ (ਅਸਿਸਟੈਂਟ ਪ੍ਰੋਫੈਸਰ) ਤੇ ਦੂਜੇ ਪਾਸੇ ਡਾ. ਮਨੀਸ਼ ਕੁਮਾਰ ਖੁੰਗਰ (ਅਸਿਸਟੈਂਟ ਪ੍ਰੋਫੈਸਰ), ਅਮਿਤ ਛਾਬੜਾ (ਅਸਿਸਟੈਂਟ ਪ੍ਰੋਫੈਸਰ) ਨੇ ਬਤੌਰ ਜੱਜ ਸਾਹਿਬਾਨ ਭੂਮਿਕਾ ਨਿਭਾਈ। ਸੈਮੀਫਾਇਨਲ ਵਿੱਚੋਂ ਕੁਆਲੀਫਾਈ ਦੋ ਟੀਮਾਂ ਦਾ ਫਾਇਨਲ ਮੁਕਾਬਲਾ ਹੋਇਆ, ਜਿਸ ਵਿੱਚ ਮੁੱਖ ਮਹਿਮਾਨ ਐਡਵੋਕੇਟ ਗੁਰਜਗਪਾਲ ਸਿੰਘ ਨੇ ਜੱਜ ਸਾਹਿਬਾਨ ਦੀ ਭੂਮਿਕਾ ਨਿਭਾਈ।ਇਸ ਮੁਕਾਬਲੇ ਵਿੱਚ ਰਾਬੀਆ ਮਿੱਤਲ, ਕੇਸ਼ਵ, ਹਰਸ਼ਿਤ ਸ਼ਰਮਾ ਦੀ ਟੀਮ ਜੇਤੂ ਤੇ ਮੁਸਕਾਨ ਸ਼ਰਮਾ, ਗੌਤਮ ਖੁੰਗਰ, ਤਿਸ਼ਾ ਅਰੋੜਾ ਦੀ ਟੀਮ ਰਨਰ-ਅੱਪ ਰਹੀ।ਇਸ ਉਪਰੰਤ ਜੇਤੂ ਵਿਦਿਆਰਥੀਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਨਾਤ ਕੀਤਾ ਅਤੇ ਪ੍ਰਤੀਯੋਗੀਆਂ ਨੂੰ ਸਰਟੀਫਿਕੇਟ ਦਿੱਤੇ ਗਏ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਆਏ ਹੋਏ ਮੁੱਖ ਮਹਿਮਾਨ ਦਾ ਕਾਲਜ ਵਿਖੇ ਆਉਣ 'ਤੇ ਧੰਨਵਾਦ ਕੀਤਾ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।ਉਨ੍ਹਾਂ ਮਿਸ ਹਰਬੰਸ ਜੱਸੀ (ਮੂਟ ਇੰਚਾਰਜ) ਤੇ ਮਿਸ ਪਰਵਿੰਦਰ ਕੌਰ (ਅਸਿਸਟੈਂਟ ਪ੍ਰੋਫੈਸਰ) ਨੂੰ ਵੀ ਵਧਾਈਆਂ ਦਿੱਤੀਆਂ, ਜਿਨ੍ਹਾਂ ਦੀ ਮਿਹਨਤ ਸਦਕਾ ਇਹ ਪ੍ਰੋਗਰਾਮ ਸਫਲਤਾਪੂਰਵਕ ਨੇਪਰੇ ਚੜ੍ਹਿਆ ਹੈ।ਇਸ ਮੌਕੇ ਡਾ. ਨਵਜੋਤ ਕੌਰ (ਇੰਚਾਰਜ ਅਕੈਡਮਿਕ) ਵੀ ਮੌਜੂਦ ਰਹੇ।

## ਮੇਨ ਬਾਜ਼ਾਰ 'ਚ ਗੋਲੀ ਮਾਰ ਕੇ ਨੌਜਵਾਨ ਦੀ ਹੱਤਿਆ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ, ਗੁਰਬਚਨ ਸਿੰਘ)**-ਬੀਤੀ ਦੇਰ ਸ਼ਾਮ ਸ਼ਹਿਰ ਵਿੱਚ ਇੱਕ ਨੌਜਵਾਨ ਦੀ ਗੋਲੀ ਮਾਰ ਕੇ ਹੱਤਿਆ ਕਰਨ ਵਾਲੇ ਦੋ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਥਾਣਾ ਸਿਟੀ ਫਿਰੋਜ਼ਪੁਰ ਦੀ ਪੁਲਸ ਨੇ ਕਤਲ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦਿਆਂ ਥਾਣਾ ਸਿਟੀ ਫਿਰੋਜ਼ਪੁਰ ਦੇ ਇੰਸਪੈਕਟਰ ਜਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨ ਵਿੱਚ ਸ਼ਿਕਾਇਤਕਰਤਾ ਬਲਦੇਵ ਕ੍ਰਿਸ਼ਨ ਪੁੱਤਰ ਦੀਨਾ ਨਾਥ ਵਾਸੀ ਮੁਹੱਲਾ ਸੋਢੀਆਂ ਵਾਲਾ ਨੇ ਦੱਸਿਆ ਕਿ ਉਸ ਦਾ ਬੇਟਾ ਨਵੀਨ ਕੁਮਾਰ (30 ਸਾਲ) ਜਦੋਂ ਬੀਤੀ 15 ਨਵੰਬਰ ਨੂੰ ਸ਼ਾਮ 7.15 ਵਜੇ ਮੋਟਰਸਾਈਕਲ 'ਤੇ ਆ ਰਿਹਾ ਸੀ ਤਾਂ ਉਸ ਦੇ ਪਿੱਛੇ ਇੱਕ ਹੋਰ ਮੋਟਰਸਾਈਕਲ 'ਤੇ ਦੋ ਨੌਜਵਾਨ ਆ ਰਹੇ ਸਨ, ਜਿਨ੍ਹਾਂ ਦੇ ਹੱਥ ਵਿੱਚ ਪਿਸਤੌਲ ਫੜ੍ਹੀ ਹੋਈ ਸੀ। ਪੀੜਤ ਨੇ ਦੱਸਿਆ ਕਿ ਉਸ ਦੇ ਦੇਖਦੇ-ਦੇਖਦੇ ਹੀ ਮੋਟਰਸਾਈਕਲ 'ਤੇ ਸਵਾਰ ਨੌਜਵਾਨ, ਜਿਸ ਨੇ ਕਾਲੀ ਹੂਡੀ ਪਹਿਨੀ ਹੋਈ ਸੀ, ਨੇ ਉਸ ਦੇ ਬੇਟੇ ਨਵੀਨ ਕੁਮਾਰ ਨੂੰ ਗੋਲੀ ਮਾਰ ਦਿੱਤੀ ਤੇ ਉੱਥੋਂ ਫ਼ਰਾਰ ਹੋ ਗਏ। ਪੀੜਤ ਨੇ ਦੱਸਿਆ ਕਿ ਜਦੋਂ ਉਹ ਆਪਣੇ ਬੇਟੇ ਨੂੰ ਬਾਗੀ ਹਸਪਤਾਲ ਫਿਰੋਜ਼ਪੁਰ ਵਿੱਚ ਲੈ ਕੇ ਗਏ ਤਾਂ ਉੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮਾਮਲੇ ਦੀ ਜਾਂਚ ਕਰ ਰਹੇ ਜਤਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਉਕਤ ਮਾਮਲੇ ਵਿੱਚ ਅਣਪਛਾਤੇ ਲੋਕਾਂ 'ਤੇ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਤੇ ਉਨ੍ਹਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## ਯੂਥ ਵਿਰਾਂਗਨਾਏ ਇਕਾਈ ਨੇ ਮੁਫ਼ਤ ਸਿਲਾਈ ਸੈਂਟਰ ਖੋਲ੍ਹਿਆ



**ਪਟਿਆਲਾ (ਰਾਜਿੰਦਰ ਥਿੰਦ)**-ਯੂਥ ਵਿਰਾਂਗਨਾਏ ਇਕਾਈ ਪਟਿਆਲਾ ਵੱਲੋਂ ਪਾਠਕ ਕਲੋਨੀ ਪਟਿਆਲਾ ਵਿਖੇ ਮੁਫ਼ਤ ਸਿਲਾਈ ਸੈਂਟਰ ਖੋਲ੍ਹਿਆ ਗਿਆ।ਇਸ ਸੈਂਟਰ ਵਿੱਚ ਲੜਕੀਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਸਿਲਾਈ ਕਢਾਈ 'ਚ ਨਿਪੁੰਨ ਬਣਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਯੂਥ ਵਿਰਾਂਗਨਾਏ ਦੀਆਂ ਮੈਂਬਰਾਂ ਸਪਨਾ ਬਿੰਦਰਾ ਨੇ ਦੱਸਿਆ ਕਿ ਇਹ ਸਿਲਾਈ ਸੈਂਟਰ ਚਰਨਜੀਤ ਕੌਰ ਦੇ ਘਰ ਖੋਲ੍ਹਿਆ ਗਿਆ ਹੈ ਅਤੇ ਇੱਥੇ ਲੜਕੀਆਂ ਨੂੰ ਕੱਪੜਿਆਂ ਆਦਿ ਦੀ ਸਿਲਾਈ ਸਬੰਧੀ ਸਿੱਖਿਆ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਲੜਕੀਆਂ ਵੱਲੋਂ ਕੱਪੜਿਆਂ ਦੀ ਸਿਲਾਈ ਵਿੱਚ ਮੁਹਾਰਤ ਹਾਸਲ ਕਰਕੇ ਆਪਣੀ ਰੋਜ਼ੀ ਰੋਟੀ ਦੇ ਕਾਬਲ ਬਣ ਸਕਣਗੀਆਂ।ਉਨ੍ਹਾਂ ਦੱਸਿਆ ਕਿ ਯੂਥ ਵਿਰਾਂਗਨਾਏ ਵੱਲੋਂ ਪਹਿਲਾਂ ਵੀ ਪਟਿਆਲਾ ਅੰਦਰ ਮੁਫ਼ਤ ਸਿਲਾਈ ਸੈਂਟਰ ਖੋਲ੍ਹੇ ਜਾ ਚੁੱਕੇ ਹਨ, ਜਿੱਥੇ ਕਿ ਅਨੇਕਾਂ ਲੜਕੀਆਂ ਸਿਲਾਈ ਕਢਾਈ ਦੀ ਮੁਹਾਰਤ ਹਾਸਲ ਕਰਕੇ ਆਪਣਾ ਕੰਮ ਕਾਰ ਕਰ ਰਹੀਆਂ ਹਨ। ਇਸ ਮੌਕੇ ਸਪਨਾ ਬਿੰਦਰਾ ਤੋਂ ਇਲਾਵਾ ਅਮਨ ਕੌਰ, ਸੰਤ ਕੌਰ, ਕੋਮਲ, ਆਰਜੂ, ਕੈਂਰਵੀ, ਮਮਤਾ, ਅਨੀਤਾ, ਸਿਮਰਨ ਕੌਰ ਆਦਿ ਯੂਥ ਵਿਰਾਂਗਨਾਏ ਦੀਆਂ ਮੈਂਬਰਾਂ ਹਾਜ਼ਰ ਸਨ।

## 'ਆਪ' ਦੀ ਜਿੱਤ ਸਰਕਾਰ ਦੇ ਕੰਮਾਂ 'ਤੇ ਮੋਹਰ : ਚੇਅਰਮੈਨ ਬਰਾੜ

### ਤਰਨ ਤਾਰਨ ਜਿੱਤ ਦੀ ਖੁਸ਼ੀ 'ਚ ਆਪ ਵਰਕਰਾਂ ਨੇ ਮਠਿਆਈ ਵੰਡੀ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਵੱਲੋਂ ਤਰਨਤਾਰਨ ਜ਼ਿਮਨੀ ਚੋਣ ਵਿੱਚ ਹਾਸਲ ਕੀਤੀ ਗਈ ਰਿਕਾਰਡ ਜਿੱਤ ਨੂੰ ਲੈ ਕੇ ਵਰਕਰਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ।ਜਿੱਤ ਦੀ ਖਬਰ ਮਿਲਦਿਆਂ ਹੀ ਵੱਡੀ ਗਿਣਤੀ 'ਚ 'ਆਪ' ਵਰਕਰਾਂ ਨੇ ਮਾਰਕੀਟ ਕਮੇਟੀ ਦਫਤਰ ਵਿਖੇ ਇਕੱਤਰ ਹੋ ਕੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਦੀ ਅਗਵਾਈ ਵਿੱਚ ਮਠਿਆਈ ਵੰਡੀ ਗਈ।ਇਸ ਦੌਰਾਨ 'ਆਪ' ਵਰਕਰਾਂ ਨੇ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੂੰ ਮੁਬਾਰਕਬਾਦ ਦਿੰਦਿਆਂ ਮੂੰਹ ਮਿੱਠਾ ਚੇਅਰਮੈਨ ਮਹਿੰਗਾ ਸਿੰਘ ਬਰਾੜ ਨੇ ਮਠਿਆਈ ਵੰਡਣ ਉਪਰੰਤ ਕਿਹਾ ਕਿ ਤਰਨਤਰਨ ਹਲਕੇ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪਿਛਲੇ ਸਾਢੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਕੀਤੇ ਗਏ ਵਿਕਾਸ ਕੰਮਾਂ ਉੱਤੇ ਮੋਹਰ ਲਾਈ ਹੈ।ਉਨ੍ਹਾਂ ਕਿਹਾ ਕਿ ਅਕਾਲੀ ਦਲ ਤੇ ਕਾਂਗਰਸ ਦੀਆਂ ਪਿਛਲੀਆਂ ਸਰਕਾਰਾਂ ਦੀਆਂ ਗਲਤ ਆਰਥਿਕ ਨੀਤੀਆਂ ਨੇ ਸੂਬੇ ਨੂੰ ਖੋਖਲਾ ਕਰਕੇ ਰੱਖ ਦਿੱਤਾ ਹੈ, ਜਦੋਂ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਜ਼ਿਲ੍ਹਾ ਪ੍ਰਧਾਨ ਬਣਨ 'ਤੇ ਦੁੱਗਲ ਨੂੰ ਵਧਾਈਆਂ



**ਪਟਿਆਲਾ (ਥਿੰਦ)**-ਨਰੇਸ਼ ਕੁਮਾਰ ਦੁੱਗਲ ਨੂੰ ਇਕ ਵਾਰ ਫੇਰ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦਾ ਪ੍ਰਧਾਨ ਬਣਾਉਣ 'ਤੇ ਸਾਂਸਦ ਡਾਕਟਰ ਧਰਮਵੀਰ ਗਾਂਧੀ ਨੇ ਹਾਈਕਮਾਨ ਦਾ ਧੰਨਵਾਦ ਕੀਤਾ ਹੈ। ਇਸ ਮੌਕੇ ਡਾਕਟਰ ਧਰਮਵੀਰ ਗਾਂਧੀ ਨੇ ਕਿਹਾ ਕਿ ਪ੍ਰਧਾਨ ਨਰੇਸ਼ ਕੁਮਾਰ ਦੁੱਗਲ ਇੱਕ ਟਕਸਾਲੀ ਕਾਂਗਰਸੀ ਆਗੂ ਹੈ ਅਤੇ ਪ੍ਰਧਾਨ ਦੁੱਗਲ ਨੇ 2024 ਦੀ ਲੋਕ ਸਭਾ ਚੋਣਾਂ ਵਿੱਚ ਬਹੁਤ ਸੂਝਵਾਨ ਤਰੀਕੇ ਨਾਲ ਪਾਰਟੀ ਲਈ ਕੰਮ ਕੀਤਾ ਅਤੇ ਪਟਿਆਲਾ ਸ਼ਹਿਰੀ ਵਿੱਚ ਸਾਰੇ ਵਰਕਰਾਂ ਨੂੰ ਲਾਮਬੰਦ ਕੀਤਾ ਤੇ ਪਟਿਆਲਾ ਸ਼ਹਿਰੀ ਵਿੱਚ ਵੋਟਾਂ ਦੀ ਗਿਣਤੀ ਵਧਾਈ ਤੇ ਆਉਣ ਵਾਲੀਆਂ 2027 ਦੀ ਚੋਣਾਂ ਵਿੱਚ ਵੀ ਕਾਂਗਰਸ ਲਈ ਸਾਰੇ ਵਰਕਰ ਸਾਹਿਬਾਨਾਂ ਨੂੰ ਨਾਲ ਲਾਮਬੰਦ ਕਰਕੇ ਕੰਮ ਕਰੇਗਾ ਤੇ ਅਸੀਂ ਸਾਰੇ ਮਿਲ ਕੇ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣਾਵਾਂਗੇ। ਮੈਂਬਰ ਪੀ ਪੀ ਸੀ ਸੀ ਹਰਵਿੰਦਰ ਸਿੰਘ ਨਿੱਪੀ ਤੇ ਬਲਾਕ ਪ੍ਰਧਾਨ ਰਾਜੇਸ਼ ਮੰਡੋਰਾ ਨੂੰ ਵੀ ਉਨ੍ਹਾਂ ਦੇ ਕੰਮ ਲਈ ਥਾਪੀ ਦਿੱਤੀ ਤੇ ਕਿਹਾ ਕਿ ਇਹ ਦੋਨੋਂ ਕਾਂਗਰਸ ਪਾਰਟੀ ਦੇ ਅਣਥੱਕ ਸਿਪਾਹੀ ਹਨ।ਇਸ ਮੌਕੇ ਹਰਵਿੰਦਰ ਸਿੰਘ ਨਿੱਪੀ, ਰਾਜੇਸ਼ ਮੰਡੋਰਾ, ਵਿਨੋਦ ਭਟਨਾਗਰ, ਮਹਿੰਦਰ ਸਿੰਘ ਬਡੂੰਗਰ, ਅਸ਼ੋਕ ਸ਼ਰਮਾ ਹਾਜ਼ਰ ਸਨ।

## ਡੀ ਸੀ ਤੇ ਐੱਸ ਐੱਸ ਪੀ ਵੱਲੋਂ ਪਰਾਲੀ ਜਲਾਉਣ ਦੇ ਹਾਟਸਪਾਟ ਇਲਾਕਿਆਂ 'ਚ ਲਗਾਤਾਰ ਦੌਰੇ

ਪਿੰਡਾਂ 'ਚ ਪੁੱਜ ਕੇ ਖੁਦ ਬੁਝਵਾ ਰਹੇ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾਂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੀ ਥਾਂ ਇਸਦੇ ਸੁਚੱਜੇ ਪ੍ਰਬੰਧਨ ਵੱਲ ਉਤਸ਼ਾਹਿਤ ਕਰਨ ਲਈ ਜ਼ਿਲ੍ਹਾ ਪ੍ਰਸ਼ਾਸ਼ਨ ਲਗਾਤਾਰ ਕੰਮ ਕਰ ਰਿਹਾ ਹੈ।ਜ਼ਿਲ੍ਹਾ ਪ੍ਰਸ਼ਾਸਨ ਦੇ ਉੱਚ ਪੱਧਰੀ ਨੁਮਾਇੰਦੇ, ਖੇਤੀਬਾੜੀ ਵਿਭਾਗਾਂ ਸਮੇਤ ਨੋਡਲ ਅਫ਼ਸਰ, ਕਲੱਸਟਰ ਅਫ਼ਸਰਾਂ ਦੀਆਂ ਟੀਮਾਂ ਫੀਲਡ ਵਿੱਚ ਜਾ ਕੇ ਲਗਾਤਾਰ ਇਸ ਖੇਤਰ ਵਿੱਚ ਕਾਰਜ ਕਰ ਰਹੀਆਂ ਹਨ ਤਾਂ ਕਿ ਜ਼ਿਲ੍ਹੇ ਨੂੰ ਜ਼ੀਰੋ ਸਟੱਬਲ ਬਰਨਿੰਗ ਜ਼ਿਲ੍ਹਾ ਬਣਾਇਆ ਜਾ ਸਕੇ।ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤੀਆ ਤੇ ਐੱਸ ਐੱਸ ਪੀ ਮੋਗਾ ਅਜੈ ਗਾਂਧੀ ਪਰਾਲੀ ਜਲਾਉਣ ਦੇ ਹਾਟਸਪਾਟ ਸਥਾਨਾਂ ਦਾ ਲਗਾਤਾਰ ਖੁਦ ਦੌਰਾ ਕਰਕੇ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਜਾਗਰੂਕ ਕਰ ਰਹੇ ਹਨ।ਇਸ ਦੀ ਲੜੀ ਤਹਿਤ ਡਿਪਟੀ ਕਮਿਸ਼ਨਰ ਤੇ ਐੱਸ ਐੱਸ ਪੀ ਨੇ ਨੱਥੂਵਾਲਾ ਗਰਬੀ, ਹਰੀਏਵਾਲਾ, ਲੰਡੇ, ਵੈਰੋਕੇ, ਮਾੜੀ ਮੁਤਸਫ਼ਾ, ਸੇਖਾ ਕਲਾਂ, ਸਮਾਲਸਰ, ਸੰਗਤਪੁਰਾ, ਸਮਾਧ ਭਾਈ, ਭਲੂਰ, ਘੋਲੀਆ ਕਲਾਂ ਆਦਿ ਹਾਟਸਪਾਟ ਪਿੰਡਾਂ ਦੇ ਖੇਤਾਂ ਵਿੱਚ ਖੁਦ ਦੌਰੇ ਕਰਕੇ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਤੇ ਪਰਾਲੀ ਨੂੰ ਲਗਾਈਆਂ ਜਾ ਰਹੀਆਂ ਅੱਗਾਂ ਨੂੰ ਰੋਕਿਆ।ਇਸ ਮੌਕੇ ਉਨ੍ਹਾਂ ਨਾਲ ਐੱਸ ਡੀ ਐੱਮ ਬਾਘਾ ਪੁਰਾਣਾ ਸ੍ਰ. ਬੇਅੰਤ ਸਿੰਘ ਸਿੱਧੂ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਵੱਲ ਮੋੜਨ ਲਈ ਜ਼ਿਲ੍ਹਾ ਪ੍ਰਸ਼ਾਸਨ ਪੁਰਜ਼ੋਰ ਕੋਸ਼ਿਸ਼ ਕਰ ਰਿਹਾ ਹੈ।ਵਾਤਾਵਰਨ ਪੱਖੀ ਖੇਤੀਬਾੜੀ ਮਸ਼ੀਨਰੀ ਦੀ ਕਿਸਾਨਾਂ ਤੱਕ ਆਸਾਨੀ ਨਾਲ ਪਹੁੰਚ ਨੂੰ ਯਕੀਨੀ ਬਣਾਇਆ ਜਾ ਰਿਹਾ ਹੈ ਤਾਂ ਕਿ ਸੰਦਾਂ ਦੀ ਘਾਟ ਕਾਰਨ ਕੋਈ ਵੀ ਕਿਸਾਨ ਪਰਾਲੀ ਨਾ ਜਲਾਏ।ਉਨ੍ਹਾਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜਿੱਥੇ ਵਾਤਾਵਰਣ ਵਿੱਚ ਬੁਰੀ ਤਰ੍ਹਾਂ ਪ੍ਰਦੂਸ਼ਣ ਫੈਲਦਾ ਹੈ, ਉਥੇ ਧੂੰਏ ਕਾਰਣ ਸੜਕਾਂ 'ਤੇ ਕਈਂ ਹਾਦਸੇ ਵਾਪਰ ਜਾਂਦੇ ਹਨ ਤੇ ਕਈ ਭਿਆਨਕ ਬਿਮਾਰੀਆਂ ਵੀ ਫੈਲਦੀਆਂ ਹਨ।ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਜ਼ਮੀਨ ਦਾ ਉਪਯੋਗੀ ਜੀਵਕ ਮਾਦਾ (ਮੱਲੜ), ਜੋ ਕਿ ਜ਼ਮੀਨ ਲਈ ਬਹੁਤ ਲਾਭਦਾਇਕ ਹੈ, ਵੀ ਨਸ਼ਟ ਹੋ ਜਾਂਦਾ ਹੈ।ਉਨ੍ਹਾਂ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਨੂੰ ਆਪਣੇ ਖੇਤਾਂ ਵਿੱਚ ਹੀ ਵਾਹ ਕੇ ਇਸ ਦੀਆਂ ਗੱਠਾਂ ਬਣਵਾ ਕੇ ਇਸ ਦੀ ਸੁਚੱਜੀ ਸਾਂਭ-ਸੰਭਾਲ ਕੀਤੀ ਜਾਵੇ ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਿਸਾਨ ਆਪਣਾ ਬਹੁਮੁੱਲਾ ਯੋਗਦਾਨ ਪਾ ਸਕਣ।ਐਸ ਐਸ ਪੀ ਅਜੈ ਗਾਂਧੀ ਨੇ ਦੱਸਿਆ ਕਿ ਪੁਲਿਸ ਪ੍ਰਸ਼ਾਸ਼ਨ ਸਿਵਲ ਪ੍ਰਸ਼ਾਸ਼ਨ ਨਾਲ ਮਿਲ ਕੇ ਪਰਾਲੀ ਨੂੰ ਅੱਗ ਲੱਗਣ ਦੀਆਂ ਘਟਨਾਵਾਂ 'ਤੇ ਠੱਲ੍ਹ ਪਾਉਣ ਲਈ ਦਿਨ ਰਾਤ ਕੰਮ ਕਰ ਰਿਹਾ ਹੈ।ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਪਰੀਤ ਸਿੰਘ ਤੇ ਖ਼ੇਤੀਬਾੜੀ ਅਫਸਰ ਸੁਖਰਜ ਕੌਰ ਨੇ ਪਰਾਲੀ ਪ੍ਰਬੰਧਨ ਲਈ ਖੇਤੀ ਮਸ਼ੀਨਰੀ ਤੇ ਸਰਕਾਰੀ ਸਹਾਇਤਾ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ।

## ...ਸ.ਫ਼ਾ 1 ਦੇ ਬਾਕੀ

### ਸ਼ਹੀਦ ਕਰਤਾਰ ਸਿੰਘ...

ਸਿੰਘ (ਗਿੱਲਵਾਲੀ, ਅੰਮ੍ਰਿਤਸਰ), ਬਖਸ਼ੀਸ਼ ਸਿੰਘ (ਗਿੱਲ ਵਾਲੀ, ਅੰਮ੍ਰਿਤਸਰ) ਹੋਰਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਗੰਭੀਰ ਵਿਚਾਰਾਂ ਕਰਦਿਆਂ ਜ਼ੋਰ ਦਿੱਤਾ ਗਿਆ ਕਿ ਉਹਨਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਸਾਮਰਾਜ ਅਤੇ ਉਸ ਦੇ ਭਾਰਤੀ ਸੇਵਾਦਾਰਾਂ ਖ਼ਿਲਾਫ਼ ਬੇਕਿਰਕ ਘੋਲ਼ ਜਾਰੀ ਰੱਖਣ ਦੀ ਲੋੜ ਹੈ।

ਮੀਟਿੰਗ 'ਚ ਸਾਂਝਾ ਵਿਚਾਰ ਬਣਿਆ ਕਿ ਅੱਜ ਦੇ ਸਮੇਂ ਸ਼ਹੀਦਾਂ ਦੇ ਵਿਚਾਰਾਂ ਨੂੰ ਲਾਗੂ ਕਰਨਾ ਹੀ ਹਕੀਕੀ ਤੌਰ 'ਤੇ ਸ਼ਹੀਦਾਂ ਨੂੰ ਯਾਦ ਕਰਨਾ ਹੈ, ਉਹਨਾਂ ਦੀ ਕੁਰਬਾਨੀ ਅਤੇ ਕਿਰਤੀ ਲੋਕਾਂ ਦੀ ਮੁਕਤੀ ਦੇ ਵਿਚਾਰਾਂ ਨੂੰ ਅਪਣਾਉਂਦੇ ਹੋਏ ਲੋਕ-ਪੱਖੀ ਨਿਜ਼ਾਮ ਦੀ ਸਿਰਜਣਾ ਲਈ ਮਹਾਨ ਗ਼ਦਰੀ ਵਿਰਾਸਤ ਅਤੇ ਸਾਡੀਆਂ ਸਰਗਰਮੀਆਂ ਦੀ ਸੇਧ ਨਿਰਧਾਰਤ ਕਰਨੀ ਚਾਹੀਦੀ ਹੈ।ਗ਼ਦਰੀ ਬਾਬਿਆਂ ਦੇ 34ਵੇਂ ਮੇਲੇ ਉਪਰ ਉਸਾਰੂ ਸਿਰਜਣਾਤਮਕ ਪੜਚੋਲਵੀਂ ਝਾਤ ਮਾਰਦੇ ਹੋਏ ਇਸ ਭਰਵੀਂ ਮੀਟਿੰਗ ਨੇ ਮੇਲੇ ਨੂੰ ਅੱਗੇ ਤੋਂ ਹੋਰ ਵੀ ਹਰਮਨ ਪਿਆਰਾ ਬਣਾਉਣ ਲਈ ਵਿਸ਼ਾਲ ਲੋਕਾਈ ਦਾ ਸਹਿਯੋਗ ਲੈਣ ਉਪਰ ਜ਼ੋਰ ਦਿੱਤਾ।ਇਹ ਵੀ ਨਿੱਗਰ ਸੁਝਾਅ ਆਏ ਕਿ ਮੇਲੇ ਵਿੱਚ ਆਏ ਲੋਕਾਂ ਲਈ ਘੱਟੋ ਘੱਟ ਲੋੜੀਂਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਵੱਧ ਤੋਂ ਵੱਧ ਯਤਨ ਜੁਟਾਉਣੇ ਚਾਹੀਦੇ ਹਨ। ਦੇਸ਼-ਵਿਦੇਸ਼ ਤੋਂ ਪਰਵਾਰਾਂ ਦੇ ਪਰਵਾਰ ਮੇਲੇ ਵਿਚ ਆਉਣ ਤੇ ਬੇਹੱਦ ਖੁਸ਼ੀ ਅਤੇ ਮਾਣ ਦਾ ਇਜ਼ਹਾਰ ਕਰਦਿਆਂ ਸਮੂਹ ਹਾਜ਼ਰੀਨ ਨੇ ਸਭ ਦਾ ਹਾਰਦਿਕ ਧੰਨਵਾਦ ਕੀਤਾ।ਮੇਲੇ ਵਿਚ ਸੋਵੀਨਾਰ ਲੋਕ ਅਰਪਣ ਕਰਨ ਮੌਕੇ ਦੇਸ਼ ਭਗਤਾਂ ਦੇ ਪਿੰਡਾਂ ਤੋਂ ਆਈਆਂ ਕਮੇਟੀਆਂ ਅਤੇ ਲੋਕਾਂ ਦਾ ਅਨੰਤ ਧੰਨਵਾਦ ਕਰਦਿਆਂ ਵਿਸ਼ੇਸ਼ ਇਕੱਤਰਤਾ ਨੇ ਉਮੀਦ ਜਿਤਾਈ ਕਿ ਅੱਗੇ ਤੋਂ ਇਸ ਪਾਸੇ ਵਿਸ਼ੇਸ਼ ਧਿਆਨ ਦਿੱਤਾ ਜਾਏਗਾ।ਪੰਜਾਬ ਦੀਆਂ ਸਮੂਹ ਜਨਤਕ ਜਮਹੂਰੀ ਜੱਥੇਬੰਦੀਆਂ ਦਾ ਮੇਲੇ ਵਿੱਚ ਸ਼ਾਮਲ ਹੋਣ ਅਤੇ ਹਰ ਤਰ੍ਹਾਂ ਦੀ ਮਦਦ ਕਰਨ ਲਈ ਵੀ ਧੰਨਵਾਦ ਕੀਤਾ ਗਿਆ।

ਮੇਲੇ ਦੇ ਦਿਨਾਂ ਵਿੱਚ ਹੀ ਪੰਜਾਬ ਦੀਆਂ ਯੂਨੀਵਰਸਿਟੀਆਂ ਅੰਦਰ ਯੂਥ ਫੈਸਟੀਵਲ ਹੋਣ ਦੇ ਬਾਵਜੂਦ ਜੁਆਨੀ ਦੇ ਮੇਲੇ ਵਿਚ ਵੱਡੀ ਗਿਣਤੀ ਵਿਚ ਆਉਣ ਨੂੰ ਉਤਸ਼ਾਹਜਨਕ ਵਰਤਾਰੇ ਵਜੋਂ ਨੋਟ ਕੀਤਾ ਗਿਆ।ਛਤੀਸਗੜ੍ਹ, ਨਵੀਂ ਦਿੱਲੀ, ਜੰਮੂ, ਹਰਿਆਣਾ ਅਤੇ ਉਤਰਾਖੰਡ ਆਦਿ ਥਾਵਾਂ ਤੋਂ ਨਾਟਕ ਅਤੇ ਗੀਤ-ਸੰਗੀਤ ਮੰਡਲੀਆਂ ਦਾ ਮੇਲੇ ਵਿਚ ਆਉਣਾ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕਰਨ ਨੂੰ ਇਸ ਵਾਰ ਮੇਲੇ ਦੀ ਵਿਸ਼ੇਸ਼ ਉਪਲੱਬਧੀ ਵਜੋਂ ਨੋਟ ਕੀਤਾ ਗਿਆ ਅਤੇ ਉਹਨਾਂ ਸਭਨਾਂ ਨੂੰ ਧੰਨਵਾਦ ਪੱਤਰ ਭੇਜਣ ਬਾਰੇ ਵੀ ਸੁਝਾਅ ਆਏ।ਮੇਲੇ ਦੀਆਂ ਪ੍ਰਬੰਧਕੀ ਊਣਤਾਈਆਂ ਉਪਰ ਵੀ ਬੇਕਿਰਕੀ ਨਾਲ਼ ਚਰਚਾ ਹੋਈ ਅਤੇ ਅੱਗੇ ਤੋਂ ਪ੍ਰਾਪਤੀਆਂ ਨੂੰ ਪੱਲੇ ਬੰਨ੍ਹਣ ਅਤੇ ਊਣਤਾਈਆਂ ਤੋਂ ਸਬਕ ਲੈਣ ਬਾਰੇ ਵਿਚਾਰਾਂ ਹੋਈਆਂ। ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈੱਸ ਨਾਲ਼ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਲੋਕਾਂ ਵਿਚ ਆਪਣੇ ਸ਼ਾਨਾਮੱਤੇ ਇਤਿਹਾਸ ਅਤੇ ਵਿਰਸੇ ਦੀ ਜੋਤ ਜਗਦੀ ਰੱਖ ਰਿਹਾ ਮੇਲਾ ਹਰ ਸਾਲ ਨਵੀਆਂ ਪੁਲਾਂਘਾਂ ਪੁੱਟ ਰਿਹਾ ਹੈ।

ਮੀਟਿੰਗ ਚ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਿਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਤੋਂ ਇਲਾਵਾ ਵੱਖ-ਵੱਖ ਕਮੇਟੀਆਂ ਦੇ ਕਨਵੀਨਰ ਅਤੇ ਕਮੇਟੀ ਮੈਂਬਰ ਤੋਂ ਇਲਾਵਾ ਵੱਡੀ ਗਿਣਤੀ ਚ ਸੱਭਿਆਚਾਰਕ ਵਿੰਗ ਨਾਲ ਜੁੜੇ ਕਾਮੇ ਹਾਜ਼ਰ ਸਨ।

### ਸੁਖਬੀਰ ਦੇ ਗੈਂਗਸਟਰ...

ਹੋਏ ਸਰਪੰਚਾਂ, ਪ੍ਰਭਾਵਸ਼ਾਲੀ ਪਿੰਡ ਵਾਸੀਆਂ ਅਤੇ ਇੱਥੋਂ ਤੱਕ ਕਿ 'ਆਪ' ਉਮੀਦਵਾਰ ਨੂੰ ਵਾਰ-ਵਾਰ ਧਮਕੀਆਂ ਦੇਣ ਵਾਲੇ ਫੋਨ ਕੀਤੇ, ਉਨ੍ਹਾਂ ਨੂੰ ਅਕਾਲੀ ਦਲ ਨੂੰ ਵੋਟ ਪਾਉਣ ਜਾਂ ਗੰਭੀਰ ਨਤੀਜੇ ਭੁਗਤਣ ਦੀ ਚੇਤਾਵਨੀ ਦਿੱਤੀ। ਇਨ੍ਹਾਂ ਧਮਕੀਆਂ ਸੰਬੰਧੀ ਐੱਫ ਆਈ ਆਰ ਪਹਿਲਾਂ ਹੀ ਦਰਜ ਹੈ। ਚਾਲੀ ਤੋਂ ਪੰਜਾਹ ਪਿੰਡਾਂ ਨੂੰ ਦਹਿਸ਼ਤਜ਼ਦਾ ਕੀਤਾ ਗਿਆ। ਸਰਪੰਚਾਂ ਨੂੰ ਧਮਕੀਆਂ ਦਿੱਤੀਆਂ ਗਈਆਂ। ਵੋਟਰਾਂ ਨੂੰ ਡਰਾਇਆ ਗਿਆ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬੀਆਂ, ਖਾਸ ਕਰਕੇ ਸਿੱਖਾਂ ਨੂੰ ਇਸ ਚਿੰਤਾਜਨਕ ਘਟਨਾਕ੍ਰਮ ਦਾ ਗੰਭੀਰਤਾ ਨਾਲ ਧਿਆਨ ਦੇਣਾ ਚਾਹੀਦਾ ਹੈ। ਧਾਲੀਵਾਲ ਨੇ ਕਿਹਾ ਕਿ ਅਕਾਲੀ ਦਲ ਕਦੇ ਪੰਥਕ ਕਦਰਾਂ-ਕੀਮਤਾਂ ਦੀ ਨੁਮਾਇੰਦਗੀ ਕਰਦਾ ਸੀ, ਪਰ ਅੱਜ ਸੁਖਬੀਰ ਨੇ ਇਸ ਨੂੰ ਗੈਂਗਸਟਰ-ਸੰਚਾਲਿਤ ਸੰਗਠਨ ਵਿੱਚ ਬਦਲ ਦਿੱਤਾ ਹੈ।

ਧਾਲੀਵਾਲ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੁਖਬੀਰ ਬਾਦਲ ਦੇ ਗੈਂਗਸਟਰਾਂ ਨਾਲ ਸੰਬੰਧਾਂ, ਗੈਂਗਸਟਰ ਨੈੱਟਵਰਕਾਂ ਦੀ ਰਾਜਨੀਤਕ ਵਰਤੋਂ ਅਤੇ ਤਰਨ ਤਾਰਨ ਚੋਣਾਂ ਦੌਰਾਨ ਕੀਤੀਆਂ ਗਈਆਂ ਧਮਕੀਆਂ ਦੀਆਂ ਕਾਲਾਂ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਗਠਨ ਕਰਨ। ਉਨ੍ਹਾਂ ਕਿਹਾ ਕਿ ਗੈਂਗਸਟਰਾਂ ਨੂੰ ਸਰਪ੍ਰਸਤੀ ਦੇਣ ਵਾਲੇ ਅਤੇ ਨਾਗਰਿਕਾਂ ਨੂੰ ਧਮਕਾਉਣ ਵਾਲੇ ਆਗੂਆਂ ਨੂੰ ਸਖ਼ਤ ਕਾਨੂੰਨੀ ਕਾਰਵਾਈ ਦਾ ਸਾਹਮਣਾ ਕਰਨਾ ਪਵੇਗਾ ਅਤੇ ਉਨ੍ਹਾਂ ਨੂੰ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ।

ਧਾਲੀਵਾਲ ਨੇ ਕਿਹਾ ਕਿ ਡਰ ਦੇ ਮਾਹੌਲ ਦੇ ਬਾਵਜੂਦ, ਤਰਨ ਤਾਰਨ ਦੇ ਲੋਕਾਂ ਨੇ ਸੁਖਬੀਰ ਬਾਦਲ ਦੇ ਦਹਿਸ਼ਤ ਦੇ ਮਾਡਲ ਨੂੰ ਰੱਦ ਕਰ ਦਿੱਤਾ ਅਤੇ 'ਆਪ' ਦੇ ਉਮੀਦਵਾਰ ਨੂੰ 12,000 ਵੋਟਾਂ ਦੇ ਵੱਡੇ ਫਰਕ ਨਾਲ ਚੁਣਿਆ। ਇਹ ਜਿੱਤ ਸਾਬਤ ਕਰਦੀ ਹੈ ਕਿ ਪੰਜਾਬੀ ਡਰ ਅੱਗੇ ਨਹੀਂ ਝੁਕਦੇ।

### ਮਾਨ ਵੱਲੋਂ ਸਰਾਭਾ ਪਿੰਡ...

ਦੀ ਆਜ਼ਾਦੀ ਲਈ ਅਣਥੱਕ ਮਿਹਨਤ ਕੀਤੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੇ ਸ਼ਹੀਦ ਭਗਤ ਸਿੰਘ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਸਹੁੰ ਚੁੱਕ ਕੇ ਸੂਬੇ ਦੀ ਕਮਾਨ ਸੰਭਾਲੀ ਸੀ ਅਤੇ ਉਨ੍ਹਾਂ ਦੀ ਸਰਕਾਰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਪੰਜਾਬੀਆਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ 23 ਤੋਂ 25 ਨਵੰਬਰ ਤੱਕ ਕਰਵਾਏ ਜਾ ਰਹੇ ਸਮਾਗਮਾਂ ਵਿੱਚ ਵਧ-ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ।

ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਜਾ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਵੀ ਭੇਟ ਕੀਤੇ।ਮੁੱਖ ਮੰਤਰੀ ਵੱਲੋਂ ਐਲਾਨੇ ਗਏ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਵਿੱਚ ਪਿੰਡ ਲਲਤੋਂ ਕਲਾਂ ਤੋਂ ਸਰਾਭਾ ਰਾਹੀਂ ਰਾਏਕੋਟ ਅਤੇ ਹਲਵਾਰਾ ਤੱਕ ਮੌਜੂਦਾ ਦੋ-ਮਾਰਗੀ ਤੋਂ ਚਾਰ-ਮਾਰਗੀ ਸੜਕ ਨੂੰ ਚੌੜਾ ਕਰਨ ਲਈ 40 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਸੜਕ ਹਲਵਾਰਾ ਏਅਰਪੋਰਟ ਤੱਕ ਜਾਏਗੀ। ਇਸੇ ਤਰ੍ਹਾਂ 2 ਕਰੋੜ 82 ਲੱਖ ਰੁਪਏ ਦੀ ਲਾਗਤ ਨਾਲ ਸਤਹੀ ਪਾਣੀ ਯੋਜਨਾ, 2 ਕਰੋੜ ਰੁਪਏ ਦੀ ਟਾਰਗੇਟ ਸੇਫਟੀ ਸੈਟਅੱਪ ਵਾਲੀ 10 ਐਮ.ਐਮ. ਇਨਡੋਰ ਸ਼ੂਟਿੰਗ ਰੇਂਜ, 10 ਲੱਖ ਰੁਪਏ ਦੀ ਲਾਗਤ ਬਾਸਕਟਬਾਲ ਗਰਾਊਂਡ ਦੀ ਮੁਰੰਮਤ ਅਤੇ 3 ਲੱਖ ਰੁਪਏ ਨਾਲ ਵਾਲੀਬਾਲ ਕੋਰਟ ਤੇ ਛੇ ਕੰਕਰੀਟ ਬੈਂਚਾਂ ਵਾਲੇ ਖੇਡ ਮੈਦਾਨ ਦਾ ਵਿਕਾਸ ਸ਼ਾਮਲ ਹੈ। ਇਸ ਤੋਂ ਇਲਾਵਾ 89 ਲੱਖ ਰੁਪਏ ਦੀ ਲਾਗਤ ਨਾਲ ਜੰਗਲਾਤ ਨਰਸਰੀ ਨੂੰ ਨਵੀਨਤਮ ਤਕਨਾਲੋਜੀ ਨਾਲ ਅਪਗ੍ਰੇਡ ਕੀਤਾ ਜਾਵੇਗਾ। ਸੁਰੱਖਿਆ ਤੇ ਪੁਲਿਸ ਬਲਾਂ ਲਈ ਸਿਖਲਾਈ ਅਕੈਡਮੀ ਸਥਾਪਤ ਕੀਤੀ ਜਾਵੇਗੀ ਜਿਸ ਵਿੱਚ ਪਾਇਲਟ ਅਤੇ ਡਰੋਨ ਸਿਖਲਾਈ ਲਈ ਏਅਰ ਫੋਰਸ ਅਕੈਡਮੀ ਤੋਂ ਛੱਡੇ ਹੋਏ ਮਿਗ-21 ਜਹਾਜ਼ ਦੀ ਵਿਵਸਥਾ ਸ਼ਾਮਲ ਹੈ।

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸੈਮੀਨਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਤਾ ਸੁੰਦਰੀ ਗਰਲਜ਼ ਕਾਲਜ ਢੱਡੇ ਵੱਲੋਂ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦੇ ਪਵਿੱਤਰ ਅਵਸਰ 'ਤੇ ਇੱਕ ਧਾਰਮਿਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ।ਕਾਲਜ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ ਤੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਇਸ ਪਵਿੱਤਰ ਅਵਸਰ 'ਤੇ ਕਾਲਜ ਪਰਿਵਾਰ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਮਨੁੱਖਤਾ ਦੇ ਮਾਰਗ ਨੂੰ ਪ੍ਰਕਾਸ਼ਮਾਨ ਕਰਦੀਆਂ ਹਨ।ਡਾਇਰੈਕਟਰ ਐਡਮਿਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਦਾ ਸਮਾਰੋਹ ਮਨੁੱਖਤਾ, ਸੱਚਾਈ ਤੇ ਸੇਵਾ ਦੇ ਮਾਰਗ 'ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ।ਗੁਰੂ ਸਾਹਿਬ ਨੇ ਸਾਰੇ ਸੰਸਾਰ ਨੂੰ ਸਮਾਨਤਾ, ਨਿਰਭਉਤਾ ਤੇ ਨਿਸ਼ਕਾਮ ਸੇਵਾ ਦਾ ਸੰਦੇਸ਼ ਦਿੱਤਾ।ਸਭ ਨੂੰ ਚਾਹੀਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ 'ਤੇ ਅਮਲ ਕਰੀਏ ਤੇ ਸਮਾਜ ਵਿੱਚ ਪਿਆਰ, ਭਾਈਚਾਰੇ ਤੇ ਸ਼ਾਂਤੀ ਦਾ ਪ੍ਰਚਾਰ ਕਰੀਏ।ਕਾਲਜ ਦੇ ਪ੍ਰਿੰਸੀਪਲ ਰਾਜ ਸਿੰਘ ਬਾਘਾ ਨੇ ਵਿਦਿਆਰਥਣਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਬਾਰੇ ਪ੍ਰੇਰਕ ਵਿਚਾਰ ਸਾਂਝੇ ਕੀਤੇ।ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦਾ ਜੀਵਨ ਸਾਨੂੰ ਸੱਚਾਈ, ਸਮਾਨਤਾ, ਸੇਵਾ ਅਤੇ ਨਿਮਰਤਾ ਦੀ ਸਿੱਖਿਆ ਦਿੰਦਾ ਹੈ।ਸੈਮੀਨਾਰ ਦੇ ਮੁੱਖ ਵਕਤਾ ਸੀਨੀਅਰ ਪ੍ਰੋ. ਰਾਜਵਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜੀਵਨ, ਫਲਸਫਾ ਤੇ ਜਨਮ ਸਾਖੀਆਂ ਨਾਲ ਵਿਦਿਆਰਥੀਆਂ ਦੀ ਸਾਂਝ ਪਵਾਈ।ਵਿਦਿਆਰਥੀਆਂ ਨੂੰ ਗੁਰਬਾਣੀ ਪੜ੍ਹਨ-ਸੁਣਨ ਤੇ ਜ਼ਿੰਦਗੀ ਵਿੱਚ ਧਾਰਨ ਕਰਨ ਲਈ ਪ੍ਰੇਰਤ ਕੀਤਾ।ਸੰਸਥਾ ਦੇ ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖ਼ਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਸਮੂਹ ਸਟਾਫ ਨੂੰ ਪ੍ਰਕਾਸ਼ ਪੁਰਬ ਦੀਆਂ ਮੁਬਾਰਕਾਂ ਦਿੱਤੀਆਂ।

## ਪਾਥਵੇਜ਼ ਗਲੋਬਲ ਸਕੂਲ ਨੇ ਧੂਮਧਾਮ ਨਾਲ ਮਨਾਇਆ ਬਾਲ ਦਿਵਸ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ ਗਲੋਬਲ ਸਕੂਲ ਕੋਟ ਈਸੇ ਖਾਂ ਜੋ ਇਲਾਕੇ ਦਾ ਨਾਮਵਰ ਆਈ ਸੀ ਐਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ ਵਿਖੇ ਬਾਲ ਦਿਵਸ ਬੜੇ ਹੀ ਧੂਮ ਧਾਮ ਨਾਲ ਮਨਾਇਆ ਗਿਆ।ਇਸ ਦਿਨ ਨਾਲ ਸੰਬੰਧਿਤ ਸਕੂਲ ਵੱਲੋਂ ਇੱਕ ਵਿਸ਼ੇਸ਼ ਰੰਗਾ ਰੰਗ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਾਰੇ ਹੀ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਭਾਗ ਲਿਆ।ਪ੍ਰੋਗਰਾਮ ਵਿੱਚ ਬੱਚਿਆਂ ਨੇ ਗੀਤ, ਡਾਂਸ, ਕੋਰੀਓਗ੍ਰਾਫੀ, ਗਿੱਧਾ ਤੇ ਭੰਗੜਾ ਆਦਿ ਦੀ ਪੇਸ਼ਕਾਰੀ ਪ੍ਰਸਤੁਤ ਕੀਤੀ।ਸਕੂਲ ਦੇ ਕਮੇਟੀ ਮੈਂਬਰ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਪ੍ਰਧਾਨ ਡਾ ਅਨਿਲਜੀਤ ਕੰਬੋਜ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਤੇ ਪ੍ਰਿੰਸੀਪਲ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਸਾਰੇ ਹੀ ਬੱਚਿਆਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਬਾਲ ਦਿਵਸ ਦਾ ਮਕਸਦ ਕੇਵਲ ਚੰਗਾ ਸਮਾਂ ਗੁਜ਼ਾਰਨਾ ਹੀ ਨਹੀਂ ਹੈ, ਸਗੋਂ ਬੱਚਿਆਂ ਦੀ ਸਿਹਤ ਸਿੱਖਿਆ ਤੇ ਉਨ੍ਹਾਂ ਦੀ ਸ਼ਖ਼ਸ਼ੀਅਤ ਦਾ ਸਰਵਪੱਖੀ ਵਿਕਾਸ ਕਰਨਾ ਵੀ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ਼ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

17 Nov Page 3.qxd 11/16/2025 9:29 PM Page 1



# ਗੈਰ-ਕਾਨੂੰਨੀ ਹਥਿਆਰ ਵੇਚਣ ਦੇ ਦੋਸ਼ 'ਚ 9 ਪਿਸਤੌਲਾਂ ਸਮੇਤ ਕਾਬੂ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**- ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਮੱਧ ਪ੍ਰਦੇਸ਼ (ਐੱਮਪੀ) ਅਧਾਰਿਤ ਗੈਰ-ਕਾਨੂੰਨੀ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਮਾਡਿਊਲ ਦੇ ਇੱਕ ਸੰਚਾਲਕ ਨੂੰ 9 ਪਿਸਤੌਲਾਂ ਸਮੇਤ ਗ੍ਰਿਫਤਾਰ ਕਰਕੇ ਇਸ ਮਾਡਿਊਲ ਦਾ ਪਰਦਾਫਾਸ਼ ਕਰਦਿਆਂ ਮਿੱਥ ਕੇ ਕਤਲ ਦੀ ਵਾਰਦਾਤ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਦੀ ਪਛਾਣ ਅਰੁਣ ਸਿੰਘ ਵਾਸੀ ਪਿੰਡ ਨੌਸ਼ਹਿਰਾ ਪੰਨੂਆਂ, ਤਰਨ ਤਾਰਨ ਵਜੋਂ ਹੋਈ ਹੈ।ਬਰਾਮਦ ਕੀਤੇ ਗਏ ਪਿਸਤੌਲਾਂ ਵਿੱਚ ਸੱਤ .32 ਬੋਰ ਦੇ ਪਿਸਤੌਲਾਂ ਅਤੇ ਦੋ .30 ਬੋਰ ਪਿਸਤੌਲਾਂ ਸਮੇਤ ਮੈਗਜ਼ੀਨ ਅਤੇ ਪੰਜ ਜ਼ਿੰਦਾ ਕਾਰਤੂਸ ਸ਼ਾਮਲ ਹਨ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਹਥਿਆਰ ਖੇਤਰ ਵਿੱਚ ਅੰਤਰ-ਗਿਰੋਹ ਦੁਸ਼ਮਣੀ ਦੇ ਚਲਦਿਆਂ ਮਿੱਥ ਕੇ ਕਤਲ ਦੀ ਵਾਰਦਾਤ ਨੂੰ ਅੰਜਾਮ ਦੇਣ ਲਈ ਖਰੀਦੇ ਗਏ ਸਨ।ਉਨ੍ਹਾਂ ਦੱਸਿਆ ਕਿ ਜਾਂਚ ਤੋਂ ਇਹ ਵੀ ਖੁਲਾਸਾ ਹੋਇਆ ਹੈ ਕਿ ਦੋਸ਼ੀ ਸੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਮੱਧ ਪ੍ਰਦੇਸ਼ ਦੇ ਗੈਰ-ਕਾਨੂੰਨੀ ਹਥਿਆਰ ਸਪਲਾਇਰਾਂ ਦੇ ਸੰਪਰਕ ਵਿੱਚ ਸੀ ਅਤੇ ਪੰਜਾਬ ਵਿੱਚ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਅਪਰਾਧੀਆਂ ਨੂੰ ਹਥਿਆਰ ਸਪਲਾਈ ਕਰਨ ਵਿੱਚ ਮਦਦ ਕਰ ਰਿਹਾ ਸੀ।

# 6 ਪਿਸਤੌਲਾਂ ਤੇ ਕਿਲੋ ਹੈਰੋਇਨ ਸਮੇਤ 5 ਗ੍ਰਿਫ਼ਤਾਰ

**ਛੇਹਰਟਾ (ਮਨੋਜ ਕੁਮਾਰ)** ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਪੰਜ ਵਿਅਕਤੀਆਂ ਨੂੰ 1.01 ਕਿਲੋਗ੍ਰਾਮ ਹੈਰੋਇਨ ਤੇ ਛੇ ਆਧੁਨਿਕ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕਰਕੇ ਪਾਕਿਸਤਾਨ ਨਾਲ ਜੁੜੇ ਹਥਿਆਰ ਤੇ ਨਾਰਕੋ ਨੈੱਟਵਰਕ ਦਾ ਪਰਦਾਫਾਸ਼ ਕਰ ਦਿੱਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਕਾਸ਼ ਮਸੀਹ ਤੇ ਪ੍ਰਿੰਸ ਦੋਵੇਂ ਵਾਸੀ ਪਿੰਡ ਪੰਡੋਰੀ, ਅੰਮ੍ਰਿਤਸਰ ਦਿਹਾਤੀ; ਕਰਨਬੀਰ ਸਿੰਘ ਉਰਫ਼ ਕਰਨ ਵਾਸੀ ਪਿੰਡ ਚੋਗਾਵਾਂ, ਅੰਮ੍ਰਿਤਸਰ ਦਿਹਾਤੀ; ਸੁਖਵਿੰਦਰ ਸਿੰਘ ਵਾਸੀ ਪਿੰਡ ਹੇਤਮਪੁਰਾ, ਅੰਮ੍ਰਿਤਸਰ ਦਿਹਾਤੀ ਤੇ ਗੁਰਭੇਜ ਸਿੰਘ ਉਰਫ਼ ਭੇਜਾ ਵਾਸੀ ਪਿੰਡ ਲਾਹੀਆਂ, ਤਰਨਤਾਰਨ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਪਿਸਤੌਲਾਂ ਵਿਚ ਪੰਜ .30 ਬੋਰ ਦੇ ਪਿਸਤੌਲ ਤੇ ਇਕ 9 ਐੱਮਐੱਮ ਗਲੋਕ ਪਿਸਤੌਲ ਸ਼ਾਮਲ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪੰਜਾਬ ਵਿਚ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ੀਲੇ ਪਦਾਰਥ ਪ੍ਰਾਪਤ ਤੇ ਡਲਿਵਰ ਕਰਨ ਲਈ ਸੋਸ਼ਲ ਮੀਡੀਆ ਐਪਲੀਕੇਸ਼ਨਾਂ ਰਾਹੀਂ ਪਾਕਿਸਤਾਨ ਅਧਾਰਤ ਸੰਚਾਲਕਾਂ ਨਾਲ ਤਾਲਮੇਲ ਕਰ ਰਹੇ ਸਨ। ਉਨ੍ਹਾਂ ਦੱਸਿਆ ਕਿ ਸਾਰੇ ਮੁਲਜ਼ਮ ਅੰਤਰਰਾਸ਼ਟਰੀ ਸਰਹੱਦ ਦੇ ਨੇੜੇ ਸਥਿਤ ਪਿੰਡਾਂ ਨਾਲ ਸਬੰਧਤ ਹਨ ਅਤੇ ਆਪਣੇ ਸੰਚਾਲਕਾਂ ਦੇ ਨਿਰਦੇਸ਼ਾਂ 'ਤੇ ਖੇਪਾਂ ਪ੍ਰਾਪਤ ਕਰਦੇ ਸਨ। ਡੀਜੀਪੀ ਨੇ ਦੱਸਿਆ ਕਿ ਇਸ ਮਾਮਲੇ ਵਿਚ ਸ਼ਾਮਲ ਸੰਚਾਲਕਾਂ ਦੀ ਪਛਾਣ ਕਰਨ ਤੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਲਈ ਅਗਲੇਰੀ ਜਾਂਚ ਜਾਰੀ ਹੈ। ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਕਮਿਸ਼ਨਰ ਆਫ ਪੁਲਿਸ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਛੇਹਰਟਾ ਨੇੜੇ ਯੋਜਨਾਬੱਧ ਨਾਕਾਬੰਦੀ ਦੌਰਾਨ ਪੁਲਸ ਟੀਮਾਂ ਨੇ ਮੁਲਜ਼ਮ ਆਕਾਸ਼ ਮਸੀਹ ਤੇ ਪ੍ਰਿੰਸ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿਚੋਂ ਇਕ .30 ਬੋਰ ਪਿਸਤੌਲ ਤੇ ਇਕ ਗਲੋਕ 9 ਐੱਮਐੱਮ ਪਿਸਤੌਲ ਬਰਾਮਦ ਕੀਤਾ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਪੈਰਵੀ ਦੌਰਾਨ ਤਕਨੀਕੀ ਸੁਰਾਗਾਂ 'ਤੇ ਕਾਰਵਾਈ ਕਰਦਿਆਂ ਪੁਲਸ ਟੀਮਾਂ ਨੇ ਕਰਨਬੀਰ ਸਿੰਘ ਤੇ ਸੁਖਵਿੰਦਰ ਸਿੰਘ ਨੂੰ ਤਿੰਨ .30 ਬੋਰ ਦੇ ਪਿਸਤੌਲਾਂ ਅਤੇ 1 ਕਿਲੋ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ। ਉਨ੍ਹਾਂ ਅੱਗੇ ਦੱਸਿਆ ਕਿ ਮੁਲਜ਼ਮ ਕਰਨਬੀਰ ਸਿੰਘ ਉਰਫ਼ ਕਰਨ ਦੇ ਖੁਲਾਸੇ 'ਤੇ ਪੁਲਿਸ ਨੇ ਗੁਰਭੇਜ ਸਿੰਘ ਉਰਫ਼ ਭੇਜਾ ਨੂੰ ਇਕ .30 ਬੋਰ ਦੇ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ। ਸੀਪੀ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਗਏ ਵਿਅਕਤੀ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪ ਪ੍ਰਾਪਤ ਕਰਨ ਤੋਂ ਬਾਅਦ ਇਨ੍ਹਾਂ ਖੇਪਾਂ ਨੂੰ ਅੱਗੇ ਅਪਰਾਧਿਕ ਵਿਅਕਤੀਆਂ ਨੂੰ ਡਲਿਵਰ ਕਰਦੇ ਸਨ। ਇਸ ਸਬੰਧੀ ਥਾਣਾ ਛੇਹਰਟਾ ਤੇ ਥਾਣਾ ਛਾਉਣੀ ਵਿਚ ਦੋ ਵੱਖ-ਵੱਖ ਮਾਮਲੇ ਦਰਜ ਕੀਤੇ ਗਏ ਹਨ।



# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਜੋਸ਼ੋ-ਖਰੋਸ਼ ਨਾਲ ਮਨਾਇਆ ਬਾਲ ਦਿਹਾੜਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ, ਸਕੱਤਰ ਮੈਡਮ ਪਰਮਿੰਦਰ ਕੌਰ ਚਾਹਲ ਪ੍ਰਿੰਸੀਪਲ ਸ਼੍ਰੀਮਤੀ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿਖੇ ਬਾਲ ਦਿਵਸ ਮਨਾਇਆ ਗਿਆ ਜਿਸ ਦੌਰਾਨ ਸਵੇਰ ਦੀ ਸਭਾ ਦੀ ਸ਼ੁਰੂਆਤ ਸਕੂਲ ਦੇ ਅਧਿਆਪਕਾਂ ਦੁਆਰਾ ਕੀਤੀ ਗਈ। ਸਭ ਤੋਂ ਪਹਿਲਾਂ ਮੂਲ ਮੰਤਰ ਹੋਇਆ। ਉਪਰੰਤ ਵਿਚਾਰ ਸਲੋਗਨ ਅਤੇ ਖਬਰਾਂ ਪੇਸ਼ ਕੀਤੀਆਂ ਗਈਆਂ। ਦਵਿੰਦਰ ਸਰ ਵੱਲੋਂ ਬਾਲ ਦਿਵਸ ਮੌਕੇ ਭਾਸ਼ਣ ਪੇਸ਼ ਕੀਤਾ ਗਿਆ ਜਿਸ ਵਿੱਚ ਉਨ੍ਹਾਂ ਨੇ ਬਾਲ ਦਿਵਸ ਕਿਉਂ ਮਨਾਇਆ ਜਾਂਦਾ ਹੈ, ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਇਸ ਦਿਨ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮਦਿਨ ਹੁੰਦਾ ਹੈ। ਉਹ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ। ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਦਿਨ 14 ਨਵੰਬਰ ਨੂੰ ਭਾਰਤ ਵਿੱਚ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ, ਜੋ ਬੱਚਿਆਂ ਪ੍ਰਤੀ ਉਨਾਂ ਦੇ ਡੂੰਘੇ ਪਿਆਰ ਅਤੇ ਉਨ੍ਹਾਂ ਦੇ ਵਿਸ਼ਵਾਸ ਦਾ ਸਨਮਾਨ ਕੀਤਾ ਜਾ ਸਕੇ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਹੋਣ ਦੇ ਨਾਂ ਤੇ ਉਹਨਾਂ ਨੇ ਉਹਨਾਂ ਦੀ ਭਲਾਈ ਅਤੇ ਸਿੱਖਿਆ ਦਾ ਸਮਰਥਨ ਕੀਤਾ ਸੀ।ਇਸ ਉਪਰੰਤ ਸਕੂਲ ਦੇ ਅਧਿਆਪਿਕਾ ਮਿਸ ਖੁਸ਼ੀ ਅਤੇ ਮਿਸ ਸ਼ਿਵਾਨੀ ਵੱਲੋਂ ਬਹੁਤ ਹੀ ਮਨਮੋਹਕ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਤੇ ਅੰਤ ਵਿੱਚ ਸਕੂਲ ਦੇ ਸਾਰੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਬਾਲ ਦਿਵਸ ਦੀਆਂ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਗਈਆਂ।ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਕਿਰਨ ਕੇਸਰ ਨੇ ਦੱਸਿਆ ਕਿ ਬਾਲ ਦਿਵਸ ਪੰਡਿਤ ਜਵਾਹਰ ਲਾਲ ਨਹਿਰੂ ਨੂੰ ਸਮਰਪਿਤ ਹੈ।ਉਨ੍ਹਾਂ ਨੂੰ ਚਾਚਾ ਨਹਿਰੂ ਵੀ ਕਿਹਾ ਜਾਂਦਾ ਸੀ। ਪੰਡਿਤ ਜਵਾਹਰ ਲਾਲ ਨਹਿਰੂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਵੀ ਰਹਿ ਚੁੱਕੇ ਅਤੇ ਸਾਨੂੰ ਵੀ ਉਨਾਂ ਦੀ ਤਰ੍ਹਾਂ ਹੀ ਬਣਨਾ ਚਾਹੀਦਾ ਹੈ।ਅੰਤ ਵਿੱਚ ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ।




# ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ 'ਚ 28ਵੀਂ ਸਪੋਰਟਸ ਮੀਟ ਚੜ੍ਹਦੀ ਕਲਾ ਨਾਲ ਸੰਪੰਨ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਨੇ ਆਪਣੀ ਦੋ-ਰੋਜ਼ਾ 28ਵੀਂ ਸਪੋਰਟਸ ਮੀਟ ਦਾ ਆਯੋਜਨ ਕੀਤਾ।ਬੱਚਿਆਂ ਨੇ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ।ਇਨ੍ਹਾਂ ਖੇਡਾਂ ਵਿੱਚ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ, ਰਿਲੇਅ ਦੌੜ, ਹਡਲ ਦੌੜ, ਡਿਸਕਸ ਥ੍ਰੋ, ਟ੍ਰਿਪਲ ਜੰਪ, ਲੰਬੀ ਛਾਲ, ਰੱਸਾਕਸ਼ੀ ਮੁਕਾਬਲੇ ਅਤੇ ਅਥਲੈਟਿਕਸ ਦੇ ਸਾਰੇ ਮੁਕਾਬਲੇ ਕਰਵਾਏ ਗਏ।ਇਹ ਮੁਕਾਬਲੇ ਸਕੂਲ ਦੇ ਪੰਜ ਹਾਊਸਾਂ, ਡੇਜ਼ੀ, ਲੋਟਸ, ਪੈਂਜ਼ੀ, ਰੋਜ਼ ਅਤੇ ਲਿਲੀ ਵਿਚਕਾਰ ਕਰਵਾਏ ਗਏ ਸਨ।ਇਨ੍ਹਾਂ ਖੇਡਾਂ ਵਿੱਚ ਸਕੂਲ ਦੇ ਲਗਭਗ ਸਾਰੇ ਵਿਦਿਆਰਥੀਆਂ ਨੇ ਹਿੱਸਾ ਲਿਆ ਹੈ।ਖੇਡਾਂ ਦੇ ਉਦਘਾਟਨੀ ਸਮਾਰੋਹ ਵਾਲੇ ਦਿਨ ਮੁੱਖ ਮਹਿਮਾਨ ਦੇ ਤੌਰ ਤੇ ਸੰਤ ਬਾਬਾ ਪਰਮਾਨੰਦ ਜੀ, ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਬਾਬਾ ਹੰਦਾਲ ਅਤੇ ਨਰੇਸ਼ ਪਾਠਕ, (ਮੈਂਬਰ ਆਫ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਸਿਲੈਕਸ਼ਨ ਬੋਰਡ) ਵਿਸ਼ੇਸ਼ ਤੌਰ ਤੇ ਪਹੁੰਚੇ ।ਉਨ੍ਹਾਂ ਦੇ ਨਾਲ ਸ. ਸਰਬਜੀਤ ਸਿੰਘ ਡਿੰਪੀ (ਸ਼ਹਿਰੀ ਪ੍ਰਧਾਨ ਆਮ ਆਦਮੀ ਪਾਰਟੀ), ਸ. ਕਾਬਲ ਸਿੰਘ (ਖੇਡ ਪ੍ਰਮੋਟਰ), ਸ. ਭੁਪਿੰਦਰ ਸਿੰਘ (ਠੇਕੇਦਾਰ), ਸਾਹਿਲ ਸ਼ਰਮਾ, ਸ. ਜਗਜੀਤ ਸਿੰਘ, ਅਨੇਜਾ ਸਰ ਵੀ ਵਿਸ਼ੇਸ਼ ਤੌਰ ਤੇ ਪਹੁੰਚੇ।ਸਕੂਲ ਦੀ ਨੈਸ਼ਨਲ ਖਿਡਾਰਨ ਪਰਨੀਤ ਕੌਰ ਨੂੰ ਸਰਦਾਰ ਕਾਬਲ ਸਿੰਘ ਵੱਲੋਂ 5100 ਦਾ ਇਨਾਮ ਅਤੇ ਦੋ ਸਾਲ ਦਾ ਖਾਣ ਪੀਣ ਦਾ ਖਰਚਾ ਦੇਣ ਦਾ ਵਾਅਦਾ ਕੀਤਾ ਗਿਆ।ਸਪੋਰਟਸ ਮੀਟ ਦੇ ਸਮਾਪਤੀ ਸਮਾਰੋਹ ਤੇ ਡਾ. ਸੁਖਦੇਵ ਸਿੰਘ (ਡੀਨ ਸਪੋਰਟਸ ਡਿਪਾਰਟਮੈਂਟ ਗੁਰੂ ਨਾਨਕ ਦੇਵ ਯੂਨੀਵਰਸਿਟੀ) ਸ. ਕਾਬਲ ਸਿੰਘ ਸਪੋਰਟਸ ਪ੍ਰਮੋਟਰ, ਸ. ਭੁਪਿੰਦਰ ਸਿੰਘ ਠੇਕੇਦਾਰ ਨੇ ਜੇਤੂ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰ. ਡਾ: ਅਮਰਪ੍ਰੀਤ ਕੌਰ ਸੇਂਟ ਸੋਲਜਰ ਸਕੂਲ ਜੰਡਿਆਲਾ ਗੁਰੂ ਅਤੇ ਪ੍ਰਿੰ. ਅਮਨਦੀਪ ਕੌਰ ਸੇਂਟ ਸੋਲਜਰ ਸਕੂਲ ਮਜੀਠਾ ਨੇ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਅਤੇ ਸਕੂਲ ਦੇ ਖੇਡ ਵਿਭਾਗ ਫਤਿਹ ਸਿੰਘ ਡੀਪੀ, ਜਤਿੰਦਰ ਸਿੰਘ ਡੀਪੀ, ਯਾਦਵਿੰਦਰ ਸਿੰਘ ਡੀਪੀ, ਮਨਪ੍ਰੀਤ ਕੌਰ ਡੀਪੀ, ਰੁਪਿੰਦਰ ਕੌਰ ਡੀਪੀ, ਰਾਜਬੀਰ ਕੌਰ ਡੀਪੀ ਅਤੇ ਨੀਲਮ ਕੌਰ ਡੀਪੀ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੋਆਰਡੀਨੇਟਰ, ਨੀਲਾਕਸ਼ੀ ਗੁਪਤਾ ਕੋਆਰਡੀਨੇਟਰ ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।




# ਕੇਂਦਰ ਸਰਕਾਰ ਵੱਲੋਂ ਪੰਜਾਬ 'ਵਰਸਿਟੀ ਨੂੰ ਖੋਹਣ ਦੀਆਂ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ : ਬੇਗਮਪੁਰਾ ਟਾਈਗਰ ਫੋਰਸ



ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਬੇਗਮਪੁਰਾ ਟਾਈਗਰ ਫੋਰਸ ਦੇ ਚੇਅਰਮੈਨ ਤਰਸੇਮ ਦੀਵਾਨਾ ਅਤੇ ਕੌਮੀ ਪ੍ਰਧਾਨ ਧਰਮਪਾਲ ਸਾਹਨੇਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫੋਰਸ ਦੇ ਬਲਾਕ ਭੂੰਗਾ ਦੇ ਪ੍ਰਧਾਨ ਅਨਿਲ ਕੁਮਾਰ ਬੰਟੀ, ਅਮਰੀਕ ਸਿੰਘ ਰਾਜੂ, ਅਰੁਣ ਕੁਮਾਰ, ਸੰਦੀਪ ਸਿੰਘ, ਚਰਨਜੀਤ ਭੂੰਗਾ ਆਦਿ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਯੂਨੀਵਰਸਟੀ ਤੇ ਸਿਰਫ ਪੰਜਾਬ ਦਾ ਹੀ ਹੱਕ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਾਡੇ ਪੰਜਾਬ ਦੀ ਵਿਰਾਸਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਖੋਹਣ ਦੀਆਂ ਸਾਜ਼ਿਸ਼ਾਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ। ਜਿਸ ਤਹਿਤ ਸੈਨੇਟ ਭੰਗ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ ਜਿਸ ਨਾਲ ਯੂਨੀਵਰਸਟੀ ਸਿੱਧੇ ਤੌਰ ਤੇ ਕੇਂਦਰ ਦੇ ਹੱਥਾਂ ਵਿੱਚ ਚਲੀ ਜਾਵੇਗੀ। ਭਾਵੇਂ ਕਿ ਪੀ ਯੂ ਬਚਾਓ ਮੋਰਚੇ ਦੇ ਦਬਾਅ ਕਾਰਨ ਕੇਂਦਰ ਸਰਕਾਰ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਨ ਦੀ ਗੱਲ ਕਰ ਰਹੀ ਹੈ ਪਰ ਜਦੋਂ ਤੱਕ ਸਾਰਾ ਕੁਝ ਸਪਸ਼ਟ ਰੂਪ ਵਿੱਚ ਨਹੀਂ ਦੱਸਿਆ ਜਾਵੇਗਾ, ਓਦੋਂ ਤੱਕ ਕੇਂਦਰ ਸਰਕਾਰ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਮੁੱਢ ਤੋਂ ਹੀ ਪੰਜਾਬ ਨੂੰ ਵੱਖ ਵੱਖ ਖੇਤਰਾਂ ਵਿੱਚ ਵੰਡ ਕੇ ਤੋੜਨ ਤੇ ਖਤਮ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ।

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸ਼ੋਅ ਅੱਜ

**ਨਵਾਂਸ਼ਹਿਰ, (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਸਥਾਨਕ ਆਈ ਟੀ ਆਈ ਗਰਾਊਂਡ ਵਿਖੇ ਗੁਰੂ ਜੀ ਦੇ ਜੀਵਨ, ਸਿੱਖਿਆਵਾਂ ਅਤੇ ਲਾਸਾਨੀ ਸ਼ਹਾਦਤ 'ਤੇ ਆਧਾਰਤ ਲਾਈਟ ਐਂਡ ਸਾਊਂਡ ਸ਼ੋਅ 'ਹਿੰਦ ਦੀ ਚਾਦਰ' 17 ਨਵੰਬਰ ਨੂੰ ਹੋਵੇਗਾ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਫਲਸਫ਼ੇ ਅਤੇ ਮਹਾਨ ਸ਼ਹਾਦਤ 'ਤੇ ਆਧਾਰਤ ਲਾਈਟ ਐਂਡ ਸਾਊਂਡ ਸ਼ੋਅ ਸੋਮਵਾਰ ਨੂੰ ਸ਼ਾਮ 5 ਵਜੇ ਤੋਂ ਆਈ.ਟੀ.ਆਈ ਗਰਾਊਂਡ ਵਿਖੇ ਸ਼ੁਰੂ ਹੋਵੇਗਾ ਜਿਥੇ ਸੰਗਤਾਂ ਦੀ ਆਮਦ ਦੇ ਮੱਦੇਨਜ਼ਰ ਢਾਡੀ ਜੱਥੇ ਵਾਰਾਂ ਗਾਉਣਗੇ। ਉਨ੍ਹਾਂ ਦੱਸਿਆ ਕਿ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ ਅਤੇ ਸ਼ਹਾਦਤ ਨੂੰ ਡਿਜੀਟਲ ਤਰੀਕੇ ਨਾਲ ਸੰਗਤਾਂ ਨੂੰ ਜਾਣੂ ਕਰਾਇਆ ਜਾਵੇਗਾ। ਉਨ੍ਹਾਂ ਨੇ ਪੁਲਿਸ ਵਿਭਾਗ ਦੇ ਅਧਿਕਾਰੀਆਂ ਨੂੰ ਸੁਰੱਖਿਆ, ਆਵਾਜਾਈ ਅਤੇ ਪਾਰਕਿੰਗ ਦੇ ਢੁਕਵੇਂ ਇੰਤਜਾਮ ਕਰਨ ਦੇ ਨਾਲ-ਨਾਲ ਬਾਕੀ ਸਬੰਧਤ ਵਿਭਾਗਾਂ ਨੂੰ ਵੀ ਸੰਗਤਾਂ ਲਈ ਲੋੜੀਂਦੇ ਪ੍ਰਬੰਧ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ਼ਾਮ 5 ਵਜੇ ਤੋਂ ਸ਼ੁਰੂ ਹੋਣ ਵਾਲੇ ਲਾਈਟ ਐਂਡ ਸਾਊਂਡ ਸ਼ੋਅ ਵਿਚ ਢਾਡੀ ਜਥੇ ਵੱਲੋਂ ਵਾਰਾਂ ਵੀ ਗਾਈਆਂ ਜਾਣਗੀਆਂ। ਜ਼ਿਕਰਯੋਗ ਹੈ ਕਿ ਸਮਾਗਮ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਮਲਵਿੰਦਰ ਸਿੰਘ ਕੰਗ ਲਾਈਟ ਐਂਡ ਸਾਊਂਡ ਸ਼ੋਅ ਮੌਕੇ ਸੰਗਤਾਂ ਨਾਲ ਸ਼ਾਮਲ ਹੋਣਗੇ। ਸ੍ਰੀਨਗਰ ਤੋਂ 19 ਨਵੰਬਰ ਨੂੰ ਆਰੰਭ ਹੋਣ ਵਾਲੇ ਵਿਸ਼ਾਲ ਨਗਰ ਕੀਰਤਨ ਦੀ 22 ਨਵੰਬਰ ਨੂੰ ਜ਼ਿਲ੍ਹੇ ਵਿੱਚ ਆਮਦ ਦੇ ਮੱਦੇਨਜ਼ਰ ਜ਼ਿਲ੍ਹਾ ਵਾਸੀਆਂ ਵੱਲੋਂ ਵੱਖ-ਵੱਖ ਥਾਂਵਾਂ 'ਤੇ ਸਵਾਗਤ ਕੀਤਾ ਜਾਵੇਗਾ। ਸਭ ਤੋਂ ਪਹਿਲਾਂ ਜ਼ਿਲ੍ਹੇ 'ਚ ਦਾਖਲ ਹੋਣ ਉਪਰੰਤ ਨਗਰ ਕੀਰਤਨ ਦਾ ਗੁਰਦੁਆਰਾ ਚਰਨ ਕੰਵਲ ਸਾਹਿਬ, ਬੰਗਾ ਵਿਖੇ ਸਵਾਗਤ ਹੋਵੇਗਾ ਅਤੇ ਸੰਗਤਾਂ ਵਲੋਂ ਵੱਖ-ਵੱਖ ਥਾਂਵਾਂ 'ਤੇ ਲੰਗਰ ਆਦਿ ਦੇ ਇੰਤਜਾਮ ਕੀਤੇ ਜਾਣਗੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਦੀਆਂ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਵਸਨੀਕਾਂ ਨੂੰ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।



# ਫੋਰ ਐੱਸ ਸੰਸਥਾਵਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਨਾਮਵਰ ਸੰਸਥਾ ਸੰਤ ਸਿੰਘ ਸੁੱਖਾ ਸਿੰਘ ਖਾਲਸਾ ਵਿੱਦਿਅਕ ਸੰਸਥਾਵਾਂ ਦੀ ਅਗਵਾਈ ਵਿੱਚ ਗੁਰੂ ਨਗਰੀ ਵਿੱਚ ਵਿੱਦਿਅਕ ਸੇਵਾਵਾਂ ਨਿਭਾ ਰਹੇ ਸੰਤ ਸਿੰਘ ਸੁੱਖਾ ਸਿੰਘ ਮਾਡਰਨ ਹਾਈ ਸਕੂਲ, ਮਾਤਾ ਕੌਲਾਂ ਜੀ ਮਾਰਗ ਵਿਖੇ ਧੰਨ-ਧੰਨ ਸਾਹਿਬ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਦਾ 556ਵਾਂ ਸਾਲਾਂ ਪ੍ਰਕਾਸ਼ ਪੁਰਬ 15 ਨਵੰਬਰ 2025 ਨੂੰ ਬੜੀ ਹੀ ਸ਼ਰਧਾ ਭਾਵਨਾ ਤੇ ਹੁਲਾਸ ਨਾਲ ਮਨਾਇਆ ਗਿਆ।ਫੋਰ ਐੱਸ ਸਕੂਲ ਦੀਆਂ ਸਾਰੀਆਂ ਸੰਸਥਾਵਾਂ ਦੇ ਵਿਦਿਆਰਥੀਆਂ ਦੇ ਕੀਰਤਨੀ ਜੱਥਿਆਂ ਨੇ ਆਈ ਸਾਧ ਸੰਗਤ ਨੂੰ ਆਪਣੇ ਰੂਹਾਨੀ ਕੀਰਤਨ ਨਾਲ ਸਭ ਨੂੰ ਨਿਹਾਲ ਕੀਤਾ।ਸ੍ਰ. ਜਤਿੰਦਰ ਸਿੰਘ ਮੈਂਬਰ ਸਕੂਲ ਪ੍ਰਬੰਧਕ ਕਮੇਟੀ (ਰਿਟਾਇਰਡ ਚੀਫ ਇੰਜੀਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮੀਟਿਡ) ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਆਪਣੇ ਵਿਚਾਰ ਸਾਰਿਆਂ ਨਾਲ ਸਾਂਝੇ ਕੀਤੇ।ਫੋਰ. ਐੱਸ ਸੰਸਥਾਵਾਂ ਦੇ ਡਾਇਰੈਕਟਰ ਸ੍ਰ. ਜਗਦੀਸ਼ ਸਿੰਘ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਆਪਣੇ ਅਨਮੋਲ ਵਿਚਾਰ ਸਾਰਿਆਂ ਨਾਲ ਸਾਂਝੇ ਕੀਤੇ। ਇਸ ਮੌਕੇ ਡਾਇਰੈਕਟਰ ਜਗਦੀਸ਼ ਸਿੰਘ ਨੇ ਵੱਖ-ਵੱਖ ਸੰਸਥਾਵਾਂ ਤੋਂ ਆਏ ਹੋਏ ਕੀਰਤਨੀ ਜਥਿਆਂ ਦੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ।ਮਾਡਰਨ ਹਾਈ ਸਕੂਲ ਦੇ ਪ੍ਰਿੰ: ਗੁਰਪ੍ਰੀਤ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅੱਤੇ ਬੱਚਿਆਂ ਨੂੰ ਆਸ਼ੀਰਵਾਦ ਦਿੱਤਾ।ਇਸ ਮੌਕੇ ਮੈਡਮ ਡਾਇਰੈਕਟਰ ਸਰਦਾਰਨੀ ਸਵਰਨ ਕੌਰ, ਮੈਂਬਰ ਸਕੂਲ ਪ੍ਰਬੰਧਕ ਕਮੇਟੀ ਜਤਿੰਦਰ ਸਿੰਘ (ਰਿਟਾਇਰਡ ਚੀਫ ਇੰਜੀਨੀਅਰ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ.), ਪਿਆਰਾ ਸਿੰਘ (ਮੈਂਬਰ ਸਕੂਲ ਪ੍ਰਬੰਧਕ ਕਮੇਟੀ), ਸ੍ਰ. ਸ਼ਮਸ਼ੇਰ ਸਿੰਘ ਕਾਹਲੋਂ (ਸਾਬਕਾ ਪ੍ਰਿੰ. ਖਾਲਸਾ ਸੀਨੀਅਰ ਸੈਕੰਡਰੀ ਸਕੂਲ), ਡਾ. ਮਨਪ੍ਰੀਤ ਕੌਰ (ਸਾਬਕਾ ਪ੍ਰਿੰ. ਖਾਲਸਾ ਕਾਲਜ, ਅੰਮ੍ਰਿਤਸਰ), ਮੈਡਮ ਅਮਨਦੀਪ ਕੌਰ, ਮੈਡਮ ਜਸਵਿੰਦਰ ਕੌਰ ਅਤੇ ਫੋਰ. ਐੱਸ ਸੰਸਥਾ ਦੇ ਸਟਾਫ ਮੈਂਬਰ ਮੌਜੂਦ ਸਨ।ਮੈਡਮ ਮਨਿੰਦਰਜੀਤ ਵਾਲੀਆ, ਮੈਡਮ ਸੀਮਾ ਸ਼ਰਮਾ ਅਤੇ ਸੰਸਥਾ ਦੇ ਸਟਾਫ ਮੈਂਬਰਾਂ ਨੇ ਮਿਲ ਕੇ ਪ੍ਰੋਗਰਾਮ ਸਫ਼ਲਤਾਪੂਰਵਕ ਆਯੋਜਿਤ ਕੀਤਾ।



# ਕੇਸ਼ ਕਿੰਗ ਗੋਲਡ ਦੀ ਰੀਬ੍ਰਾਂਡਿੰਗ ਵਜੋਂ ਨਿਵੇਕਲੀ ਪੇਸ਼ਕਸ਼

**ਅੰਮ੍ਰਿਤਸਰ**- ਕੇਸ਼ ਕਿੰਗ ਭਾਰਤ ਦਾ ਇੱਕ ਪ੍ਰਮੁੱਖ ਆਯੁਰਵੈਦਿਕ ਹੇਅਰਕੇਅਰ ਬ੍ਰਾਂਡ ਹੈ।ਇਸ ਬ੍ਰਾਂਡ ਨੇ ਆਪਣੇ ਆਪ ਨੂੰ ਇੱਕ ਨਵਾਂ ਰੂਪ ਦੇਣ ਲਈ ਰੀਬ੍ਰਾਂਡਿੰਗ ਦੀ ਸ਼ੁਰੂਆਤ ਕਰਦੇ ਹੋਏ ਪੇਸ਼ ਕੀਤਾ ਹੈ ਕੇਸ਼ ਕਿੰਗ ਗੋਲਡ।ਇਸ ਨਾਲ ਬ੍ਰਾਂਡ ਦੀ ਪਛਾਣ ਪੇਸ਼ਕਾਰੀ ਅਤੇ ਪੈਕੇਜਿੰਗ ਨੂੰ ਇੱਕ ਨਵਾਂ ਅਤੇ ਦਿਲਚਸਪ ਦਰਜਾ ਮਿਲਦਾ ਹੈ।ਇਸ ਰੀਬ੍ਰਾਂਡਿੰਗ ਪਹਿਲ ਦੇ ਜ਼ਰੀਏ ਈਮਾਮੀ ਨੇ ਆਪਣੇ ਬ੍ਰਾਂਡ ਕੇਸ਼ ਕਿੰਗ ਲਈ ਇੱਕ ਵੱਖਰੀ ਰਣਨੀਤੀ ਅਪਣਾਈ ਹੈ।ਬ੍ਰਾਂਡ ਦੇ ਆਯੁਰਵੇਦ ਦੀ ਪਰੰਪਰਾ ਨੂੰ ਪੂਰੀ ਤਰ੍ਹਾਂ ਨਾਲ ਬਰਕਰਾਰ ਰੱਖਦੇ ਹੋਏ ਇਸ ਨਵੇਂ ਉਤਪਾਦ ਨੂੰ ਗਾਹਕਾਂ ਦੀਆਂ ਮੰਗਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ।ਇਸ ਮੌਕੇ ਆਪਣੀ ਗੱਲ ਰੱਖਦੇ ਹੋਏ ਮਿਸ. ਪ੍ਰੀਤੀ ਏ. ਸੁਰੇਕਾ ਐਗਜ਼ੀਕਿਊਟਿਵ ਡਾਇਰੈਕਟਰ ਇਮਾਮੀ ਲਿਮਿਟੇਡ ਨੇ ਕਿਹਾ ਕਿ ਕੇਸ਼ ਕਿੰਗ ਦੀ ਇਹ ਰੀਬ੍ਰਾਂਡਿੰਗ ਸਿਰਫ਼ ਦਿਖਾਵੇ ਲਈ ਕੀਤਾ ਗਿਆ ਕੋਈ ਬਦਲਾਅ ਨਹੀਂ ਹੈ-ਇਸ ਵਿੱਚ ਰਣਨੀਤੀਕ ਰੂਪ ਨਾਲ ਧਿਆਨ ਦੇਣ ਯੋਗ ਬਦਲਾਅ ਕੀਤੇ ਗਏ ਹਨ।

# ਪੁਲਸ ਲਾਈਨ ਗਰਾਊਂਡ 'ਚ ਲਾਈਟ ਐਂਡ ਸਾਊਂਡ ਧਾਰਮਿਕ ਸ਼ੋਅ ਅੱਜ : ਡੀਸੀ

**ਪੱਟੀ (ਬਲਦੇਵ ਸਿੰਘ ਸੰਧੂ)**- ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 17 ਨਵੰਬਰ ਸ਼ਾਮ 5:30 ਤੋਂ 8:30 ਵਜੇ ਤੱਕ ਪੁਲਸ ਲਾਈਨ ਗਰਾਊਂਡ, ਤਰਨ ਤਾਰਨ ਵਿਖੇ ਵਿਸ਼ੇਸ਼ ਲਾਈਟ ਐਂਡ ਸਾਊਂਡ ਸ਼ੋਅ ਕਰਵਾਇਆ ਜਾਵੇਗਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਰਾਹੁਲ ਦੱਸਿਆ ਕਿ ਲਾਈਟ ਐਂਡ ਸਾਊਂਡ ਪ੍ਰੋਗਰਾਮ ਸ਼ਾਮ 5:30 ਵਜੇ ਸ਼ੁਰੂ ਹੋਵੇਗਾ।ਉਨ੍ਹਾਂ ਦੱਸਿਆ ਕਿ 5:30 ਤੋਂ 6:30 ਦਰਮਿਆਨ ਢਾਡੀ ਜਥੇ ਵੱਲੋਂ ਗੁਰੂ ਸਾਹਿਬ ਦੇ ਜੀਵਨ ਸਬੰਧੀ ਪ੍ਰਸੰਗ ਪੇਸ਼ ਕੀਤਾ ਜਾਵੇਗਾ ਅਤੇ ਉਸ ਉਪਰੰਤ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਤੇ ਸ਼ਹਾਦਤ 'ਤੇ ਅਧਾਰਿਤ ਲਾਈਟ ਐਂਡ ਸਾਊਂਡ ਸ਼ੋਅ 6:30 ਵਜੇ ਸ਼ੁਰੂ ਹੋਵੇਗਾ।ਉਨ੍ਹਾਂ ਕਿਹਾ ਕਿ ਆਵਾਜ਼ ਅਤੇ ਰੌਸ਼ਨੀਆਂ ਦੇ ਸੁਮੇਲ ਨਾਲ ਲਾਈਟ ਐਂਡ ਸਾਊਂਡ ਸ਼ੋਅ ਦੌਰਾਨ ਗੁਰੂ ਸਾਹਿਬ ਦੇ ਜੀਵਨ ਨੂੰ ਦਰਸਾਉਂਦੀਆਂ ਪਰਮੁੱਖ ਘਟਨਾਵਾਂ ਨੂੰ ਬਾਖੂਬੀ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਐਂਟਰੀ ਬਿਲਕੁਲ ਮੁਫ਼ਤ ਹੋਵੇਗੀ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਇਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ।ਡਿਪਟੀ ਕਮਿਸ਼ਨਰ ਨੇ ਸਮੂਹ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਲਾਈਟ ਐਂਡ ਸਾਊਂਡ ਸਮਾਗਮ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ।



# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੱਗੋਬੂਆ ਨੇ ਜ਼ਿਲ੍ਹੇ ਦਾ ਨਾਂਅ ਰੁਸ਼ਨਾਇਆ



**ਝਬਾਲ (ਹਰਜਿੰਦਰ ਸਿੰਘ ਸੋਨੀ)**- ਰਾਜ ਪੱਧਰੀ ਕਲਾ ਉਤਸਵ-2025 ਦੇ ਮੁਕਾਬਲਿਆਂ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਗੱਗੋਬੂਆ ਦੀ ਟੀਮ ਨੇ ਇੰਸਟਰੂਮੈਂਟ ਮਿਊਜ਼ਿਕ ਗਰੁੱਪ (ਫੋਕ ਆਰਕੈਸਟ੍ਰਾ) ਵਿਭਾਗ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਉਪਲੱਬਧੀ ਨਾਲ ਸਕੂਲ ਨੇ ਨਾ ਸਿਰਫ਼ ਆਪਣਾ ਸਗੋਂ ਤਰਨ ਤਾਰਨ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।ਉਲੇਖਣਯੋਗ ਹੈ ਕਿ ਅੰਮ੍ਰਿਤਸਰ ਜ਼ੋਨ ਅਧੀਨ ਆਉਣ ਵਾਲੇ ਸਕੂਲਾਂ ਵਿੱਚੋਂ ਜੋ ਟੀਮਾਂ ਪਹਿਲਾ ਸਥਾਨ ਪ੍ਰਾਪਤ ਕਰਦੀਆਂ ਹਨ,ਓਹੀ ਰਾਜ ਪੱਧਰ ਉਤੇ ਭਾਗ ਲੈਂਦੀਆਂ ਹਨ।ਗੱਗੋਬੂਆ ਸਕੂਲ ਦੀ ਟੀਮ ਨੇ ਜ਼ੋਨ ਪੱਧਰ 'ਤੇ ਪਹਿਲਾ ਸਥਾਨ ਹਾਸਲ ਕਰਕੇ ਰਾਜ ਪੱਧਰ ਤੱਕ ਆਪਣੀ ਯੋਗਤਾ ਸਾਬਤ ਕੀਤੀ।ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਸ੍ਰ: ਸਤਨਾਮ ਸਿੰਘ ਬਾਠ ਅਤੇ ਸਕੂਲ ਪ੍ਰਿੰਸੀਪਲ ਅਨੂ ਮੌਂਗਾ ਨੇ ਇਸ ਮਹੱਤਵਪੂਰਨ ਪ੍ਰਾਪਤੀ 'ਤੇ ਟੀਮ ਦੇ ਗਾਈਡ ਅਧਿਆਪਕ ਪ੍ਰਭਜੀਤ ਸਿੰਘ (ਲੈਕ. ਬਾਇਓਲੋਜੀ) ਨੂੰ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਇਸ ਪ੍ਰਾਪਤੀ ਦੇ ਪਿੱਛੇ ਵਿਦਿਆਰਥੀਆਂ ਦੀ ਅਟੱਲ ਮਿਹਨਤ, ਜਜ਼ਬਾ ਅਤੇ ਗਾਈਡ ਅਧਿਆਪਕ ਦੀ ਨਿਭਾਏ ਮਾਰਗਦਰਸ਼ਨ ਦੀ ਵੱਡੀ ਭੂਮਿਕਾ ਹੈ।ਉਨ੍ਹਾਂ ਨੇ ਟੀਮ ਦੇ ਸਾਰੇ ਭਾਗੀ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਅਜੇਹੇ ਪ੍ਰਤਿਭਾਸ਼ਾਲੀ ਵਿਦਿਆਰਥੀ ਸਕੂਲ ਅਤੇ ਜ਼ਿਲ੍ਹੇ ਦਾ ਮਾਣ ਵਧਾ ਰਹੇ ਹਨ ਅਤੇ ਅੱਗੇ ਵੀ ਐਸੀ ਹੀ ਉਚਾਈਆਂ ਹਾਸਲ ਕਰਨਗੇ।

# ਆਲ ਡਿਪਲੋਮਾ/ਡਿਗਰੀ ਅਪਰੈਂਟਿਸਸ਼ਿਪ ਐਸੋਸੀਏਸ਼ਨ ਵੱਲੋਂ ਧਰਨਾ ਸਮਾਪਤ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਆਲ ਡਿਪਲੋਮਾ ਡਿਗਰੀ ਅਪਰੈਂਟਿਸਸ਼ਿਪ ਐਸੋਸੀਏਸ਼ਨ ਨੇ 10 ਨਵੰਬਰ ਨੂੰ ਪੀਐੱਸਪੀਸੀਐੱਲ ਦੇ ਮੁੱਖ ਦਫਤਰ ਅੱਗੇ ਧਰਨਾ ਸ਼ੁਰੂ ਕੀਤਾ ਸੀ। ਧਰਨੇ ਦਾ ਕਾਰਨ ਡਿਪਲੋਮਾ ਡਿਗਰੀ ਤੋਂ ਬਾਅਦ ਪੀਐੱਸਪੀਸੀਐੱਲ/ਪੀਐੱਸਟੀਸੀਐੱਲ ਅਦਾਰੇ ਵੱਲੋਂ ਇਕ ਸਾਲ ਦੀ ਅਪਰੈਂਟਿਸਸ਼ਿਪ ਭਰਤੀ ਕੀਤੀ ਜਾਂਦੀ ਹੈ।ਇਸ ਤੋਂ ਬਾਅਦ ਅਪਰੈਂਟਿਸਸ਼ਿਪ ਦੇ ਆਧਾਰ 'ਤੇ ਭਰਤੀ ਨਹੀਂ ਕਰਦੇ। ਅਸੀਂ ਭਾਰਤ ਸਰਕਾਰ ਦੇ ਜਾਰੀ ਕੀਤੇ ਕਈ ਨੋਟੀਫਿਕੇਸ਼ਨਾਂ ਨੂੰ ਆਧਾਰ ਬਣਾ ਮਸਲੇ ਦਾ ਹੱਲ ਕਰਨ ਲਈ ਅਪੀਲ ਕੀਤੀ ਜਿਸਦੇ ਸਿੱਟੇ ਵਜੋਂ ਸਾਡੇ ਸਾਰੇ ਡਾਕੂਮੈਂਟ ਰਿਸੀਵ ਕਰਕੇ 13 ਨਵੰਬਰ ਦਿਨ ਵੀਰਵਾਰ ਤੱਕ ਸਾਡਾ ਮਸਲਾ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ ਸੀ ਪਰ ਅਦਾਰੇ ਨੇ ਇਸ ਨੂੰ ਲਿਖਤੀ ਰੂਪ 'ਚ ਦੇਣ ਤੋਂ ਮਨ੍ਹਾ ਕੀਤਾ ਸੀ ਜਿਸ ਕਰਕੇ 10 ਨਵੰਬਰ ਤੋਂ ਧਰਨਾ ਵਧਾ ਕੇ 13 ਨਵੰਬਰ ਤੱਕ ਕੀਤਾ ਅਤੇ ਇਨ੍ਹਾਂ ਦੇ ਫੈਸਲੇ ਦੀ ਉਡੀਕ ਕੀਤੀ।13 ਨਵੰਬਰ ਨੂੰ ਸਮੂਹ ਸਟਾਫ ਨਾਲ ਦੁਪਹਿਰੇ 2 ਵਜੇ ਮੀਟਿੰਗ ਹੋਈ ਅਤੇ ਸਾਡੀ ਜਾਇਜ਼ ਮੰਗ 'ਤੇ ਗੱਲਬਾਤ ਤੋਂ ਬਾਅਦ ਖਾਲੀ ਪਈਆਂ ਅਸਾਮੀਆਂ ਦਾ ਵੇਰਵਾ ਲਿਆ ਅਤੇ ਅਸਾਮੀਆਂ ਵਿਚ ਸਾਡੀ ਡਿਪਲੋਮਾ ਡਿਗਰੀ ਅਪਰੈਂਟਿਸਸ਼ਿਪ ਯੋਗਤਾ ਲਾਜ਼ਮੀ ਕਰਨ ਅਤੇ ਭਰਤੀ ਪ੍ਰਕਿਰਿਆ ਸ਼ੁਰੂ ਕਰਨ ਦੇ ਆਦੇਸ਼ ਦਿੱਤੇ।ਭਰੋਸਾ ਤਾਂ ਮਿਲ ਗਿਆ ਪਰ ਨੋਟੀਫੇਕਸ਼ਨ ਜਲਦੀ ਜਾਰੀ ਹੋਵੇ ਨਹੀਂ ਤਾਂ ਫਿਰ ਤੋਂ ਸੰਘਰਸ਼ ਸ਼ੁਰੂ ਕੀਤਾ ਜਾ ਸਕਦਾ ।ਸੰਘਰਸ਼ ਦੌਰਾਨ ਯੂਨੀਅਨ ਪ੍ਰਧਾਨ ਗੁਰਦੀਪ ਸਿੰਘ ਅਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੇ ਸਮੂਹ ਯੂਨੀਅਨ ਮੈਂਬਰ ਸ਼ਾਮਿਲ ਰਹੇ।

# 10ਵੇਂ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਦਾ ਸ਼ਾਨਦਾਰ ਆਗਾਜ਼

## ਸਾਹਿਤ ਭੂਤਕਾਲ ਅਤੇ ਭਵਿੱਖ 'ਚ ਪੁਲ ਦਾ ਇੱਕ ਜ਼ਰੀਆ ਬਣਦਾ : ਡਾ. ਕਰਮਜੀਤ ਸਿੰਘ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਸਾਹਿਤ ਜੀਵਨ ਦਾ ਇਕ ਅਹਿਮ ਪਹਿਲੂ ਹੈ ਅਤੇ ਕਿਤਾਬਾਂ ਜੀਵਨ ਨੂੰ ਦਿਸ਼ਾ ਨਿਰਦੇਸ਼ ਦਿੰਦੀਆਂ ਹਨ।ਗਿਆਨ ਦੇ ਵਾਧੇ ਦੇ ਨਾਲ-ਨਾਲ ਕਿਤਾਬਾਂ ਮਨੁੱਖੀ ਦਿਮਾਗ ਨੂੰ ਤਿੱਖਾ ਅਤੇ ਤਾਜਾ ਕਰਦੀਆਂ ਹਨ।ਪੁਸਤਕ ਸੱਭਿਆਚਾਰ ਦੇ ਵਾਧੇ ਅਤੇ ਵਿਕਾਸ ਦੇ ਉਦੇਸ਼ ਨੂੰ ਮੁੱਖ ਰੱਖਦਿਆਂ ਹੋਇਆ ਹੀ ਇਸ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਦਾ ਆਯੋਜਨ ਹਰ ਸਾਲ ਪੂਰੇ ਜੋਸ਼ ਅਤੇ ਸ਼ਿੱਦਤ ਨਾਲ ਕੀਤਾ ਜਾਂਦਾ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਖਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ, ਆਈ. ਐੱਫ਼. (ਰਿਟਾ.) ਸਾਬਕਾ ਅੰਬੈਸਡਰ ਯੂਐੱਸਏ ਹਾਈ ਕਮਿਸ਼ਨਰ ਆਸਟਰੇਲੀਆ, ਸ. ਨਵਦੀਪ ਸਿੰਘ ਸੂਰੀ, ਖਾਲਸਾ 'ਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ, ਕੌਂਸਲ ਦੇ ਜੁਆਇੰਟ ਸਕੱਤਰ ਗੁਨਬੀਰ ਸਿੰਘ ਦੀ ਮੌਜੂਦਗੀ 'ਚ 10ਵੇਂ ਅੰਮ੍ਰਿਤਸਰ ਸਾਹਿਤ ਉਤਸਵ ਅਤੇ ਪੁਸਤਕ ਮੇਲੇ ਦੇ ਸ਼ਾਨਦਾਰ ਉਦਘਾਟਨ ਮੌਕੇ ਕੀਤਾ।ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੀ ਯੋਗ ਅਗਵਾਈ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਪਰਮਿੰਦਰ ਸਿੰਘ ਦੇ ਸਹਿਯੋਗ ਨਾਲ 5 ਰੋਜ਼ਾ 19 ਨਵੰਬਰ ਤੱਕ ਚੱਲਣ ਵਾਲੇ ਉਕਤ ਮੇਲੇ ਦਾ ਆਰੰਭ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਦੁਆਰਾ ਪ੍ਰਮਾਤਮਾ ਦਾ ਓਟ ਆਸਰਾ ਲੈਂਦਿਆਂ ਸ਼ਬਦ ਗਾਇਨ ਨਾਲ ਕੀਤਾ ਗਿਆ।ਇਸ ਉਪਰੰਤ ਪ੍ਰਿੰ: ਡਾ. ਰੰਧਾਵਾ ਅਤੇ ਡਾ. ਪਰਮਿੰਦਰ ਸਿੰਘ ਨੇ ਸ: ਛੀਨਾ, ਡਾ. ਮਹਿਲ ਸਿੰਘ, ਡਾ. ਕਰਮਜੀਤ ਸਿੰਘ, ਸ: ਨਵਦੀਪ ਸਿੰਘ ਸੂਰੀ, ਸ: ਗੁਨਬੀਰ ਸਿੰਘ ਆਦਿ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਵਾਗਤ ਕੀਤਾ।ਇਸ ਮੌਕੇ ਡਾ. ਕਰਮਜੀਤ ਸਿੰਘ ਨੇ ਕਿਹਾ ਕਿ ਸਾਹਿਤ ਭੂਤਕਾਲ ਅਤੇ ਭਵਿੱਖ 'ਚ ਪੁੱਲ ਦਾ ਜਰੀਆ ਬਣਦਾ ਹੈ।ਉਨ੍ਹਾਂ ਕਿਹਾ ਕਿ ਮਨੁੱਖ ਦੀਆਂ ਭਾਵਨਾਵਾਂ ਦੀ ਪੇਸ਼ਕਾਰੀ ਦਾ ਸਾਧਨ ਸਹਿਤ ਹੀ ਬਣਦਾ ਹੈ।ਕਾਲਜ ਦੁਆਰਾ ਅਜਿਹੇ ਮੇਲੇ ਕਰਵਾਉਣ ਅਤੇ ਗਿਆਨ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦਾ ਇਹ ਇਕ ਯੋਗ ਉਪਰਾਲਾ ਹੈ।ਕਿਤਾਬਾਂ ਜਾਣਕਾਰੀ ਦਾ ਠੋਸ ਸਾਧਨ ਹੈ।ਉਨ੍ਹਾਂ ਨੇ ਮਹੀਨੇ 'ਚ ਕੋਈ ਇਕ ਪੁਸਤਕ ਖਰੀਦ ਕੇ ਪੜ੍ਹਨ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਪੰਜਾਬੀ ਸਾਹਿਤ ਦੇ ਪ੍ਰਸਿੱਧ ਨਾਵਲਕਾਰ ਨਾਨਕ ਸਿੰਘ ਦੇ ਪੋਤਰੇ ਸ: ਸੂਰੀ ਨੇ ਕਿਹਾ ਕਿ ਕਿਤਾਬੀ ਗਿਆਨ ਰਾਹੀਂ ਹੀ ਉਹ ਉੱਚ ਅਹੁੱਦੇ ਤੱਕ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਅਜੋਕੀ ਪੀੜ੍ਹੀ ਨੂੰ ਆਪਣੇ ਗਿਆਨ 'ਚ ਵਾਧਾ ਕਰਨ ਲਈ ਕਿਤਾਬਾਂ ਨਾਲ ਜੁੜਨਾ ਜ਼ਰੂਰੀ ਹੈ। ਜਾਣਕਾਰੀ ਅਤੇ ਗਿਆਨ 'ਚ ਵਾਧਾ ਹੀ ਮਨੁੱਖੀ ਤਰੱਕੀ ਦਾ ਮੁੱਖ ਆਧਾਰ ਹੈ। ਉਨ੍ਹਾਂ ਜੀਵਨ ਦੇ ਤਜਰਬਿਆਂ ਨੂੰ ਸਾਂਝਾ ਕਰਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੜ੍ਹਨ ਅਤੇ ਕਿਤਾਬੀ ਗਿਆਨ ਨਾਲ ਜੁੜਨ ਲਈ ਪ੍ਰੇਰਿਤ ਕੀਤਾ।ਸ: ਛੀਨਾ ਨੇ ਕਿਹਾ ਕਿ ਅੱਜਕੱਲ ਦੇ ਤਕਨੀਕੀ ਯੁੱਗ 'ਚ ਪੈਸਾ ਕਮਾਉਣ ਦੀ ਹੋੜ ਨੇ ਪੜ੍ਹਨ-ਪੜ੍ਹਾਉਣ ਦੇ ਰੁਝਾਨ ਨੂੰ ਬਹੁਤ ਢਾਹ ਲਾਈ ਹੈ।ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਕਿਤਾਬਾਂ ਨਾਲ ਜੋੜਨ ਅਤੇ ਉਨ੍ਹਾਂ ਦੇ ਸਰਵਪੱਖੀ ਵਿਕਾਸ ਲਈ ਅਜਿਹੇ ਸਮਾਗਮ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੁੜਨ ਲਈ ਵੀ ਪ੍ਰੇਰਿਤ ਕੀਤਾ।ਉਨ੍ਹਾਂ ਮੇਲੇ ਦਾ ਸਫਲ ਆਯੋਜਨ ਕਰਵਾਉਣ ਲਈ ਪ੍ਰਿੰ: ਡਾ. ਰੰਧਾਵਾ ਅਤੇ ਸਮੂਹ ਵਿਭਾਗ ਦੀ ਸ਼ਲਾਘਾ ਕੀਤੀ।



TRIDENT HUMANITY FOUNDATION
ਸੀ.ਐਮ.ਸੀ. ਲੁਧਿਆਣਾ ਦੇ ਸਹਿਯੋਗ ਨਾਲ ਆਯੋਜਿਤ
ਫ੍ਰੀ ਮੇਗਾ ਮੈਡੀਕਲ ਕੈਂਪ 2025
ਟ੍ਰਾਈਡੈਂਟ ਗਰੁੱਪ ਦੀ ਸੀ.ਐਸ.ਆਰ. ਪਹਿਲ




ਕਾਰਡੀਓਲੋਜੀ ਅਤੇ ਕਾਰਡੀਓਥੋਰੈਸਿਕ ਵੈਸਕੂਲਰ ਸਰਜਰੀ | ਡੈਂਟਲ ਸਕੇਲਿੰਗ, ਫਿਲਿੰਗ ਅਤੇ ਐਕਸਟ੍ਰੈਕਸ਼ਨ
ਫ੍ਰੀ ਡਾਇਗਨੋਸਟਿਕ ਟੈਸਟਸ - ਐਕਸ-ਰੇ, ਈ.ਸੀ.ਜੀ. | ਡਾਇਟ ਐਡਵਾਈਸ ਅਤੇ ਕਾਉਂਸਲਿੰਗ
ਈ.ਐਨ.ਟੀ. | ਆਮ ਸਿਹਤ ਜਾਂਚ ਅਤੇ ਸਪੈਸ਼ਲਿਸਟ ਕਨਸਲਟੇਸ਼ਨ | ਫ੍ਰੀ ਮੈਡਿਸਿਨਜ਼ | ਨੇਫਰੋਲੋਜੀ
ਜਨਰਲ ਸਰਜਰੀ | ਨਿਊਰੋਲੋਜੀ - ਸਟ੍ਰੋਕ ਅਤੇ ਨਿਊਰੋਮਸਕਿਊਲਰ ਕਲਿਨਿਕ | ਆਰਥੋਪੀਡਿਕਸ
ਆਈ - ਸਕ੍ਰੀਨਿੰਗ, ਓਪਟੀਕਲ ਡਿਸਪੈਂਸਿੰਗ, ਕੈਟਰੇਕਟ ਸਰਜਰੀ ਅਤੇ ਫ੍ਰੀ ਆਈਗਲਾਸਿਜ਼

ਸਥਾਨ: ਕਲਚਰਲ ਸੈਂਟਰ, ਟਰਾਈਡੈਂਟ ਕੰਪਲੈਕਸ ਦੇ ਸਾਹਮਣੇ, ਰਾਏਕੋਟ ਰੋਡ, ਸੰਘੇੜਾ, ਬਰਨਾਲਾ, ਪੰਜਾਬ | 08:00 AM
ਸੰਪਰਕ: ਪਵਨ ਸਿੰਗਲਾ - 9878997255 | ਰੁਪਿੰਦਰ ਕੌਰ - 9878997983 | ਸਾਹਿਲ ਗੁਲਾਟੀ - 9878997200

ਆਓ, ਇੱਕ ਸਿਹਤਮੰਦ ਸਮਾਜ ਵੱਲ ਸਾਡੀ ਕੋਸ਼ਿਸ਼ ਵਿੱਚ ਭਾਗੀਦਾਰ ਬਣੋ।

TRIDENTGROUP®
Being different is normal

17-Nov-PAGE-4.qxd 11/16/2025 10:48 PM Page 1

ਨਵਾਂ ਜ਼ਮਾਨਾ
ਸੋਮਵਾਰ, 17 ਨਵੰਬਰ 2025

# ਬਿਹਾਰ ਅਜੇ ਹੋਰ ਹੈਰਾਨ ਕਰੇਗਾ

*ਬਿਹਾਰ ਅਸੈਂਬਲੀ ਚੋਣਾਂ ਵਿੱਚ ਐੱਨ ਡੀ ਏ ਦੀ ਜ਼ਬਰਦਸਤ ਜਿੱਤ ਨੇ ਉਨ੍ਹਾਂ ਨੂੰ ਵੀ ਹੈਰਾਨ ਕਰ ਦਿੱਤਾ ਹੈ, ਜਿਹੜੇ ਜਿੱਤ ਬਾਰੇ ਤਾਂ ਆਸਵੰਦ ਸਨ, ਪਰ ਉਨ੍ਹਾਂ ਇਹ ਨਹੀਂ ਸੋਚਿਆ ਸੀ ਕਿ ਜਿੱਤ ਦਾ ਫਰਕ ਏਨਾ ਹੋਵੇਗਾ। ਦਰਅਸਲ ਇਹ ਚੋਣਾਂ ਇੱਕ ਤੋਂ ਵੱਧ ਹੈਰਾਨੀ ਵਾਲੀਆਂ ਚੋਣਾਂ ਸਾਬਤ ਹੋਈਆਂ ਹਨ। 243 ਵਿੱਚੋਂ 202 ਸੀਟਾਂ ਜਿੱਤਣ ਵਾਲੇ ਐੱਨ ਡੀ ਏ ਦੀ ਲੀਡ ਉਨ੍ਹਾਂ ਜ਼ਿਲ੍ਹਿਆਂ ਵਿੱਚ ਵੀ ਦੇਖਣ ਨੂੰ ਮਿਲੀ, ਜਿਨ੍ਹਾਂ ਨੂੰ ਆਪੋਜ਼ੀਸ਼ਨ ਦਾ ਗੜ੍ਹ ਸਮਝਿਆ ਜਾਂਦਾ ਸੀ। 174 ਸੀਟਾਂ 'ਤੇ ਜਿੱਤ ਦਾ ਫਰਕ ਵੋਟਰ ਲਿਸਟਾਂ ਦੀ ਵਿਸ਼ੇਸ਼ ਡੂੰਘੀ ਸੁਧਾਈ (ਐੱਸ ਆਈ ਆਰ) ਦੌਰਾਨ ਕੱਟੇ ਗਏ ਨਾਵਾਂ ਨਾਲੋਂ ਘੱਟ ਰਿਹਾ। ਆਪੋਜ਼ੀਸ਼ਨ ਨੇ 2020 ਵਿੱਚ ਜਿਹੜੀਆਂ 91 ਸੀਟਾਂ ਜਿੱਤੀਆਂ ਸਨ, ਉਨ੍ਹਾਂ ਵਿੱਚੋਂ 75 ਐੱਨ ਡੀ ਏ ਜਿੱਤ ਗਿਆ ਤੇ ਮਹਾਂ-ਗੱਠਬੰਧਨ ਸਿਰਫ 15 ਜਿੱਤ ਸਕਿਆ, ਜਦਕਿ ਇੱਕ ਸੀਟ ਇੱਕ ਨਿੱਕੀ ਪਾਰਟੀ ਲੈ ਗਈ। ਭਾਜਪਾ ਨੇ ਕੁਰਹਾਨੀ ਸੀਟ ਸਿਰਫ 616 ਵੋਟਾਂ ਦੇ ਫਰਕ ਨਾਲ ਖੋਹੀ, ਜਦਕਿ ਵੋਟਰ ਲਿਸਟਾਂ ਵਿੱਚੋਂ 24 ਹਜ਼ਾਰ ਵੋਟਰਾਂ ਦੇ ਨਾਂਅ ਕੱਟ ਦਿੱਤੇ ਗਏ ਸਨ। ਜਨਤਾ ਦਲ (ਯੂ) ਨੇ ਸੰਦੇਸ਼ ਸੀਟ 27 ਵੋਟਾਂ ਦੇ ਫਰਕ ਨਾਲ ਖੋਹੀ, ਜਦਕਿ ਇੱਥੇ 25682 ਵੋਟਰਾਂ ਦੇ ਨਾਂਅ ਕੱਟ ਦਿੱਤੇ ਗਏ ਸਨ। ਕਾਂਗਰਸ ਦਾ ਦਾਅਵਾ ਹੈ ਕਿ ਐੱਨ ਡੀ ਏ ਨੇ 128 ਸੀਟਾਂ ਵੋਟਰਾਂ ਦੇ ਨਾਂਅ ਕੱਟੇ ਜਾਣ ਕਾਰਨ ਜਿੱਤੀਆਂ ਹਨ। ਇਸ ਦਾ ਸਿਹਰਾ ਮੁੱਖ ਚੋਣ ਕਮਿਸ਼ਨਰ ਨੂੰ ਜਾਂਦਾ ਹੈ!*

*ਇਹ ਤੱਥ ਵੀ ਹੈਰਾਨ ਕਰਨ ਵਾਲਾ ਹੈ ਕਿ ਭਾਜਪਾ ਦੀਆਂ 20.08 ਫੀਸਦੀ ਦੇ ਮੁਕਾਬਲੇ ਰਾਸ਼ਟਰੀ ਜਨਤਾ ਦਲ ਨੇ 23 ਫੀਸਦੀ ਵੋਟਾਂ ਹਾਸਲ ਕੀਤੀਆਂ, ਪਰ ਉਸ ਦੇ ਹੱਥ ਸਿਰਫ 25 ਸੀਟਾਂ ਲੱਗੀਆਂ, ਜਦਕਿ ਭਾਜਪਾ ਸਭ ਤੋਂ ਵੱਧ 89 ਸੀਟਾਂ ਜਿੱਤ ਗਈ। ਕਾਂਗਰਸ ਨੇ 2015 ਵਿੱਚ 6.66 ਫੀਸਦੀ ਵੋਟਾਂ ਨਾਲ 27 ਸੀਟਾਂ ਜਿੱਤੀਆਂ ਸਨ, ਪਰ ਐਤਕੀਂ 8.71 ਫੀਸਦੀ ਵੋਟਾਂ ਲੈ ਕੇ ਵੀ ਸਿਰਫ 6 ਸੀਟਾਂ ਜਿੱਤ ਸਕੀ। ਆਲ ਇੰਡੀਆ ਮਜਲਿਸ-ਏ-ਇਤਿਹਾਦੁੱਲ ਮੁਸਲਮੀਨ ਸਿਰਫ 1.85 ਫੀਸਦੀ ਵੋਟਾਂ ਨਾਲ 5 ਸੀਟਾਂ ਜਿੱਤ ਗਈ।*

*ਭਵਿੱਖ ਵਿੱਚ ਬਿਹਾਰ ਹੋਰ ਵੀ ਹੈਰਾਨ ਕਰ ਸਕਦਾ ਹੈ। ਜਿੱਤ ਦਾ ਜਸ਼ਨ ਭਾਜਪਾ ਨੇ ਢੋਲ-ਢਮੱਕਿਆਂ ਨਾਲ ਮਨਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਇਸ ਵਿੱਚ ਸ਼ਾਮਲ ਹੋਏ। ਇਸ ਦੇ ਉਲਟ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਪਟਨਾ ਸਥਿਤ ਕੋਠੀ 'ਚ ਜਸ਼ਨ ਨਜ਼ਰ ਨਹੀਂ ਆਇਆ। ਉਨ੍ਹਾ ਦੀ ਕੋਠੀ 'ਚ ਵੀ ਨਾਲ ਲਗਦੀ ਲਾਲੂ ਪ੍ਰਸਾਦ ਦੀ ਕੋਠੀ ਵਰਗੀ ਬੇਰੌਣਕੀ ਨਜ਼ਰ ਆਈ ਹੈ। ਐੱਨ ਡੀ ਏ ਵੱਲੋਂ ਅਜੇ ਇਹ ਐਲਾਨ ਨਹੀਂ ਕੀਤਾ ਗਿਆ ਕਿ ਨਿਤੀਸ਼ ਕੁਮਾਰ ਮੁੱਖ ਮੰਤਰੀ ਵਜੋਂ ਕਦੋਂ ਸਹੁੰ ਚੁੱਕਣਗੇ। ਮਹਾਰਾਸ਼ਟਰ ਵਿੱਚ ਭਾਜਪਾ ਨੇ ਸ਼ਿਵ ਸੈਨਾ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਦੀ ਅਗਵਾਈ ਵਿੱਚ ਚੋਣਾਂ ਲੜੀਆਂ ਸਨ, ਪਰ ਨਤੀਜਿਆਂ ਤੋਂ ਬਾਅਦ ਉਨ੍ਹਾ ਨੂੰ ਉਪ ਮੁੱਖ ਮੰਤਰੀ ਬਣਨ ਲਈ ਮਜਬੂਰ ਕਰ ਦਿੱਤਾ ਸੀ। ਮਹਾਰਾਸ਼ਟਰ ਵਾਂਗ ਬਿਹਾਰ ਵਿੱਚ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਕੇ ਉੱਭਰੀ ਹੈ ਅਤੇ ਉਹ ਚਾਹੇ ਤਾਂ ਆਪੋਜ਼ੀਸ਼ਨ ਵਿੱਚ ਭੰਨਤੋੜ ਕਰਕੇ ਨਿਤੀਸ਼ ਤੋਂ ਬਿਨਾਂ ਵੀ ਸਰਕਾਰ ਬਣਾ ਸਕਦੀ ਹੈ। ਹਾਲ ਦੀ ਘੜੀ ਉਹ ਨਿਤੀਸ਼ ਨੂੰ ਮੁੱਖ ਮੰਤਰੀ ਬਣਾ ਸਕਦੀ ਹੈ, ਪਰ ਹੈਰਾਨੀ ਨਹੀਂ ਹੋਵੇਗੀ ਜੇ ਕੁਝ ਮਹੀਨਿਆਂ ਬਾਅਦ ਹੇਠੋਂ ਕੁਰਸੀ ਖਿੱਚ ਲਵੇ। ਇਸ ਲਈ ਉਹ ਨਿਤੀਸ਼ ਦੀ ਪਾਰਟੀ ਨੂੰ ਵੀ ਤੋੜ ਸਕਦੀ ਹੈ। ਉਸ ਅੱਗੇ ਅੜਿੱਕਾ ਸਿਰਫ ਇੱਕ ਹੀ ਹੈ ਕਿ ਮੋਦੀ ਸਰਕਾਰ ਇਸ ਵੇਲੇ ਨਿਤੀਸ਼ ਦੇ ਆਸਰੇ ਹੈ। ਤਾਂ ਵੀ, ਚਾਣਕਿਆ ਸ਼ਾਹ ਕਿਸੇ ਵੀ ਵੇਲੇ ਹੈਰਾਨ ਕਰ ਸਕਦਾ ਹੈ।*

# ਆਸਥਾ, ਲੱਡੂ ਘੁਟਾਲਾ ਤੇ ਮਿਲਾਵਟਖੋਰੀ



ਡਾ. ਬਲਜਿੰਦਰ ਸਿੰਘ

ਆਂਧਰਾ ਪ੍ਰਦੇਸ਼ ਦਾ ਸ਼ਹਿਰ ਹੈ- ਤਿਰੂਪਤੀ। ਐਥੇ ਆ ਇੱਕ ਮੰਦਰ- ਸਵਾਮੀ ਵੈਂਕਟੇਸ਼ਵਰ ਮੰਦਰ, ਜਿੱਥੇ ਮੁਲਕ ਭਰ ਤੋਂ ਸ਼ਰਧਾਲੂ ਆਸਥਾ ਮੁਜ਼ਬ ਯਾਤਰਾ ਕਰਨ ਨੂੰ ਆਪਣਾ ਧੰਨਭਾਗ ਸਮਝਦੇ ਹਨ। ਇਸ ਮੰਦਰ ਸਮੇਤ ਆਂਧਰਾ ਪ੍ਰਦੇਸ਼ ਦੇ ਹੋਰਨਾਂ ਕਾਫ਼ੀ ਮੰਦਰਾਂ ਦੀ ਸੇਵਾ-ਸੰਭਾਲ ਅਤੇ ਪ੍ਰਬੰਧਨ ਲਈ ਸਰਕਾਰ ਦੀ ਨਿਗਰਾਨੀ ਹੇਠ ਇੱਕ ਆਜ਼ਾਦ ਟਰੱਸਟ ਤਿਰੂਮਲਾ ਤਿਰੂਪਤੀ ਦੇਵਾਸਥਾਨਮਜ਼ (ਟੀਟੀਡੀ) ਕਾਇਮ ਕੀਤਾ ਹੋਇਆ ਹੈ। ਪਿਛਲੇ ਸਾਲ ਅਕਤੂਬਰ 'ਚ ਇੱਥੇ ਚੜ੍ਹਾਏ ਜਾਣ ਵਾਲੇ ਪ੍ਰਸਾਦ ਰੂਪੀ ਲੱਡੂਆਂ 'ਚ ਮਿਲਾਵਟ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ। ਸੁਪਰੀਮ ਕੋਰਟ ਕੋਲ ਇਹ ਮਾਮਲਾ ਪਹੁੰਚਿਆ, ਕੋਰਟ ਨੇ ਇਸ ਮਸਲੇ 'ਤੇ ਸਿਆਸੀ ਰੋਟੀਆਂ ਸੇਕਣ ਨੂੰ ਗ਼ਲਤ ਕਹਿੰਦਿਆਂ ਇਸ ਮਸਲੇ ਨੂੰ ਸੀ ਬੀ ਆਈ ਦੇ ਸਪੁਰਦ ਕਰ ਦਿੱਤਾ। ਅੱਗੋਂ ਸੀ ਬੀ ਆਈ ਨੇ ਇਹਦੇ ਲਈ ਇੱਕ ਸਪੈਸ਼ਲ ਜਾਂਚ ਟੀਮ ਯਾਨੀ ਕਿ ਐੱਸ ਆਈ ਟੀ ਦਾ ਗਠਨ ਕੀਤਾ ਸੀ।

ਟੀਮ ਨੇ ਆਪਣੀ ਜਾਂਚ ਕਰਕੇ ਦਿੱਤੀ ਰਿਪੋਰਟ 'ਚ ਕਿਹਾ ਹੈ ਕਿ ਲੱਡੂਆਂ ਵਿੱਚ ਮਿਲਾਵਟ ਦਾ ਇਹ ਘੁਟਾਲਾ ਕੋਈ ਹੁਣ ਦਾ ਤਾਜ਼ਾ ਮਾਮਲਾ ਨਹੀਂ ਹੈ, ਬਲਕਿ ਇਹ ਤਾਂ 2019 ਤੋਂ ਹੀ ਚੱਲ ਰਿਹਾ ਹੈ। ਰਿਪੋਰਟ ਨੇ ਇਹ ਵੀ ਦੱਸਿਆ ਹੈ ਕਿ 2019 ਤੋਂ ਲੈ ਕੇ 2024 ਤੱਕ ਦੇ ਪੰਜ ਸਾਲਾਂ ਦੇ ਅਰਸੇ ਦੌਰਾਨ ਇੱਥੇ ਲੱਡੂਆਂ ਨੂੰ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਦੇਸੀ ਘਿਓ ਦੀ ਥਾਂ 'ਤੇ ਨਕਲੀ ਘਿਓ ਸਪਲਾਈ ਕੀਤਾ ਜਾਂਦਾ ਰਿਹਾ। ਘਿਓ ਦੀ ਕੀਤੀ ਗਈ ਰਸਾਇਣਕ ਜਾਂਚ ਦੱਸਦੀ ਹੈ ਕਿ ਇਹ ਜਾਅਲੀ ਘਿਓ ਮੋਨੋਗਲਿਸਰਾਈਡਜ਼, ਡਾਈਗਲਿਸਰਾਈਡਜ਼ ਅਤੇ ਐਸੇਟਿਕ ਏਸਿਡ ਐਸਟਰਜ਼ ਕੈਮੀਕਲਾਂ ਨੂੰ ਮਿਲਾ ਕੇ ਤਿਆਰ ਕੀਤਾ ਗਿਆ ਪਦਾਰਥ ਸੀ। ਯਾਦ ਰਹਿਣਾ ਚਾਹੀਦਾ ਹੈ ਕਿ ਇਹ ਉਹ ਕੈਮੀਕਲ ਪਦਾਰਥ ਹਨ, ਜਿਹੜੇ ਬੇਕਰੀ ਤੇ ਡੇਅਰੀ ਪਦਾਰਥਾਂ ਨੂੰ ਚਿਕਣਾ ਬਣਾਉਣ ਅਤੇ ਉਹਨਾਂ ਦੀ ਸ਼ੈਲਫ ਲਾਈਫ ਯਾਨੀ ਕਿ ਖ਼ਰਾਬ ਹੋਣ ਦੀ ਮਿਆਦ (ਬੈਸਟ ਬਿਫੋਰ) ਵਧਾਉਣ ਲਈ ਵਰਤੋਂ 'ਚ ਲਿਆਂਦੇ ਜਾਂਦੇ ਹਨ।

ਪੰਜ ਸਾਲਾਂ ਦੇ ਇਸ ਅਰਸੇ ਦੌਰਾਨ ਘਿਓ ਦੀ ਸਪਲਾਈ ਦਾ ਠੇਕਾ ਉਤਰਾਖੰਡ ਦੇ ਭਗਵਾਨਪੁਰਾ ਸਥਿਤ ਡੇਅਰੀ ਭੋਲੇ ਬਾਬਾ ਆਰਗੈਨਿਕ ਡੇਅਰੀ ਨੂੰ ਦਿੱਤਾ ਗਿਆ ਸੀ। ਹੋਰ ਡੂੰਘੀ ਛਾਣਬੀਣ ਤੋਂ ਪਤਾ ਲੱਗਾ ਹੈ ਕਿ ਇਸ ਡੇਅਰੀ ਨੇ ਇਸ ਅਰਸੇ ਦੌਰਾਨ ਘਿਓ, ਮਖਣੀ ਜਾਂ ਦੁੱਧ ਵਰਗੀ ਕਿਸੇ ਵਸਤ ਦੀ ਕੋਈ ਖ਼ਰੀਦੋ-ਫਰੋਖਤ ਹੀ ਨਹੀਂ ਕੀਤੀ, ਪਰ ਹੈਰਾਨੀ ਦੀ ਗੱਲ ਹੈ ਕਿ ਇਸ ਵੱਲੋਂ ਸਪਲਾਈ ਕੀਤੇ ਗਏ 250 ਕਰੋੜ ਰੁਪਏ ਦੀ ਕੀਮਤ ਦੇ 68 ਲੱਖ ਕਿਲੋ ਜਾਅਲੀ ਘਿਓ ਨੇ ਮੰਦਰ ਦੇ ਲੱਡੂ ਵੱਟੇ। ਇਸ ਘੁਟਾਲੇ 'ਚ ਗ੍ਰਿਫ਼ਤਾਰ ਕੀਤੇ ਗਏ ਅਜੇ ਕੁਮਾਰ ਸੁਗੰਧ ਨੇ ਖੁਲਾਸਾ ਕੀਤਾ ਕਿ ਉਹਨੇ ਕਈ ਸਾਲਾਂ ਤੱਕ ਉਪਰੋਕਤ ਰਸਾਇਣਾਂ ਦੀ ਸਪਲਾਈ ਇਸ ਡੇਅਰੀ ਦੇ ਡਾਇਰੈਕਟਰਾਂ ਪੋਮਿਲ ਜੈਨ ਅਤੇ ਵਿਪਿਨ ਜੈਨ ਨੂੰ ਕੀਤੀ, ਜਿਨ੍ਹਾਂ ਨੇ ਇਹਨਾਂ ਨੂੰ ਮਿਲਾ ਕੇ ਇਹ ਜਾਅਲੀ ਦੇਸੀ ਘਿਓ ਤਿਆਰ ਕੀਤਾ। ਐਨਾ ਹੀ ਨਹੀਂ, ਉਹਨਾਂ ਨੇ ਜਾਅਲੀ ਲੇਬਲ ਲਾ ਕੇ ਘਿਓ ਸਪਲਾਈ ਕੀਤਾ ਅਤੇ ਦੁੱਧ ਖ਼ਰੀਦ ਦੇ ਝੂਠੇ ਰਿਕਾਰਡ ਵੀ ਤਿਆਰ ਕੀਤੇ।

ਗੱਲ ਐਥੇ ਹੀ ਨਹੀਂ ਮੁੱਕ ਜਾਂਦੀ, ਜਦੋਂ 2022 'ਚ ਇਸ ਡੇਅਰੀ ਨੂੰ ਬਲੈਕਲਿਸਟ ਕਰ ਦਿੱਤਾ ਗਿਆ ਤਾਂ ਉਨ੍ਹਾਂ ਨੇ ਵੈਸ਼ਨਵੀ ਡੇਅਰੀ (ਤਿਰੂਪਤੀ), ਮਾਲ ਗੰਗਾ ਡੇਅਰੀ (ਉੱਤਰ ਪ੍ਰਦੇਸ਼) ਅਤੇ ਏ ਆਰ ਡੇਅਰੀ (ਤਾਮਿਲਨਾਡੂ) ਦੇ ਨਾਂਅ ਹੇਠ ਘਿਓ ਤਿਆਰ ਕਰਨ ਵਾਲੇ ਨਵੇਂ ਅਦਾਰੇ ਰਜਿਸਟਰ ਕਰਵਾ ਕੇ ਮੰਦਰ ਨੂੰ ਨਕਲੀ ਘਿਓ ਦੀ ਸਪਲਾਈ 'ਚ ਕੋਈ ਵਿਘਨ ਨਹੀਂ ਪੈਣ ਦਿੱਤਾ।

ਇਹ ਵੀ ਪਤਾ ਲੱਗਿਆ ਹੈ ਕਿ ਜਦੋਂ 2023 'ਚ ਗੰਗਾ ਡੇਅਰੀ ਵੱਲੋਂ ਸਪਲਾਈ ਕੀਤੇ ਘਿਓ ਦੇ ਸੈਂਪਲ ਜਾਅਲੀ ਘਿਓ ਦੇ ਪਾਏ ਗਏ ਅਤੇ ਗੰਗਾ ਡੇਅਰੀ ਨੂੰ ਬਲੈਕਲਿਸਟ ਕਰ ਦਿੱਤਾ ਗਿਆ ਅਤੇ ਮੰਦਰ ਨੂੰ ਪਸ਼ੂਆਂ ਦੀ ਚਰਬੀ ਨੂੰ ਮਿਲਾ ਕੇ ਬਣਾਏ ਗਏ ਘਿਓ ਨੂੰ ਸਪਲਾਈ ਕਰਨ ਵਾਲੇ ਚਾਰ ਟੈਂਕਰਾਂ ਨੂੰ ਵਾਪਸ ਮੋੜ ਦਿੱਤਾ ਗਿਆ ਤਾਂ ਡੇਅਰੀ ਪ੍ਰਬੰਧਕਾਂ ਨੇ ਘਿਓ ਦੇ ਟੀਨਾਂ ਤੋਂ ਪੁਰਾਣੇ ਲੇਬਲ ਉਤਾਰ ਕੇ ਨਵੇਂ ਲੇਬਲ ਚਿਪਕਾ ਕੇ ਉਹੀ ਘਿਓ ਮੰਦਰ ਨੂੰ ਮੁੜ ਸਪਲਾਈ ਕਰ ਦਿੱਤਾ। ਐੱਫ ਐੱਸ ਐੱਸ ਏ ਆਈ ਤੇ ਸੀ ਬੀ ਆਈ ਦੀ ਟੀਮ ਜਦੋਂ ਤਾਮਿਲਨਾਡੂ ਸਥਿਤ ਉਸ ਡੇਅਰੀ ਕੰਪਲੈਕਸ ਪਹੁੰਚੀ ਤਾਂ ਪਤਾ ਲੱਗਿਆ ਕਿ ਵਾਪਸ ਮੋੜੇ ਗਏ ਟੈਂਕਰਾਂ ਨੂੰ ਡੇਅਰੀ 'ਚ ਲਿਜਾਣ ਦੀ ਬਜਾਏ ਡੇਅਰੀ ਦੇ ਨੇੜੇ ਹੀ ਸਥਿਤ ਇੱਕ ਸਟੋਨ ਕਰੱਸ਼ਰ ਯੂਨਿਟ 'ਚ ਲਿਜਾ ਕੇ ਨਕਲੀ ਘਿਓ ਦੇ ਟੀਨਾਂ 'ਤੇ ਨਵੇਂ ਲੇਬਲ ਚੇਪ ਕੇ ਮੁੜ ਤੋਂ ਟੀਟੀਡੀ ਨੂੰ ਭੇਜ ਦਿੱਤਾ ਗਿਆ ਸੀ।

ਇਹ ਜਾਨਣਾ ਵੀ ਜ਼ਰੂਰੀ ਹੈ ਕਿ ਇਸ ਮੰਦਰ ਦੇ ਦਰਸ਼ਨਾਂ ਲਈ ਹਰ ਰੋਜ਼ 60,000 ਸ਼ਰਧਾਲੂ ਪਹੁੰਚਦੇ ਹਨ, ਭਾਵ ਸਾਲ ਭਰ 'ਚ 2 ਕਰੋੜ 40 ਲੱਖ ਲੋਕ ਅਤੇ ਸਾਲ ਮਗਰੋਂ ਹੋਣ ਵਾਲੇ ਬ੍ਰਹਮੋਤਸਵਾਂ ਮੌਕੇ ਜਾਂ ਫਿਰ ਛੁੱਟੀਆਂ ਵਾਲੇ ਦਿਨਾਂ 'ਚ ਤਾਂ ਰੋਜ਼ ਦੀ 60 ਹਜ਼ਾਰ ਵਾਲੀ ਇਹ ਗਿਣਤੀ ਇੱਕ ਲੱਖ ਨੂੰ ਵੀ ਟੱਪ ਜਾਂਦੀ ਹੈ। ਗਿਣਤੀ ਇਸ ਲਈ ਦਿੱਤੀ ਗਈ ਹੈ ਕਿ ਆਸਥਾ ਦੇ ਇਸ ਸਥਾਨ ਦੀ ਮਕਬੂਲੀਅਤ ਦਾ ਅੰਦਾਜ਼ਾ ਹੋ ਸਕੇ।

ਗੱਲ ਇਕੱਲੇ ਘੁਟਾਲੇ ਦੀ ਨਹੀਂ ਹੈ। ਇਹ ਵੀ ਜ਼ਿਕਰਯੋਗ ਹੈ ਕਿ ਸ਼ਰਧਾ ਸਥੱਲ ਹੋਣ ਕਰਕੇ ਆਮ ਸਪਲਾਈ ਚੇਨ ਵਾਂਗ ਇੱਥੇ ਕਿਸੇ ਵੀ ਹੋਰ ਆਸਥਾ ਨਾਲ ਸੰਬੰਧਤ ਵਿਅਕਤੀ ਇਸ ਮੰਦਰ ਲਈ ਸਪਲਾਈ ਕਰਨ ਦਾ ਹੱਕ ਨਹੀਂ ਰੱਖਦਾ। ਸਿਰਫ ਇੱਕ ਹਿੰਦੂ ਧਰਮ ਨਾਲ ਤੁਅੱਲਕ ਰੱਖਣ ਵਾਲੇ ਵਿਅਕਤੀ ਹੀ ਇੱਥੇ ਰਸਦ ਆਦਿ ਸਪਲਾਈ ਕਰ ਸਕਦੇ ਹਨ ਅਤੇ ਇਉਂ ਗੱਲ ਉਹਨਾਂ ਉਸੇ ਧਰਮ ਦੇ ਪੈਰੋਕਾਰ ਵਿਅਕਤੀਆਂ ਵੱਲੋਂ ਹੀ ਆਮ ਭੋਲੇ-ਭਾਲੇ ਲੋਕਾਂ ਦੀ ਆਸਥਾ/ਸ਼ਰਧਾ ਭਾਵਨਾ ਨਾਲ ਖਿਲਵਾੜ ਕਰਨ ਦੀ ਹੈ ਅਤੇ ਆਸਥਾ ਨੂੰ ਆਪਣੀ ਮੋਟੀ ਕਮਾਈ ਦਾ ਸਾਧਨ ਬਣਾਉਣ ਦੀ ਵੀ ਹੈ। ਇਉਂ ਲੋਕਾਂ ਦੀ ਸ਼ਰਧਾ-ਭਾਵਨਾ ਨਾਲ ਖਿਲਵਾੜ ਕਰਨਾ, ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ ਧਾਰਮਿਕ ਬੇਅਦਬੀ ਕਰਨ ਵਾਲੇ ਜੁਰਮ ਦੀ ਸ਼੍ਰੇਣੀ 'ਚ ਆਉਂਦਾ ਹੈ, ਜਿਸ ਲਈ ਭਾਰਤੀ ਹਕੂਮਤ ਨੇ 295 ਏ ਨਾਮਕ ਕਾਨੂੰਨ ਲਾਗੂ ਕੀਤਾ ਹੋਇਆ ਹੈ।

ਮੋਦੀ ਦੀ ਅਗਵਾਈ ਹੇਠਲੀ ਕੇਂਦਰੀ ਹਕੂਮਤ ਨੇ ਪਿਛਲੇ ਬਾਰਾਂ ਸਾਲਾਂ ਦੇ ਅਰਸੇ ਦੌਰਾਨ ਅਤੇ ਖ਼ਾਸਕਰ ਪਿਛਲੇ ਸਾਲ ਰਾਮ ਮੰਦਰ ਦੀ ਉਸਾਰੀ ਵੇਲੇ ਲੋਕਾਂ ਵੱਲੋਂ ਸਰਕਾਰ ਦੇ ਇਸ ਕਦਮ ਨੂੰ ਵਿਗਿਆਨਕ ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਸੰਵਿਧਾਨਕ ਫਰਜ਼ ਦੀ ਯਾਦ ਦੁਆਉਂਦੀਆਂ ਸੋਸ਼ਲ ਮੀਡੀਆ 'ਤੇ ਕੀਤੀਆਂ ਟਿੱਪਣੀਆਂ ਤੋਂ ਔਖੇ ਹੋ ਕੇ ਮੁਲਕ ਭਰ ਅੰਦਰ ਹੀ ਅਨੇਕਾਂ ਵਿਅਕਤੀਆਂ ਖ਼ਿਲਾਫ਼ ਧਾਰਮਿਕ ਬੇਅਦਬੀ ਦੇ ਕਾਨੂੰਨ ਤਹਿਤ ਮਾਮਲੇ ਦਰਜ ਕੀਤੇ ਗਏ ਸਨ, ਜਦਕਿ ਉਹ ਸਾਰੇ ਮਾਮਲੇ ਸਰਕਾਰ ਦੀ ਸੰਵਿਧਾਨ ਪ੍ਰਤੀ ਜਵਾਬਦੇਹੀ ਨੂੰ ਲੈ ਕੇ ਲੋਕਾਂ ਨੇ ਉਠਾਏ ਸਨ, ਪਰ ਐਥੇ ਤਾਂ ਮਾਮਲਾ ਸਿੱਧਾ ਹੀ ਲੋਕਾਂ ਦੀ ਆਸਥਾ ਨੂੰ ਠੇਸ ਪਹੁੰਚਾਉਣ ਦਾ ਬਣਦਾ ਹੈ, ਉਹਨਾਂ ਨੂੰ ਗਊ ਚਰਬੀ ਵਰਗੇ ਧਾਰਮਿਕ ਤੌਰ 'ਤੇ ਵਰਜਿਤ ਪਦਾਰਥ ਉਹਨਾਂ ਦੇ ਸੰਘੀਂ ਧੱਕਣ ਦਾ ਹੈ। ਸੰਬੰਧਤ ਵਿਅਕਤੀਆਂ ਨੂੰ ਚਾਹੇ ਗ੍ਰਿਫ਼ਤਾਰ ਤਾਂ ਕਰ ਲਿਆ ਗਿਆ ਹੈ, ਪਰ ਉਹਨਾਂ ਖ਼ਿਲਾਫ਼ ਧਾਰਮਿਕ ਬੇਅਦਬੀ ਦੀਆਂ ਧਾਰਾਵਾਂ ਆਇਦ ਨਹੀਂ ਕੀਤੀਆਂ ਗਈਆਂ ਅਤੇ ਨਾਲ ਹੀ ਇਹ ਵੀ ਕੋਈ ਘੱਟ ਅਹਿਮ ਨਹੀਂ ਹੈ ਕਿ ਇਹ ਸਥਾਨ ਤੇ ਹੋਰ ਮੰਦਰ ਇੱਕ ਸਰਕਾਰੀ ਟਰੱਸਟ ਦੇ ਅਧੀਨ ਹਨ ਅਤੇ ਆਈ ਏ ਐੱਸ ਜਾਂ ਸੂਬਾਈ ਕਾਡਰ ਦਾ ਪ੍ਰਸ਼ਾਸਨਿਕ ਅਧਿਕਾਰੀ ਇਹਦਾ ਮੁੱਖ ਪ੍ਰਬੰਧਕ ਹੁੰਦਾ ਹੈ। ਤਾਂ ਮੰਦਰ ਦਾ ਪੂਰਾ ਦਾਰੋਮਦਾਰ ਉਹਦੀ ਹੀ ਨਿਗਰਾਨੀ ਹੇਠ ਹੁੰਦਾ ਹੈ। ਅਜਿਹੀ ਹਾਲਤ 'ਚ ਉਸ ਖਿਲਾਫ਼ ਵੀ ਧਾਰਮਿਕ ਬੇਅਦਬੀ ਦਾ ਮਾਮਲਾ ਦਾਇਰ ਕਰਨਾ ਬਣਦਾ ਹੈ।

ਇੱਕ ਹੋਰ ਵਰਤਾਰਾ ਵੀ ਦੇਖਣ ਵਾਲਾ ਹੈ ਕਿ ਆਸਥਾ ਤੇ ਵਪਾਰ ਦੀ ਜੋਟੀ ਮੋਦੀ ਹਕੂਮਤ ਦੇ ਪਿਛਲੇ ਬਾਰਾਂ ਸਾਲਾਂ ਦੇ ਰਾਜਭਾਗ ਦੌਰਾਨ ਹੋਰ ਪੱਕੀ ਹੋਈ ਹੈ। ਇਸ ਅਰਸੇ ਦੌਰਾਨ ਧਾਰਮਿਕ ਬਾਬਿਆਂ ਨੇ ਆਪੋ ਆਪਣੇ ਵਪਾਰਕ ਸਾਮਰਾਜ ਉਸਾਰੇ ਹਨ। ਮਾਮਲਾ ਚਾਹੇ ਰਾਮਦੇਵ ਦਾ ਹੋਵੇ, ਸ੍ਰੀਸ੍ਰੀ ਰਵੀ ਸ਼ੰਕਰ ਜਾਂ ਫਿਰ ਬਾਪੂ ਆਸਾ ਰਾਮ, ਦਿੱਵਿਆ ਜਯੋਤੀ ਸੰਸਥਾਨ ਜਾਂ ਅਜਿਹੇ ਹੀ ਹੋਰਾਂ ਦਾ ਹੋਵੇ। ਧਰਮ ਦੀ ਪੁਸ਼ਤਪਨਾਹੀ ਹੇਠ ਆਪਣੇ ਨਿੱਜੀ ਐਂਪਾਇਰ ਉਸਾਰਨ ਦਾ ਸਿਲਸਿਲਾ ਜਾਰੀ ਹੈ।

ਦੂਧ ਨਹੀਂ ਜ਼ਹਿਰ ਪੀਤਾ ਹੈ ਇੰਡੀਆ ਸਾਡੇ ਮੁਲਕ ਦੇ ਵੱਡੀ ਗਿਣਤੀ ਵਾਲੇ ਲੋਕ ਵੈਸ਼ਨੂੰ ਭੋਜਨ ਖਾਣ ਨੂੰ ਤਰਜੀਹ ਦਿੰਦੇ ਹਨ। ਇਸ ਹਾਲਤ 'ਚ ਉਹਨਾਂ ਦੀ ਖ਼ੁਰਾਕ ਦਾ ਮੁੱਖ ਤੱਤ ਦੁੱਧ ਤੇ ਦੁੱਧ ਤੋਂ ਬਣੇ ਉਤਪਾਦ- ਪਨੀਰ, ਦਹੀਂ, ਖੋਆ, ਘਿਓ ਆਦਿ ਬਣਦੇ ਹਨ। ਅਜਿਹੀ ਹਾਲਤ 'ਚ ਜਾਅਲੀ ਘਿਓ ਦੀ ਸਪਲਾਈ ਨੂੰ ਮੰਦਰ ਤੱਕ ਹੀ ਸੀਮਤ ਕਰਕੇ ਦੇਖਣਾ ਕਾਫ਼ੀ ਨਹੀਂ ਹੈ।

ਦੁੱਧ ਤੇ ਦੁੱਧ ਤੋਂ ਬਣੇ ਉਤਪਾਦ ਵੇਚਣ ਵਾਲੀ ਮੁਲਕ ਦੀ ਸਭ ਤੋਂ ਵੱਡੀ ਸਹਿਕਾਰੀ ਕੰਪਨੀ ਅਮੂਲ ਨੇ ਆਪਣੀ ਇੱਕ ਮਸ਼ਹੂਰੀ 'ਚ ਇਹ ਸੁਨੇਹਾ ਦਿੱਤਾ ਸੀ- ਅਮੂਲ ਦੂਧ ਪੀਤਾ ਹੈ ਇੰਡੀਆ। ਪਰ ਅੱਜ ਦੇ ਸਮੇਂ ਨੂੰ ਦੇਖਦਿਆਂ ਇਹਦੇ 'ਚ ਸੋਧ ਕਰਕੇ ਇਹ ਕਹਿਣਾ ਬਣਦਾ ਹੈ ਕਿ ਦੂਧ ਨਹੀਂ, ਜ਼ਹਿਰ ਪੀਤਾ ਹੈ ਇੰਡੀਆ। ਕਿਉਂਕਿ ਮਿਲਾਵਟ ਤੇ ਨਕਲੀ ਘਿਓ, ਦੁੱਧ ਆਦਿ ਬਣਾਉਣ ਤੇ ਵੇਚਣ ਦਾ ਮਾਮਲਾ ਸਿਰਫ ਇਸ ਮਕਬੂਲ ਮੰਦਰ ਤੱਕ ਸੀਮਤ ਨਹੀਂ ਹੈ, ਬਲਕਿ ਇਸ ਨਾਮੁਰਾਦ ਅਲਾਮਤ ਨੇ ਸਮੁੱਚੇ ਮੁਲਕ ਨੂੰ ਹੀ ਆਪਣੀ ਗ੍ਰਿਫ਼ਤ 'ਚ ਜਕੜ ਰੱਖਿਆ ਹੈ। ਇੱਕ ਰਿਪੋਰਟ ਅਨੁਸਾਰ ਮੁਲਕ ਅੰਦਰ ਦੁੱਧ ਦਾ ਕੁੱਲ ਸਾਲਾਨਾ ਉਤਪਾਦਨ 170 ਮਿਲੀਅਨ ਟਨ ਹੈ, ਜਦਕਿ ਸਾਲਾਨਾ ਖਪਤ 640 ਮਿਲੀਅਨ ਟਨ ਹੈ। ਯਾਨੀ ਕਿ 6 ਗੁਣਾਂ ਵੱਧ। ਤਾਂ ਸੁਆਲ ਖੜ੍ਹਾ ਹੁੰਦਾ ਹੈ ਕਿ ਸਪਲਾਈ ਤੇ ਮੰਗ ਦਰਮਿਆਨ ਐਡਾ ਪਾੜਾ ਕਿੱਥੋਂ ਪੂਰਾ ਕੀਤਾ ਜਾਂਦਾ ਹੈ?

ਹਰ ਸਾਲ ਦੀਵਾਲੀ ਦੇ ਤਿਉਹਾਰ ਮੌਕੇ ਮੁਲਕ ਦੇ ਹਰ ਛੋਟੇ-ਵੱਡੇ ਸ਼ਹਿਰ 'ਚ ਸਰਕਾਰੀ ਮਹਿਕਮਿਆਂ ਵੱਲੋਂ ਛਾਪੇਮਾਰੀ ਕਰਕੇ ਲੱਖਾਂ ਟਨ ਨਕਲੀ ਖੋਆ ਬਰਾਮਦ ਕੀਤਾ ਜਾਂਦਾ ਹੈ, ਇਹ ਕਿੱਥੋਂ ਆਉਂਦਾ ਹੈ? ਅਤੇ ਨਕਲੀ ਦੁੱਧ ਦੀ ਤਾਂ ਗੱਲ ਹੀ ਛੱਡੋ, ਹਰ ਇਨਸਾਨ ਨੂੰ ਸਵੇਰੇ ਉੱਠਦੇ ਨੂੰ ਹੀ ਇਹ ਖਤਰਾ ਸਤਾ ਰਿਹਾ ਹੁੰਦਾ ਹੈ ਕਿ ਕੀ ਅੱਜ ਉਹਨੂੰ ਖਾਲਸ ਦੁੱਧ ਦੀ ਸਪਲਾਈ ਹੋਵੇਗੀ? ਸਾਲ 2018 ਦੀ ਇੱਕ ਰਿਪੋਰਟ ਮੁਤਾਬਕ ਪਸ਼ੂ ਵੈੱਲਫੇਅਰ ਬੋਰਡ ਆਫ ਇੰਡੀਆ ਦੇ ਮੈਂਬਰ ਮੋਹਣ ਸਿੰਘ ਆਹਲੂਵਾਲੀਆ ਮੁਤਾਬਕ ਮੁਲਕ ਅੰਦਰ ਵਿੱਕਰੀ ਲਈ ਆਉਣ ਵਾਲੇ ਦੁੱਧ ਅਤੇ ਇਹਦੇ ਤੋਂ ਬਣਨ ਵਾਲੇ ਉਤਪਾਦਾਂ ਦਾ 68 ਹਿੱਸਾ ਨਕਲੀ/ਜਾਅਲੀ/ਜ਼ਹਿਰੀ ਹੈ। ਉਹਨਾਂ ਮੁਤਾਬਕ ਸਭ ਤੋਂ ਵੱਧ ਮਿਲਾਵਟ ਡਿਟਰਜੈਂਟ, ਕਾਸਟਿਕ ਸੋਡਾ, ਗੁਲੂਕੋਜ਼, ਚਿੱਟੇ ਰੰਗ ਤੇ ਰਿਫਾਈਂਡ ਤੇਲ ਦੇ ਰੂਪ 'ਚ ਕੀਤੀ ਜਾਂਦੀ ਹੈ। ਅਜਿਹੇ ਮਿਲਾਵਟੀ ਪਦਾਰਥਾਂ ਤੋਂ ਮਿਲ ਕੇ ਬਣੇ ਦੁੱਧ ਉਤਪਾਦਾਂ ਨੂੰ ਖਾਣ ਨਾਲ ਕੈਂਸਰ ਵਰਗੀਆਂ ਬਿਮਾਰੀਆਂ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਵਿਸ਼ਵ ਸਿਹਤ ਸੰਗਠਨ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ 2025 ਤੱਕ ਭਾਰਤ ਦੀ 87 ਫੀਸਦੀ ਆਬਾਦੀ ਨੂੰ ਕੈਂਸਰ ਦਾ ਖ਼ਤਰਾ ਬਣਿਆ ਹੋਇਆ ਹੈ।

ਸਾਡੇ ਵਰਗੇ ਮੁਲਕਾਂ ਅੰਦਰ ਜਿੱਥੇ ਕਿਸੇ ਮਨੁੱਖ ਦੀ ਜ਼ਿੰਦਗੀ ਦੀ ਕੋਈ ਵੀ ਕੀਮਤ ਨਹੀਂ ਹੈ। ਹੋਰਨਾਂ ਵਸਤਾਂ ਅੰਦਰ ਮਿਲਾਵਟ ਕਰਨਾ ਨਕਲੀ/ਜਾਅਲੀ ਵਸਤਾਂ ਦਾ ਬਾਜ਼ਾਰ ਅੰਦਰ ਸ਼ਰੇਆਮ ਵਿੱਕਰੀ ਲਈ ਮੌਜੂਦ ਹੋਣ ਵਾਂਗ ਖਾਣ-ਪੀਣ ਵਾਲੀਆਂ ਵਸਤਾਂ ਅੰਦਰ ਮਿਲਾਵਟਖੋਰੀ ਇੱਕ ਪੂਰਾ ਸੂਰਾ ਧੰਦਾ ਬਣ ਚੁੱਕਿਆ ਹੈ। ਲੋਕਾਂ ਦੀ ਸਿਹਤ ਨਾਲ ਖੇਡਣ ਦੇ ਨਾਲ-ਨਾਲ ਇਹ ਮੁਲਕ ਅੰਦਰਲੀਆਂ ਖਰੀਆਂ ਵਸਤਾਂ ਸਪਲਾਈ ਕਰਨ ਵਾਲਿਆਂ ਲਈ ਵੀ ਬਹੁਤ ਵੱਡਾ ਚੈਲੇਂਜ ਹੈ। ਮਿਲਾਵਟ ਵਾਲੀਆਂ ਵਸਤਾਂ ਵੇਚਣ ਵਾਲੇ ਸਾਮਰਾਜੀ ਕਾਰਪੋਰੇਟਾਂ ਦੀਆਂ ਮਹਿੰਗੀਆਂ ਵਸਤਾਂ ਲਈ ਬਾਜ਼ਾਰ ਮੁਹੱਈਆ ਕਰਦੇ ਹਨ। ਸਾਡੇ ਮੁਲਕ ਦੀ ਆਜ਼ਾਦਾਨਾ ਸਨਅਤੀ ਤਰੱਕੀ ਨੂੰ ਬੰਨ੍ਹ ਮਾਰਦੇ ਹਨ। ਜਿਵੇਂ ਪਹਿਲਾਂ ਪਾਣੀ ਨੂੰ ਪ੍ਰਦੂਸ਼ਤ ਕਰਕੇ ਬਾਅਦ 'ਚ ਘਰ-ਘਰ ਆਰ ਓ ਲਗਵਾਉਣ ਦੀ ਮੁਨਿਆਦੀ ਤੇ ਵਿੱਕਰੀ, ਹੁਣ ਇੱਕ ਨਵਾਂ ਸ਼ਗੂਫਾ- ਅਲਕਾਲਾਈਨ ਪਾਣੀ ਨੂੰ ਹਰ ਮਰਜ਼ ਦੀ ਦਾਰੂ ਪ੍ਰਚਾਰ ਕੇ ਸਾਮਰਾਜੀ ਕੰਪਨੀਆਂ ਲਈ ਮੰਡੀ ਤਿਆਰ ਕਰਨਾ ਹੈ। ਲੋਕਾਂ ਦੀ ਸਰਗਰਮ ਲਾਮਬੰਦੀ, ਲੋਕਪੱਖੀ ਹਕੂਮਤ ਤੇ ਆਵਾਮ ਦੀ ਜਾਗਰੂਕਤਾ ਹੀ ਅਜਿਹੇ ਮਿਲਾਵਟਖੋਰ ਵਰਤਾਰਿਆਂ ਨੂੰ ਸਿੱਕੇਬੱਧ ਰੂਪ 'ਚ ਬੰਨ੍ਹ ਮਾਰਨ ਦੇ ਕਾਬਲ ਹੋ ਸਕਦੀ ਹੈ।

# ਸੰਪਰਕ : 94170-720
singh.drbaljinder@gmail.com

# ਮੈਂ ਪੰਜਾਬ ਦੀ ਧਰਤੀ ਹਾਂ...



ਬਲਜੀਤ ਬੱਲ

ਪੰਜਾਬ ਸੱਭਿਅਤਾਵਾਂ ਦੀ ਬੁੱਕਲ ਵਿੱਚ ਪਲਿਆ ਹਿੰਦੁਸਤਾਨ ਦਾ ਸੂਬਾ ਜਿਸ ਦੇ ਸੁਭਾਅ ਵਿੱਚ ਪ੍ਰੇਮਚਾਰੀ, ਬਹਾਦਰੀ, ਬਰਾਬਰਤਾ ਤੇ ਹਰ ਚੁਨੌਤੀ ਨੂੰ ਸਵੀਕਾਰ ਕਰਨ ਦੀ ਜਰਅਤ ਹੈ। ਇਸ ਜਰਖੇਜ਼ ਭੂਮੀ 'ਤੇ ਭੁੱਖਿਆਂ ਨੂੰ ਰੋਟੀ, ਰੁਜ਼ਗਾਰ ਦੇ ਮੌਕੇ, ਬਾਰਡਰ 'ਤੇ ਹੋਣ ਕਰਕੇ ਹਰ ਹਮਲੇ ਦਾ ਮੁਕਾਬਲਾ ਕਰਨਾ ਪੈਂਦਾ।

ਮੇਰੇ ਪੁੱਤਰਾਂ ਨੇ ਲਹੂ ਦੀਆਂ ਤਤੀਰੀਆਂ ਨਾਲ ਇਸ ਧਰਤੀ ਨੂੰ ਰੰਗਿਆ, ਮੈਂ ਰੱਤੇ ਲਹੂ ਵਾਲੀ ਅਣਖੀਲੀ ਧਰਾਤਲ ਹਾਂ।

ਸੋਨੇ ਰੰਗੀਆਂ ਫਸਲਾਂ ਮੇਰੇ ਸੀਨੇ 'ਤੇ ਜਦ ਲਹਿਰਾਅ ਰਹੀਆਂ ਹੁੰਦੀਆਂ ਨੇ, ਮੇਰੇ ਪੁੱਤ ਚਾਵਾਂ ਨਾਲ ਭੰਗੜੇ ਪਾਉਂਦੇ ਨੇ, ਮੁਟਿਆਰਾਂ ਭੱਤਾ ਲੈ ਜਾਂਦੀਆਂ ਨੇ..ਤੇ ਹੁਣ ਮੈਂ ਕਿੱਧਰ ਜਾ ਰਹੀ ਹਾਂ।

ਮੇਰੇ ਦਰਿਆਵਾਂ ਦਾ ਪਾਣੀ ਮਨੁੱਖਤਾ ਨੂੰ ਡੋਬ ਰਿਹਾ, ਮੈਂ ਕਰਜ਼ੇ ਦੇ ਬੋਝ ਥੱਲੇ ਮੇਰੀ ਅਣਖ ਜ਼ਖਮੀ ਕਿਸ ਨੇ ਕੀਤਾ ਇਹ ਘਾਣ... ਮੈਂ ਧਰਤੀ ਹਾਂ ਮਾਂ ਹਾਂ।ਵੰਡ ਤੋਂ ਬਾਅਦ ਮੈਂ ਆਪਣੇ ਸੀਨੇ ਤੇ ਬਲਦੇ ਸਿਵਿਆਂ ਦੀ ਸਵਾਹ ਨੇ ਮੈਨੂੰ ਵਲੂੰਧਰਿਆ ਪਰ ਮੈਂ ਉੱਠ ਖੜੀ। ਮੇਰੇ ਸੱਜਣ ਸਿੰਘ ਇਲਮਦੀਨ ਭਰੀਆਂ ਅੱਖਾਂ ਨਾਲ ਜੁਦਾ ਹੋਏ, ਫਿਰ ਵੀ ਵਿਛੋੜੇ ਦੀ ਸੱਲ ਨੂੰ ਸਮੇਟ ਮੇਰੀ ਧਰਤੀ 'ਤੇ ਹਰੀ ਕ੍ਰਾਂਤੀ ਆਈ। ਮੇਰੇ ਨਾਂਅ ਮੇਰੇ ਬਹਾਦਰ ਵੀਰਾਂ ਨੇ ਫਿਰ ਇੱਕ ਵਾਰ ਖੜਾ ਕੀਤਾ। ਕਵੀਆਂ ਦੀ ਧਰਤੀ ਜਿੱਥੇ ਕਦੇ ਬਾਬਾ ਨਾਨਕ, ਫਰੀਦ, ਬੁੱਲ੍ਹੇ ਸ਼ਾਹ, ਵਾਰਸ ਨੇ ਕਿਰਤ ਤੋਂ ਲੈ ਮੁਹੱਬਤ ਤੱਕ ਦੀ ਬਾਤ ਪਾਈ ਸੀ। ਮੇਰੇ ਕਵੀਆਂ ਮੈਨੂੰ ਫਿਰ ਮੁੜ ਸੁਰਜੀਤ ਕੀਤਾ, ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਊਧਮ ਸਿੰਘ ਵਰਗੇ ਮੇਰੇ ਪੁੱਤਰਾਂ ਨੇ ਸੁਫਨੇ ਲਏ, ਹੱਸ ਕੇ ਗੁਲਾਮੀ ਦੀਆਂ ਬੇੜੀਆਂ ਨੂੰ ਲਾਹੁਣ ਲਈ ਫਾਂਸੀ ਦੇ ਫੰਦਿਆਂ ਨੂੰ ਚੁੰਮਿਆ..

ਮੈਂ ਪੀੜਾ ਮਾਰੀ ਉੱਠਦੀ ਰਹੀ ਮੁਹੱਬਤ ਸਿਰਜਦੀ ਰਹੀ ਤੇ ਫਿਰ ਕਰਜ਼ੇ ਦੀ ਪੰਡ ਬੋਝ ਲੱਗਦੀ, ਮੇਰੇ ਸਿਰ 4 ਲੱਖ ਕਰੋੜ ਕਰਜ਼ਾ ਮੇਰੀ ਕਮਾਈ ਤੋਂ ਲੱਗਭੱਗ ਦੁੱਗਣਾ ਅਜਿਹਾ ਕਿਹੜਾ ਕਹਿਰ ਆ ਗਿਆ? 40 ਫੀਸਦੀ ਮਾਲੀਆ ਤਾਂ ਕਰਜ਼ਿਆਂ ਦੀਆਂ ਕਿਸ਼ਤਾਂ 'ਚ ਚਲੇ ਜਾਂਦਾ।ਕਿਸਾਨ ਜੋ ਦੇਸ਼ ਦਾ ਅੰਨਦਾਤਾ ਸੀ, ਹੁਣ ਉਸ ਦੇ ਆਪਣੇ ਬਾਲ ਵਿਲਕਦੇ ਨੇ, ਹਰ ਪੰਜਵਾਂ ਨਾਗਰਿਕ ਕਰਜ਼ੇ ਦੇ ਭਾਰ ਥੱਲੇ ਹੈ, ਖੁਦਕੁਸ਼ੀਆਂ ਮੇਰੀ ਆਤਮਾ ਨੂੰ ਤੰਗ ਕਰਦੀਆਂ ਨੇ, ਮੈਂ ਤਾਂ ਮਿਹਨਤੀ ਲੋਕ ਪੈਦਾ ਕੀਤੇ ਸਨ, ਕਿੱਧਰ ਨੂੰ ਤੁਰ ਪਏ ਹੋ?

ਮੇਰੇ ਰਾਜਨੀਤਕ ਆਗੂ ਰਾਜੇ ਬਣ ਬੈਠੇ ਉਦਯੋਗ ਕਿੱਥੇ ਗਏ? ਕਦੋਂ ਤੱਕ ਸਹਾਰਾ ਗੀ,ਜਦੋਂ ਮੇਰੇ ਪੁੱਤ ਜੋਕਾਂ ਬਣ ਜਾਣਗੇ..ਮੈਂ ਨਹੀਂ ਜਾਣਦੀ ਸੀ..!

ਮੇਰੇ ਆਗੂ ਸਤਿਕਾਰਯੋਗ ਆਪਣੇ ਯੋਗਤਾ ਕਰਕੇ ਜਾਣੇ ਜਾਂਦੇ ਸਨ, ਆਪਣੀ ਸੁਵਿਧਾ ਵੱਲ ਨੂੰ ਤੁਰ ਪਏ ਹੁਣ ਖੋਖਲੇ ਵਾਅਦਿਆਂ ਨੇ ਇਸ ਦੀ ਹੋਂਦ ਨੂੰ ਖਤਰੇ 'ਚ ਪਾ ਦਿੱਤਾ।

ਮੇਰੇ ਜਵਾਨ ਨਸ਼ਿਆਂ ਚ ਨੇ, ਜੋ ਕਦੇ ਕਹਿੰਦੇ ਸਨ ਰਾਜ ਕਰੇਗਾ ਖਾਲਸਾ 2025 ਦੇ ਹੜ੍ਹਾਂ ਨੇ ਮੈਨੂੰ ਰੋੜ੍ਹ ਦਿੱਤਾ 4 ਲੱਖ ਏਕੜ ਮੇਰੀ ਖੇਤੀ ਰੁੜ੍ਹ ਗਈ।ਜ਼ਿੰਦਗੀਆਂ ਗਵਾਚ ਗਈਆਂ, ਪਿੰਡ ਉੱਜੜ ਗਏ, ਲੋਕ ਉਡੀਕ 'ਚ ਗੁਹਾਰ ਦਿੰਦੇ ਰੁੜ੍ਹ ਗਏ।ਦਹਾਕਿਆਂ ਤੋਂ ਪਾਣੀ ਦੀਆਂ ਖਾਲਾਂ ਨੂੰ ਵੇਖਿਆ ਨਹੀਂ, ਨਹਿਰਾਂ ਦੇ ਕੰਢੇ ਸਵਾਰੇ ਨਹੀਂ, ਹੁਣ ਤਾਂ ਇਲਜ਼ਾਮਾਂ ਨੇ, ਕਦੇ ਸੈਂਟਰ ਕਦੇ ਸਟੇਟ... ਮੇਰੀ ਤਾਂ ਸਾਰ ਨਾ ਲਈ!

ਮੇਰੀ ਮਿੱਟੀ ਦੁਨੀਆ 'ਚ ਇੱਕ ਨੰਬਰ ਸੀ, ਹੁਣ ਸਾਹ ਲੈਣ ਜੋਗੀ ਵੀ ਨਹੀਂ ਰਹੀ। ਧਰਤੀ ਦਾ ਪਾਣੀ ਆਪਣੇ ਪੱਧਰ ਤੋਂ ਕਿਤੇ ਨੀਵਾਂ ਜਾ ਰਿਹਾ ਹੈ।ਮੇਰੇ ਸਤਲੁਜ, ਬਿਆਸ ਫੈਕਟਰੀਆਂ ਦੇ ਗੰਧਲੇ ਪਾਣੀ ਦੀ ਮਾਰ 'ਚ ਨੇ, ਜ਼ਹਿਰਾਂ ਰੁੜ੍ਹ ਰਹੀਆਂ ਨੇ, ਮੀਂਹਾਂ ਦਾ ਪਾਣੀ ਕਿਉਂ ਨਹੀਂ ਸੰਭਾਲਿਆ ਜਾਂਦਾ, ਕਿਉਂ ਨਹੀਂ ਖੇਤੀ ਲਈ ਵਰਤਿਆ ਜਾਂਦਾ, ਹੁਣ ਤਾਂ ਮੁੜ ਪਰਤਣ ਦੀ ਲੋੜ ਹੈ।ਖੇਤੀਬਾੜੀ ਜੋ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦੀ ਸੀ। ਹੁਣ ਅੱਖੋਂ-ਪਰੋਖੇ, 90 ਫੀਸਦੀ ਅਜੇ ਵੀ ਖੇਤੀ 'ਤੇ ਹੀ ਨਿਰਭਰ ਹੈ। ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ।

ਇਕ ਅਨੁਮਾਨ ਅਨੁਸਾਰ ਮੱਧ ਵਰਗੀ ਕਿਸਾਨ 'ਤੇ 3 ਲੱਖ ਦਾ ਕਰਜ਼ਾ ਹੈ। ਹੁਣ ਕਿਸਾਨ ਦਾ ਪੁੱਤ ਜ਼ਮੀਨ ਵੇਚ ਵੀਜ਼ਾ ਲੈ ਬਾਹਰ ਜਾ ਰਿਹਾ ਹੈ। ਮਾਰੂਥਲ ਤਬਦੀਲੀ ਦੂਰ ਨਹੀਂ, ਮੇਰੇ ਜ਼ਖਮ ਇੱਕ ਨਹੀਂ, ਨਸੂਰ ਨੇ, ਮੇਰੇ ਜਵਾਨ ਨਸ਼ਿਆਂ ਦੀ ਮਾਰ ਵਿੱਚ ਨੇ।ਮੇਰੀਆਂ ਨਸਾਂ 'ਚ ਜ਼ਹਿਰ ਭਰ ਰਿਹਾ, ਨਸ਼ਾ ਛੁਡਾਊ ਸੈਂਟਰ ਇਸ ਗੱਲ ਦੀ ਗਵਾਹੀ ਭਰ ਰਹੇ ਨੇ, ਬਹੁਤ ਮੌਤਾਂ ਨਸ਼ਿਆਂ ਕਰਕੇ ਹੋ ਰਹੀਆਂ ਹਨ, ਜੋ ਕਿ ਮੈਂ ਸਹਾਰ ਨਹੀਂ ਸਕਦੀ।

ਮੈਂ ਤਾਂ ਇਮਾਨਦਾਰੀ ਦੀ ਗੁੜ੍ਹਤੀ ਦਿੱਤੀ ਸੀ। ਇੰਨੀ ਰਿਸ਼ਵਤਖੋਰੀ ਇਸ ਖ਼ੂਨ 'ਚ ਕਿਵੇਂ ਆਈ ਹਾਂ, ਨਿੱਕੀ-ਨਿੱਕੀ ਗੱਲ 'ਤੇ ਰਿਸ਼ਵਤ ਤੇ ਹੋਕਾ ਇਮਾਨਦਾਰੀ ਦਾ ਘਾਣ...?

ਸਰਮਾਏਦਾਰ ਹਰ ਫਾਈਲ ਤੋਰਨ ਲਈ ਤਲੀਆਂ 'ਤੇ ਤੇਲ ਲਾਉਣ ਲਈ ਤਿਆਰ ਨੇ, ਹੜ੍ਹਾਂ 'ਚ ਮੰਤਰੀ ਆਏ, ਫੋਟੋਆਂ ਦੀ ਪ੍ਰਦਰਸ਼ਨੀ ਲਈ, ਨਵਾਂ ਉਸਾਰਨ ਲਈ ਨਹੀਂ, ਐੱਨ ਜੀ ਓ ਨੇ ਸੇਵਾ ਦੀ ਭਾਵਨਾ ਨਾਲ ਕੰਮ ਕੀਤਾ, ਸਭ ਡਰਾਮੇਬਾਜ਼ੀ ਚਲਦੀ ਰਹੀ....

ਮਾਝਾ-ਮਾਲਵਾ ਸਾਰਾ ਹੀ ਪਿੰਡਾਂ 'ਚ ਜਾਤਾਂ 'ਚ ਵੰਡੇ ਗਏ, ਫਿਰ ਵੀ ਮੇਰਾ ਮਨ ਮਰਿਆ ਨਹੀਂ, ਮੇਰੇ ਸਿਪਾਹੀ ਕਾਰਗਿਲ ਵਿੱਚ ਲੜੇ, ਮੇਰੀਆਂ ਧੀਆਂ ਨੇ ਹਰ ਖੇਤਰ 'ਚ ਵਧੀਆ ਕੰਮ ਕੀਤਾ।

ਗੁਰਦੁਆਰਿਆਂ 'ਚ ਹਜ਼ਾਰਾਂ ਲੋਕਾਂ ਨੂੰ ਲੰਗਰ ਦੀ ਸੇਵਾ ਕੀਤੀ।ਜੇ ਮੇਰਾ ਦਰਦ ਠੀਕ ਹੋ ਜਾਵੇ, ਇਸ ਨੂੰ ਰਾਜਨੀਤੀ ਨਾ ਮੰਨਿਆ ਜਾਵੇ।

ਮੈਨੂੰ ਸੇਵਾ ਵਾਲੇ ਨੇਤਾ ਦੀ ਲੋੜ ਹੈ। ਦਰਿਆ ਸਾਫ ਕੀਤੇ ਜਾਣ, ਨੌਜਵਾਨਾਂ ਨੂੰ ਟ੍ਰੇਨਿੰਗ ਦਿੱਤੀ ਜਾਵੇ, ਵਿਭਿੰਨਤਾ ਵਾਲੀ ਖੇਤੀ ਨੂੰ ਤਰਜੀਹ ਦਿੱਤੀ ਜਾਵੇ ਤੇ ਮੁੜ ਪੰਜਾਬ ਨੂੰ ਖੁਸ਼ਹਾਲ ਕੀਤਾ ਜਾਵੇ ਤੇ ਲੱਗਦਾ ਹੈ!!! ਮੈਂ ਵੀ ਫਿਰ ਸੂਹੀ ਫੁਲਕਾਰੀ ਵਿੱਚ ਆਪਣਾ ਆਪ ਲਪੇਟ ਕੇ..ਤੁਹਾਨੂੰ ਜੀ ਆਇਆਂ ਨੂੰ ਕਹਾਂ ਮੈਂ ਤੁਹਾਡੀ ਆਪਣੀ ਧਰਤੀ ਹਾਂ!

# ਸੰਪਰਕ : 98146-01140

# ਬੇਰੁਜ਼ਗਾਰੀ : ਮਰਦੇ ਸੁਪਨੇ ਤੇ ਟੁੱਟਦੀ ਆਸ ਦੀ ਕਹਾਣੀ

ਰਾਜਿੰਦਰ ਸਿੰਘ ਰਾਜਨ

ਬੇਰੁਜ਼ਗਾਰੀ ਅੱਜ ਦੇ ਨੌਜਵਾਨਾਂ ਦੇ ਸੁਪਨਿਆਂ 'ਤੇ ਛਾਈ ਸਿਰਫ਼ ਇੱਕ ਕਾਲੀ ਛਾਂ ਨਹੀਂ ਰਹੀ, ਸਗੋਂ ਇਹ ਇਕ ਐਸੀ ਸਮਾਜਕ ਬੀਮਾਰੀ ਬਣ ਚੁੱਕੀ ਹੈ, ਜੋ ਸਿਰਫ਼ ਰੋਟੀ ਦਾ ਟੁਕੜਾ ਹੀ ਨਹੀਂ ਖੋਂਹਦੀ, ਸਗੋਂ ਮਨ ਦੀ ਸ਼ਾਂਤੀ, ਆਤਮ-ਵਿਸ਼ਵਾਸ ਅਤੇ ਜੀਣ ਦੀ ਇੱਛਾ ਤਕ ਨਿਗਲ ਜਾਂਦੀ ਹੈ। ਇਹ ਬੀਮਾਰੀ ਕਿਸੇ ਇਕ ਘਰ ਦੀ ਨਹੀਂ, ਪੂਰੇ ਸਮਾਜ ਦੀ ਚਿੰਤਾ ਬਣ ਗਈ ਹੈ। ਇਹ ਦੁਖਾਂਤ ਭਰੀ ਦਾਸਤਾਨ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਜਦੋਂ ਵਿਦਿਆਰਥੀ ਵੱਖ-ਵੱਖ ਵਿਦਿਅਕ ਸੰਸਥਾਵਾਂ ਵਿੱਚ ਪੜ੍ਹਾਈ ਕਰਦੇ ਹਨ, ਪ੍ਰੋਜੈਕਟਾਂ, ਰਿਸਰਚਾਂ ਅਤੇ ਮੁਕਾਬਲਿਆਂ ਰਾਹੀਂ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦੇ ਹਨ, ਉਹ ਸਮੇਂ ਉਹਨਾਂ ਨੂੰ ਭਵਿੱਖ ਦੇ ਵਿਦਵਾਨ, ਦੇਸ਼ ਦੇ ਨਿਰਮਾਤਾ ਕਹਿ ਕੇ ਮੰਚਾਂ 'ਤੇ ਤਾੜੀਆਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ, ਪਰ ਦੁਖਾਂਤ ਇਹ ਹੈ ਕਿ ਜਦੋਂ ਉਹਨਾਂ ਦੇ ਹੱਥ ਵਿੱਚ ਡਿਗਰੀ ਆਉਂਦੀ ਹੈ, ਤਾਂ ਰੁਜ਼ਗਾਰ ਮਿਲਣ ਦੀ ਜਗ੍ਹਾ ਉਹਨਾਂ ਦੇ ਜੀਵਨ 'ਤੇ ਬੇਰੁਜ਼ਗਾਰੀ ਦਾ ਠੱਪਾ ਲੱਗ ਜਾਂਦਾ ਹੈ। ਫਿਰ ਨੌਜਵਾਨਾਂ ਨੂੰ ਕਾਬਲੀਅਤ ਤੇ ਮਿਹਨਤ ਦੇ ਬਾਵਜੂਦ ਰੋਜ਼ਗਾਰ ਦੇ ਦਰਵਾਜ਼ੇ ਬੰਦ ਮਿਲਦੇ ਹਨ। ਨੌਜਵਾਨ ਕਦੇ ਇੰਟਰਵਿਊ ਦੀ ਲਾਈਨ ਵਿੱਚ ਘੰਟਿਆਂਬੱਧੀ ਖੜ੍ਹਾ ਰਹਿੰਦਾ ਹੈ, ਕਦੇ ਰੋਜ਼ਗਾਰ ਮੇਲੇ ਦੀ ਉਮੀਦ ਵਿੱਚ ਦਫ਼ਤਰਾਂ ਦੇ ਚੱਕਰ ਲਾਂਦਾ ਹੈ, ਪਰ ਜਦੋਂ ਹਰ ਵਾਰ ਨਿਰਾਸ਼ਾ ਹੀ ਹੱਥ ਲੱਗਦੀ ਹੈ, ਤਾਂ ਉਸ ਦੀ ਅੱਖਾਂ ਦੀ ਚਮਕ ਹੌਲੀ-ਹੌਲੀ ਮੱਧਮ ਪੈ ਜਾਂਦੀ ਹੈ ਅਤੇ ਜੋਸ਼ ਨਿਰਾਸ਼ਾ ਦੇ ਬੋਝ ਹੇਠਾਂ ਕੁਚਲ ਜਾਂਦਾ ਹੈ। ਉਹੀ ਵਿਦਿਆਰਥੀ, ਜੋ ਕਦੇ ਮੰਚਾਂ 'ਤੇ ਇਨਾਮ ਪ੍ਰਾਪਤ ਕਰਦਿਆਂ ਦੇਸ਼-ਨਿਰਮਾਣ ਦੇ ਸੁਪਨੇ ਵੇਖਦਾ ਸੀ, ਹੁਣ ਸੜਕਾਂ 'ਤੇ ਧਰਨਿਆਂ ਵਿੱਚ ਬੈਠਾ ਇਨਸਾਫ਼ ਦੀ ਮੰਗ ਕਰਦਾ ਲਾਠੀਆਂ ਖਾਂਦਾ ਹੈ, ਅੱਥਰੂ ਗੈਸ ਦੇ ਗੋਲਿਆਂ ਵਿਚੋਂ ਲੰਘਦਾ ਹੈ ਤੇ ਕਈ ਵਾਰ ਤਾਂ ਨਿਰਾਸ਼ਾ ਦੀ ਹੱਦ ਪਾਰ ਕਰਕੇ ਪਾਣੀ ਦੀ ਟੈਂਕੀ ਉੱਤੇ ਚੜ੍ਹ ਕੇ ਆਪਣੀ ਜ਼ਿੰਦਗੀ ਨੂੰ ਹੀ ਦਾਅ 'ਤੇ ਲਾਉਣ ਦਾ ਮਨ ਬਣਾ ਬੈਠਦਾ ਹੈ ਤੇ ਮੁੜ ਹੁੰਦਾ ਕੀ ਹੈ? ਸਰਕਾਰਾਂ ਸਿਰਫ਼ ਵਾਅਦੇ ਕਰਦੀਆਂ ਹਨ ਕਿ ਬਸ ਜਲਦ ਭਰਤੀ ਹੋਵੇਗੀ, ਯੋਜਨਾਵਾਂ ਬਣ ਰਹੀਆਂ ਹਨ, ਪਰ ਹਕੀਕਤ ਵਿੱਚ ਹਰੇਕ ਵਾਰ ਖਾਲੀ ਹੱਥ ਹੀ ਵਾਪਸੀ ਹੁੰਦੀ ਹੈ।

ਅਸਲ ਸਵਾਲ ਇਹ ਹੈ ਕਿ ਕੀ ਸਾਡੀ ਸਿੱਖਿਆ ਦਾ ਮਕਸਦ ਸਿਰਫ਼ ਕਾਗ਼ਜ਼ੀ ਡਿਗਰੀਆਂ ਤੱਕ ਸੀਮਿਤ ਰਹਿਣਾ ਹੈ, ਜੇਕਰ ਪੜ੍ਹਿਆ-ਲਿਖਿਆ ਨੌਜਵਾਨ ਵੀ ਆਪਣੀ ਇੱਜ਼ਤ ਨਾਲ ਰੋਜ਼ੀ ਨਹੀਂ ਕਮਾ ਸਕਦਾ, ਤਾਂ ਇਹ ਸਿਰਫ਼ ਉਸ ਦੀ ਨਹੀਂ, ਸਾਰੇ ਸਿਸਟਮ ਦੀ ਹਾਰ ਹੈ। ਬੇਰੁਜ਼ਗਾਰੀ ਨੂੰ ਸਿਰਫ਼ ਅੰਕੜਿਆਂ ਦੀ ਸਮੱਸਿਆ ਨਾ ਸਮਝਿਆ ਜਾਵੇ, ਇਹ ਨੌਜਵਾਨਾਂ ਦੀਆਂ ਅਧੂਰੀਆਂ ਕਹਾਣੀਆਂ, ਮਰਦੇ ਸੁਪਨੇ ਤੇ ਟੁੱਟਦੀ ਆਸਾਂ ਦੀ ਕਹਾਣੀ ਹੈ।

ਸਵਾਲ ਇਹ ਹੈ ਕਿ ਜਦੋਂ ਸਿੱਖਿਆ ਦਾ ਅੰਤ ਰੋਜ਼ਗਾਰ ਨਹੀਂ, ਬਲਕਿ ਬੇਰੁਜ਼ਗਾਰੀ ਹੋਵੇ, ਤਾਂ ਇਹ ਕਿਹੋ ਜਿਹੀ ਤਰੱਕੀ ਹੈ? ਇਹੋ ਜਿਹੇ ਕਈ ਨੌਜਵਾਨ ਹਨ, ਜੋ ਨੌਕਰੀਆਂ ਦੀ ਉਡੀਕ ਕਰਦੇ-ਕਰਦੇ ਉਮਰ ਦੀ ਹੱਦ ਪਾਰ ਕਰ ਗਏ। ਜਿਹੜੇ ਕਦੇ ਕਲਮ ਨਾਲ ਭਵਿੱਖ ਲਿਖਣ ਦੇ ਸੁਪਨੇ ਦੇਖਦੇ ਸਨ, ਉਹ ਅੱਜ ਰੇੜ੍ਹੀਆਂ ਤੇ ਫੜ੍ਹੀਆਂ ਲਗਾ ਕੇ ਜੀਵਨ ਦਾ ਪਾਠ ਪੜ੍ਹ ਰਹੇ ਹਨ। ਕੋਈ ਮਜ਼ਦੂਰੀ ਕਰਕੇ ਆਪਣਾ ਘਰ ਚਲਾ ਰਿਹਾ ਹੈ, ਤਾਂ ਕੋਈ ਪ੍ਰਾਈਵੇਟ ਨੌਕਰੀ 'ਚ ਮਹਿੰਗਾਈ ਨਾਲ ਜੰਗ ਲੜਦਾ ਹੋਇਆ ਨਿਗੁਣੀਆਂ ਤਨਖ਼ਾਹ 'ਤੇ ਧੱਕੇ ਖਾਣ ਲਈ ਮਜਬੂਰ ਹੈ।

ਸੰਨ 1977 ਦੀ ਇੱਕ ਸੱਚੀ ਘਟਨਾ ਅੱਜ ਵੀ ਮੇਰੇ ਦਿਲ 'ਤੇ ਉਹੋ ਜਿਹੀ ਤਾਜ਼ਾ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ। ਮੇਰਾ ਇਕ ਪਿਆਰਾ ਦੋਸਤ ਮੇਰੇ ਨਾਲ ਸਪੋਰਟਸ ਵਿੰਗ ਵਿੱਚ ਪੜ੍ਹਦਾ ਸੀ, ਉਹ ਬਾਸਕਿਟਬਾਲ ਦਾ ਬੇਹਤਰੀਨ ਖਿਡਾਰੀ, ਪੰਜਾਬ ਦਾ ਮਾਣ, ਜਿਸ ਨੇ ਨੈਸ਼ਨਲ ਤੇ ਇੰਟਰਵਰਸਿਟੀ ਪੱਧਰ 'ਤੇ ਚੈਂਪੀਅਨ ਬਣ ਕੇ ਰਾਜ ਦਾ ਨਾਂਅ ਰੌਸ਼ਨ ਕੀਤਾ ਸੀ। ਉਸ ਦਾ ਸੁਪਨਾ ਸੀ ਕਿ ਉਹ ਆਪਣੇ ਤਜਰਬੇ ਤੇ ਹੁਨਰ ਨਾਲ ਪੰਜਾਬ ਵਿੱਚ ਬਾਸਕਿਟਬਾਲ ਦੇ ਚੰਗੇ ਖਿਡਾਰੀ ਤਿਆਰ ਕਰੇਗਾ, ਜਿਨ੍ਹਾਂ ਨਾਲ ਭਾਰਤ ਦਾ ਝੰਡਾ ਅੰਤਰਰਾਸ਼ਟਰੀ ਪੱਧਰ 'ਤੇ ਹੋਰ ਉੱਚਾ ਲਹਿਰਾਏਗਾ। ਇਹੀ ਜਜ਼ਬਾ ਲੈ ਕੇ ਉਸ ਨੇ ਪਟਿਆਲਾ ਦੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ (ਐੱਨ.ਆਈ.ਐੱਸ.) ਤੋਂ ਬਾਸਕਿਟਬਾਲ ਕੋਚ ਦਾ ਕੋਰਸ ਪੂਰਾ ਕੀਤਾ, ਪਰ ਨੌਕਰੀ ਦੀ ਉਡੀਕ ਦੀਆਂ ਲੰਮੀਆਂ ਲਕੀਰਾਂ ਨੇ ਉਸ ਦੇ ਚਿਹਰੇ 'ਤੇ ਵੀਰਾਨੀ ਦੀਆਂ ਛਾਵਾਂ ਪਾ ਦਿੱਤੀਆਂ। ਸਾਲ ਬੀਤਦੇ ਗਏ, ਉਮੀਦਾਂ ਮੁੱਕਦੀਆਂ ਗਈਆਂ। ਆਖ਼ਰ ਉਹ ਓਵਰਏਜ ਹੋ ਗਿਆ, ਨਾ ਸਰਕਾਰੀ ਨੌਕਰੀ ਮਿਲੀ, ਨਾ ਉਸ ਦਾ ਸੁਪਨਾ ਸਾਕਾਰ ਹੋਇਆ। ਜ਼ਿੰਦਗੀ ਦੀ ਜੰਗ ਹਾਰ ਕੇ ਇਕ ਪ੍ਰਾਈਵੇਟ ਸਕੂਲ ਵਿੱਚ ਥੋੜ੍ਹੀ ਤਨਖ਼ਾਹ 'ਤੇ ਖੇਡਾਂ ਦਾ ਅਧਿਆਪਕ ਬਣ ਗਿਆ। ਪਿਤਾ ਜੀ ਫੌਜੀ ਅਫ਼ਸਰ ਤੋਂ ਸੇਵਾ-ਮੁਕਤ ਸਨ। ਆਪਣੀ ਨਾ-ਮਾਤਰ ਤਨਖਾਹ ਤੋਂ ਇਲਾਵਾ ਆਪਣੇ ਪਿਤਾ ਦੀ ਪੈਨਸ਼ਨ ਨਾਲ ਉਨ੍ਹਾ ਦੀ ਮਾਤਾ, ਧਰਮ ਪਤਨੀ ਅਤੇ ਦੋ ਬੱਚਿਆਂ ਦਾ ਗੁਜ਼ਾਰਾ ਤਾਂ ਚਲਦਾ ਰਿਹਾ, ਪਰ ਅੰਦਰੋਂ ਉਹ ਪੂਰੀ ਤਰ੍ਹਾਂ ਟੁੱਟ ਗਿਆ ਸੀ। ਜਿਹੜਾ ਨੌਜਵਾਨ ਕਦੇ ਮੈਦਾਨ 'ਚ ਜੋਸ਼ ਦਾ ਪ੍ਰਤੀਕ ਸੀ, ਉਹ ਹੁਣ ਚੁੱਪੀ ਦਾ ਪਹਿਰਾ ਬਣ ਗਿਆ। ਬੇਰੁਜ਼ਗਾਰੀ ਦੀ ਅੱਗ ਨੇ ਉਸ ਦੇ ਸੁਪਨਿਆਂ ਨੂੰ ਸੁਆਹ ਕਰ ਦਿੱਤਾ। ਸਿਗਰਟ ਤੇ ਸ਼ਰਾਬ ਉਸ ਦੇ ਸਾਥੀ ਬਣ ਗਏ। ਉਹ ਦਿਲ, ਜੋ ਕਦੇ ਜਿੱਤ ਦੀ ਧੁਨ 'ਤੇ ਧੜਕਦਾ ਸੀ, ਹੁਣ ਹਾਰ ਦੇ ਸੁਰਾਂ ਵਿੱਚ ਖੋ ਗਿਆ ਤੇ ਇਕ ਦਿਨ ਉਹ ਸਦਾ ਲਈ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ... ਮੈਂ ਬੇਵੱਸ ਸੀ, ਅੱਖਾਂ ਭਰੀਆਂ ਹੋਈਆਂ ਸਨ, ਦਿਲ ਸੜ ਰਿਹਾ ਸੀ। ਉਸ ਦੀ ਮੌਤ ਸਿਰਫ਼ ਇਕ ਵਿਅਕਤੀ ਦੀ ਹਾਰ ਨਹੀਂ ਸੀ, ਇਹ ਸਿਸਟਮ ਦੀ ਉਹ ਚੁੱਪ ਤਲਵਾਰ ਸੀ, ਜੋ ਅਨੇਕਾਂ ਹੋਣਹਾਰ ਨੌਜਵਾਨਾਂ ਦੇ ਸੁਪਨੇ ਕੱਟ ਰਹੀ ਹੈ।

ਮਾਤਾ-ਪਿਤਾ ਜਿਹੜੇ ਬੱਚਿਆਂ ਦੀ ਪੜ੍ਹਾਈ 'ਚ ਹੱਡੀਆਂ ਤੱਕ ਗਲਾ ਦਿੰਦੇ ਹਨ, ਉਹਨਾਂ ਦੀਆਂ ਰਾਤਾਂ ਦੀਆਂ ਨੀਂਦਾਂ ਉੱਡ ਜਾਂਦੀਆਂ ਹਨ, ਜਦ ਬੱਚੇ ਹੱਥਾਂ 'ਚ ਡਿਗਰੀ ਤੇ ਅੱਖਾਂ 'ਚ ਨਿਰਾਸ਼ਾ ਲੈ ਕੇ ਬੈਠਦੇ ਹਨ। ਘਰ ਦਾ ਮਾਹੌਲ ਤਬਦੀਲ ਹੋ ਜਾਂਦਾ ਹੈ, ਜਿੱਥੇ ਪਹਿਲਾਂ ਸੁਪਨੇ ਸਨ, ਹੁਣ ਸਿਰਫ਼ ਤਣਾਅ ਹੈ। ਕਈ ਨੌਜਵਾਨ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ ਤੇ ਕੁਝ ਆਪਣੀ ਜਾਨ ਦੀ ਖੇਡ ਹਾਰ ਜਾਂਦੇ ਹਨ।

ਸਵਾਲ ਸਿਰਫ਼ ਬੇਰੁਜ਼ਗਾਰੀ ਦਾ ਨਹੀਂ, ਸਵਾਲ ਹੈ ਇੱਕ ਪੀੜ੍ਹੀ ਦੇ ਵਿਸ਼ਵਾਸ ਦਾ, ਜੋ ਹੌਲੀ-ਹੌਲੀ ਮਰਦਾ ਜਾ ਰਿਹਾ ਹੈ। ਅੱਜ ਦਾ ਨੌਜਵਾਨ, ਜੋ ਕਦੇ ਆਪਣੇ ਘਰ ਦੀਆਂ ਉਮੀਦਾਂ ਦਾ ਤਾਰਾ ਸੀ, ਹੁਣ ਵਿਦੇਸ਼ਾਂ ਦੇ ਟਿਕਟਾਂ ਵਿਚ ਆਪਣਾ ਭਵਿੱਖ ਲੱਭ ਰਿਹਾ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਹਰ ਸਾਲ ਆਪਣੇ ਮਾਂ-ਪਿਉ ਦੀਆਂ ਅੱਖਾਂ ਤੋਂ ਦੂਰ ਕਿਸੇ ਅਜਿਹੇ ਦੇਸ਼ ਰੁਖ ਕਰ ਜਾਂਦੇ ਹਨ, ਜਿੱਥੇ ਰੋਜ਼ੀ-ਰੋਟੀ ਦੇ ਸਹੀ ਵਸੀਲੇ ਮਿਲ ਸਕਣ, ਪਰ ਅਫਸੋਸ ਕਿ ਰੋਜ਼ੀ-ਰੋਟੀ ਦੀ ਭਾਲ ਵਿੱਚ ਦੇਸੋਂ ਪ੍ਰਦੇਸ਼ ਜਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਬੱਚਿਆਂ ਨੂੰ ਵਿਦੇਸ਼ ਜਾਣਾ ਸ਼ੌਂਕ ਨਹੀਂ, ਇਕ ਮਜਬੂਰੀ ਬਣ ਚੁੱਕੀ ਹੈ। ਜਿਸ ਨੌਜਵਾਨ ਦੇ ਦਿਲ ਵਿੱਚ ਦੇਸ਼ ਲਈ ਸੇਵਾ ਦਾ ਜਜ਼ਬਾ ਹੋਣਾ ਚਾਹੀਦਾ ਸੀ, ਉਸ ਦੇ ਹੱਥ ਵਿੱਚ ਹੁਣ ਪਾਸਪੋਰਟ ਤੇ ਵੀਜ਼ਾ ਫਾਰਮ ਹੈ। ਜਿਨ੍ਹਾਂ ਦੇ ਮਾਪਿਆ ਕੋਲ ਚਾਰ ਪੈਸੇ ਹਨ, ਉਹ ਤਾਂ ਬੱਚਿਆਂ ਨੂੰ ਕੈਨੇਡਾ, ਆਸਟ੍ਰੇਲੀਆ ਜਾਂ ਅਮਰੀਕਾ ਹੋਰ ਵਿਕਸਤ ਦੇਸ਼ਾਂ ਵਿੱਚ ਭੇਜ ਦਿੰਦੇ ਹਨ, ਪਰ ਜਿਹੜੇ ਪਹਿਲਾਂ ਹੀ ਗਰੀਬੀ ਦੀ ਚੱਕੀ ਵਿੱਚ ਪਿਸ ਰਹੇ ਹਨ, ਆਖ਼ਰ ਉਹ ਕਿੱਥੇ ਜਾਣ? ਉਹਨਾਂ ਕੋਲ ਨਾ ਵਿਦੇਸ਼ ਜਾਣ ਲਈ ਪੈਸਾ ਹੈ, ਨਾ ਇੱਥੇ ਜੀਉਣ ਲਈ ਮੌਕੇ। ਫਿਰ ਹਰ ਦਿਨ ਇੱਕ ਨਵੀਂ ਜੰਗ ਹੈ, ਇੱਕ ਨਵੀਂ ਹਾਰ।

ਅਜਿਹੇ ਪਰਵਾਰਾਂ ਵਿੱਚ ਮਾਂ ਦੀਆਂ ਅੱਖਾਂ ਵਿੱਚ ਸਿਰਫ਼ ਚਿੰਤਾ ਦੇ ਬੱਦਲ ਹਨ ਤੇ ਪਿਉ ਦੇ ਚਿਹਰੇ 'ਤੇ ਬੇਵੱਸੀ ਦੀਆਂ ਲਕੀਰਾਂ। ਜਦੋਂ ਉਹ ਆਪਣੇ ਪੁੱਤਰ ਨੂੰ ਵੇਖਦੇ ਹਨ, ਤਾਂ ਮਨ ਵਿੱਚ ਇਕੋ ਸਵਾਲ ਉੱਠਦਾ ਹੈ, ਹੁਣ ਇਹ ਕਿੱਥੇ ਜਾਵੇ? ਇਸ ਸੰਦਰਭ ਵਿੱਚ ਕੋਈ ਗਲਤ ਰਾਹ ਪਕੜ ਲੈਂਦਾ ਹੈ, ਕੋਈ ਨਸ਼ੇ ਦਾ ਸ਼ਿਕਾਰ ਬਣ ਜਾਂਦਾ ਹੈ ਤੇ ਕੋਈ ਆਪਣੀ ਜਾਨ ਹੀ ਦੇ ਬੈਠਦਾ ਹੈ। ਇਸ ਸਭ ਦਾ ਜ਼ਿੰਮੇਵਾਰ ਕੌਣ? ਸਿਸਟਮ? ਸਰਕਾਰ ਜਾਂ ਅਸੀਂ ਆਪ, ਜੋ ਹਰ ਵਾਰੀ ਉਮੀਦ ਤਾਂ ਕਰਦੇ ਹਾਂ, ਪਰ ਏਕੇ ਨਾਲ ਆਵਾਜ਼ ਨਹੀਂ ਉਠਾਉਂਦੇ। ਸੋ ਸਰਕਾਰਾਂ ਨੂੰ ਚਾਹੀਦਾ ਹੈ ਕਿ ਹੁਣ ਵਾਅਦੇ ਨਹੀਂ, ਵਿਵਹਾਰਿਕ ਕਦਮ ਚੁੱਕਣ। ਰੋਜ਼ਗਾਰ ਦੇ ਨਵੇਂ ਰਾਹ ਖੋਲ੍ਹੇ ਜਾਣ, ਤਕਨੀਕੀ ਸਿੱਖਿਆ ਨੂੰ ਹਕੀਕਤ ਨਾਲ ਜੋੜਿਆ ਜਾਵੇ ਤੇ ਵਿਦਿਆਰਥੀਆਂ ਨੂੰ ਭਵਿੱਖ ਦਾ ਵਿਸ਼ਵਾਸ ਦਿੱਤਾ ਜਾਵੇ।ਜੇਕਰ ਅਸੀਂ ਸੱਚਮੁੱਚ ਯੁਵਾ ਸ਼ਕਤੀ ਨੂੰ ਦੇਸ਼ ਦੀ ਤਾਕਤ ਮੰਨਦੇ ਹਾਂ ਤਾਂ ਇਹ ਸਮਾਂ ਹੈ ਕਿ ਉਨ੍ਹਾਂ ਦੇ ਹੱਥਾਂ ਨੂੰ ਮੌਕੇ ਮਿਲਣ ਤਾਂ ਜੋ ਉਹ ਇਨਸਾਫ਼ ਮੰਗਣ ਲਈ ਨਹੀਂ, ਸਫਲਤਾ ਸਿਰਜਣ ਲਈ ਮੰਚਾਂ 'ਤੇ ਖੜ੍ਹੇ ਹੋਣ।

# ਸੰਪਰਕ : 94174-27656

17-NOV-PAGE-5.qxd 11/16/2025 9:19 PM Page 1



# ਕਰਤਾਰ ਸਿੰਘ ਸਰਾਭਾ ਤੇ ਦੂਸਰੇ ਗਦਰੀ ਸ਼ਹੀਦਾਂ ਨੂੰ ਸਮਰਪਤ ਰਹੀ ਸੀ ਪੀ ਆਈ ਕਾਨਫਰੰਸ

**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਲੁਧਿਆਣਾ ਸ਼ਹਿਰੀ ਦੀ ਜਥੇਬੰਦਕ ਕਾਨਫਰੰਸ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਵਿਖੇ ਆਜ਼ਾਦੀ ਘੁਲਾਟੀਏ ਬਾਬਾ ਜਸਵੰਤ ਸਿੰਘ ਹਾਲ ਵਿੱਚ ਹੋਈ।ਪਾਰਟੀ ਦੇ ਸੀਨੀਅਰ ਆਗੂ ਡਾਕਟਰ ਅਰੁਣ ਮਿੱਤਰਾ ਨੇ ਕਾਨਫਰੰਸ ਦਾ ਉਦਘਾਟਨ ਕਰਦੇ ਹੋਏ ਕਿਹਾ ਕਿ ਅੱਜ ਦੇ ਦਿਨ 1915 ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਨ੍ਹਾਂ ਦੇ ਗਦਰੀ ਸਾਥੀਆਂ ਵਿਸ਼ਨੂ ਗਣੇਸ਼ ਪਿੰਗਲੇ, ਜਗਤ ਸਿੰਘ ਸੁਰ ਸਿੰਘ, ਹਰਨਾਮ ਸਿੰਘ ਸਿਆਲਕੋਟ, ਬਖਸ਼ੀਸ਼ ਸਿੰਘ ਗਿੱਲਵਾਲੀ, ਸੁਰੈਣ ਸਿੰਘ ਗਿੱਲਵਾਲੀ-1 ਤੇ ਸੁਰੈਣ ਸਿੰਘ ਗਿੱਲਵਾਲੀ-2 ਫਾਂਸੀ ਨੂੰ ਦਿੱਤੀ ਗਈ ਸੀ।ਉਨ੍ਹਾਂ ਕਿਹਾ ਕਿ ਅੱਜ ਸੱਤਾ 'ਤੇ ਉਹ ਲੋਕ ਕਾਬਜ਼ ਹਨ, ਜਿਨ੍ਹਾਂ ਦਾ ਦੇਸ਼ ਦੀ ਆਜ਼ਾਦੀ ਦੇ ਸੰਘਰਸ਼ ਵਿੱਚ ਕੋਈ ਯੋਗਦਾਨ ਨਹੀਂ।ਇਨ੍ਹਾਂ ਫਿਰਕੂ ਤਾਕਤਾਂ ਵੱਲੋਂ ਗੈਰ-ਸੰਵਿਧਾਨਕ ਤਰੀਕੇ ਨਾਲ ਵਧਾਈ ਜਾ ਰਹੀ ਆਪਣੀ ਸ਼ਕਤੀ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦਾ ਇੱਕ ਵਿਸ਼ਾਲ ਮੁਹਾਜ ਸਮੇਂ ਦੀ ਲੋੜ ਹੈ।

ਪਾਰਟੀ ਦੇ ਸਕੱਤਰ ਐੱਮ ਐੱਸ ਭਾਟੀਆ ਨੇ ਜਥੇਬੰਦਕ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਪਿਛਲੇ ਸਮੇਂ ਵਿੱਚ ਕੀਤੇ ਗਏ ਕੰਮਾਂ ਬਾਰੇ ਦੱਸਿਆ ਗਿਆ।ਰਿਪੋਰਟ 'ਤੇ ਬੋਲਦਿਆਂ ਪਾਰਟੀ ਦੇ ਸੂਬਾ ਕੰਟਰੋਲ ਕਮਿਸ਼ਨ ਦੇ ਚੇਅਰਮੈਨ ਕਾਮਰੇਡ ਰਮੇਸ਼ ਰਤਨ ਨੇ ਪਾਰਟੀ ਨੂੰ ਥਾਂ ਥਾਂ ਤੇ ਮਜ਼ਬੂਤ ਕਰਨ ਤੇ ਜ਼ੋਰ ਦਿੱਤਾ ਤੇ ਕਿਹਾ ਕਿ ਮੈਂਬਰਾਂ ਲਈ ਮਾਰਕਸਵਾਦ ਦੀ ਪੜ੍ਹਾਈ ਜ਼ਰੂਰੀ ਹੈ, ਜਿਸ ਲਈ ਰੈਗੂਲਰ ਤੌਰ ਤੇ ਕਲਾਸਾਂ ਲੱਗਣੀਆਂ ਚਾਹੀਦੀਆਂ ਹਨ।ਉਨ੍ਹਾਂ ਕਾਮਰੇਡ ਐੱਮ ਐੱਸ ਭਾਟੀਆ ਵੱਲੋਂ ਮੁੱਢਲੇ ਕਮਿਊਨਿਸਟ ਆਗੂਆਂ ਦੀਆਂ ਜੀਵਨੀਆਂ ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਪ੍ਰਕਾਸ਼ਿਤ ਕੀਤੀ ਗਈ ਕਿਤਾਬ 'ਸੰਗਰਾਮੀ ਕਮਿਊਨਿਸਟ ਆਗੂ' ਬਾਰੇ ਕਿਹਾ ਕਿ ਇਹ ਮਾਣ ਵਾਲੀ ਗੱਲ ਹੈ ਕਿ ਇਹ ਕਿਤਾਬ 25ਵੀਂ ਪਾਰਟੀ ਕਾਂਗਰਸ ਵੇਲੇ ਪਾਰਟੀ ਦੇ ਜਨਰਲ ਸਕੱਤਰ ਡੀ ਰਾਜਾ ਤੇ ਹੋਰ ਕੌਮੀ ਆਗੂਆਂ ਵੱਲੋਂ ਰਿਲੀਜ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਸਾਰੇ ਸਾਥੀਆਂ ਨੂੰ ਇਹ ਕਿਤਾਬ ਪੜ੍ਹਨੀ ਚਾਹੀਦੀ ਹੈ।

### ਐੱਮ ਐੱਸ ਭਾਟੀਆ ਮੁੜ ਸ਼ਹਿਰੀ ਸਕੱਤਰ ਚੁਣੇ ਗਏ



ਹੋਰਨਾਂ ਤੋਂ ਇਲਾਵਾ ਰਿਪੋਰਟ 'ਤੇ ਬੋਲਦਿਆਂ ਕਾਮਰੇਡ ਅਜੀਤ ਜਵੱਦੀ, ਕਾਮਰੇਡ ਐਡਵੋਕੇਟ ਰਾਮ ਸਰੂਪ, ਜਗਮੋਹਨ ਸ਼ਰਮਾ ਤੇ ਅਨਿਲ ਕੁਮਾਰ ਨੇ ਆਪਣੇ ਵਿਚਾਰ ਪ੍ਰਗਟ ਕੀਤੇ।ਰਿਪੋਰਟ 'ਤੇ ਬੋਲਦਿਆਂ 11 ਸਾਥੀਆਂ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਤੇ ਹਾਜ਼ਰ ਡੈਲੀਗੇਟਾਂ ਨੇ ਸਰਬ ਸੰਮਤੀ ਨਾਲ ਇਸ ਨੂੰ ਪਾਸ ਕੀਤਾ।ਆਉਣ ਵਾਲੇ ਸਮੇਂ ਲਈ ਕੱਢੇ ਗਏ ਕੰਮਾਂ ਵਿੱਚ ਸਿਵਲ ਹਸਪਤਾਲ ਲੁਧਿਆਣਾ ਨੂੰ ਅੱਪਗ੍ਰੇਡ ਕਰਾ ਕੇ ਪੀਜੀਆਈ ਦੇ ਲੈਵਲ ਦਾ ਬਣਵਾਉਣਾ ਤੇ ਸਿਹਤ ਸੇਵਾਵਾਂ ਦੇ ਨਿੱਜੀਕਰਨ ਖਿਲਾਫ ਸੰਘਰਸ਼ ਜਾਰੀ ਰੱਖਣਾ, ਸ਼ਹਿਰ ਵਿੱਚ ਟ੍ਰੈਫਿਕ ਦੀ ਸਮੱਸਿਆ, ਟੁੱਟੀਆਂ ਸੜਕਾਂ, ਅਮਨ ਕਾਨੂੰਨ ਦੀ ਹਾਲਤ, ਬੁੱਢੇ ਨਾਲੇ ਨੂੰ ਪ੍ਰਦੂਸ਼ਣ ਰਹਿਤ ਕਰਨ ਲਈ ਸੰਘਰਸ਼, ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਲਈ ਲੇਬਰ ਕਲੋਨੀਆਂ ਉਸਾਰਨ ਲਈ ਸਰਕਾਰ 'ਤੇ ਦਬਾਅ ਪਾਉਣਾ, ਰੇਹੜੀ ਫੜ੍ਹੀ ਵਾਲਿਆਂ ਲਈ ਸਥਾਈ ਕਾਨੂੰਨ ਲਾਗੂ ਕਰਵਾਉਣਾ ਤੇ ਵੈਂਡਿੰਗ ਜ਼ੋਨ ਬਣਵਾਉਣਾ ਸ਼ਾਮਲ ਹਨ।

ਉਪਰੰਤ ਨਵੀਂ ਸ਼ਹਿਰੀ ਕਮੇਟੀ ਚੁਣੀ ਗਈ, ਜਿਸ ਨੇ ਐੱਮ ਐੱਸ ਭਾਟੀਆ ਨੂੰ ਦੁਬਾਰਾ ਸਕੱਤਰ ਚੁਣਿਆ।ਕਾਮਰੇਡ ਵਿਜੇ ਕੁਮਾਰ, ਕੁਲਵੰਤ ਕੌਰ ਤੇ ਵਿਨੋਦ ਕੁਮਾਰ ਮੁੜ ਸਹਾਇਕ ਸਕੱਤਰ ਚੁਣੇ ਗਏ ਅਤੇ ਅਵਤਾਰ ਛਿੱਬੜ ਵਿੱਤ ਸਕੱਤਰ ਚੁਣੇ ਗਏ।ਐਡਵੋਕੇਟ ਰਾਮ ਸਰੂਪ ਨੂੰ ਸ਼ਹਿਰੀ ਕਮੇਟੀ ਦਾ ਲੀਗਲ ਐਡਵਾਈਜ਼ਰ ਤੇ ਨੌਜਵਾਨ ਕਰਨ ਯਾਦਵ ਨੂੰ ਮੀਡੀਆ ਸੈੱਲ ਦਾ ਇੰਚਾਰਜ ਨਿਯੁਕਤ ਕੀਤਾ ਗਿਆ। 30 ਨਵੰਬਰ ਨੂੰ ਜ਼ਿਲ੍ਹਾ ਲੁਧਿਆਣਾ ਦੀ ਪਾਰਟੀ ਕਾਨਫਰੰਸ ਲਈ ਡੈਲੀਗੇਟਾਂ ਦੀ ਚੋਣ ਕੀਤੀ ਗਈ।ਅੱਜ ਦੀ ਕਾਨਫਰੰਸ ਦੀ ਪ੍ਰਧਾਨਗੀ ਕਾਮਰੇਡ ਵਿਜੇ ਕੁਮਾਰ, ਕੁਲਵੰਤ ਕੌਰ ਤੇ ਵਿਨੋਦ ਕੁਮਾਰ 'ਤੇ ਅਧਾਰਤ ਪ੍ਰਧਾਨਗੀ ਮੰਡਲ ਨੇ ਕੀਤੀ।ਅੱਜ ਦੀ ਇਹ ਪਾਰਟੀ ਕਾਨਫਰੰਸ ਇਨ੍ਹਾਂ ਸ਼ਹੀਦਾਂ ਨੂੰ ਸਮਰਪਤ ਸੀ।ਅੰਤ ਵਿੱਚ ਪ੍ਰਧਾਨਗੀ ਮੰਡਲ ਵੱਲੋਂ ਵਿਜੇ ਕੁਮਾਰ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਧੂਰੀ 'ਚ ਵਿਸ਼ਾਲ ਰੈਲੀ

**ਧੂਰੀ (ਸੁਖਦੇਵ ਧੂਰੀ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ, ਮੋਹਿਤ ਗਰਗ)**

ਪੰਜਾਬ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਦੀਆਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤੇ ਜਾਣ ਦੇ ਰੋਸ ਵਜੋਂ 'ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ' ਵੱਲੋਂ ਸਥਾਨਕ ਅਨਾਜ ਮੰਡੀ ਵਿਖੇ ਵਿਸ਼ਾਲ ਸੂਬਾ ਪੱਧਰੀ ਰੈਲੀ ਕੀਤੀ ਗਈ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਫ਼ਤਰ ਵੱਲ ਰੋਸ ਮਾਰਚ ਕੀਤਾ ਗਿਆ।



ਇਸ ਮੌਕੇ ਪੰਜਾਬ ਦੇ ਕੋਨੇ-ਕੋਨੇ ਵਿੱਚੋਂ ਪੁੱਜੇ ਹਜ਼ਾਰਾਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਨੂੰ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਕਨਵੀਨਰਾਂ ਧਨਵੰਤ ਸਿੰਘ ਭੱਠਲ, ਰਣਜੀਤ ਸਿੰਘ ਰਾਣਵਾਂ, ਭਜਨ ਸਿੰਘ ਗਿੱਲ, ਸਤੀਸ਼ ਰਾਣਾ, ਜਰਮਨਜੀਤ ਸਿੰਘ, ਕਰਮ ਸਿੰਘ ਧਨੋਆ, ਗਗਨਦੀਪ ਬਠਿੰਡਾ, ਸੁਖਦੇਵ ਸਿੰਘ ਸੈਣੀ, ਗੁਰਪ੍ਰੀਤ ਸਿੰਘ ਗੰਡੀਵਿੰਡ, ਸਰਬਜੀਤ ਸਿੰਘ ਭਾਣਾ, ਸਤਨਾਮ ਸਿੰਘ ਰੰਧਾਵਾ, ਜਗਦੀਸ਼ ਚਾਹਲ, ਜਸਵੀਰ ਸਿੰਘ ਤਲਵਾੜਾ, ਰਾਧੇ ਸ਼ਿਆਮ ਨੇ ਆਖਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੇਂਦਰ ਅਤੇ ਗਵਾਂਢੀ ਸੂਬਿਆਂ ਦੀਆਂ ਸਰਕਾਰਾਂ ਨਾਲੋਂ 16 ਫੀਸਦੀ ਮਹਿੰਗਾਈ ਭੱਤਾ ਘੱਟ ਦਿੰਦਿਆਂ ਉਹਨਾਂ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਹਨਾਂ ਕਿਹਾ ਕਿ ਪੈਨਸ਼ਨਰਾਂ 'ਤੇ 2.59 ਦਾ ਗੁਣਾਕ ਲਾਗੂ ਕਰਨ, ਆਪਣੀ ਹੀ ਸਰਕਾਰ ਦੁਆਰਾ ਪੁਰਾਣੀ ਪੈਨਸ਼ਨ ਦੇਣ ਸੰਬੰਧੀ ਜਾਰੀ ਕੀਤੇ ਨੋਟੀਫਿਕੇਸ਼ਨ ਨੂੰ ਲਾਗੂ ਕਰਨ, ਮਾਣ-ਭੱਤਾ ਵਰਕਰਾਂ 'ਤੇ ਘੱਟੋ-ਘੱਟ ਉਜਰਤਾਂ ਕਾਨੂੰਨ ਲਾਗੂ ਕਰਨ, ਕੱਚੇ, ਆਊਟਸੋਰਸ, ਇਨਲਿਸਟਡ ਅਤੇ ਵੱਖ-ਵੱਖ ਸੁਸਾਇਟੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਨੂੰ ਪੱਕਾ ਕਰਨ, 17 ਜੁਲਾਈ 2020 ਤੋਂ ਬਾਅਦ ਭਰਤੀ ਕੀਤੇ ਮੁਲਾਜ਼ਮਾਂ ਉੱਤੇ ਪੰਜਾਬ ਦੇ ਤਨਖਾਹ ਸਕੇਲ ਲਾਗੂ ਕਰਨ, ਪੇਂਡੂ ਤੇ ਬਾਰਡਰ ਏਰੀਆ ਸਮੇਤ ਕੱਟੇ ਗਏ ਸਾਰੇ ਭੱਤੇ ਅਤੇ ਏ. ਸੀ. ਪੀ. ਬਹਾਲ ਕਰਨ, ਖਰਖ ਕਾਲ ਦੌਰਾਨ ਮੁੱਢਲੀ ਤਨਖਾਹ ਦੇਣ ਦਾ ਫ਼ੈਸਲਾ ਰੱਦ ਕਰਨ, ਮਹਿੰਗਾਈ ਭੱਤੇ ਅਤੇ ਛੇਵੇਂ ਤਨਖਾਹ ਕਮਿਸ਼ਨ ਤਹਿਤ ਬਣਦੇ ਬਕਾਏ ਜਾਰੀ ਕਰਨ, ਜਜ਼ੀਆ ਰੂਪੀ 200 ਰੁਪਏ ਵਿਕਾਸ ਟੈਕਸ ਬੰਦ ਕਰਨ ਸਮੇਤ ਸਾਂਝੇ ਫਰੰਟ ਦੀਆਂ ਹੋਰ ਮੰਗਾਂ ਪੂਰੀਆਂ ਕਰਨ ਤੋਂ ਲੱਗਭੱਗ ਇਨਕਾਰੀ ਹੋ ਚੁੱਕੀ ਹੈ ਜਦੋਂਕਿ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਆਦਮੀ ਪਾਰਟੀ ਵੱਲੋਂ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਮਾਣਭੱਤਾ ਵਰਕਰਾਂ ਨੂੰ ਅਨੇਕਾਂ ਕਿਸਮ ਦੀਆਂ ਗਰੰਟੀਆਂ ਦਿੱਤੀਆਂ ਗਈਆਂ ਸਨ।

ਸਾਂਝੇ ਫਰੰਟ ਦੇ ਆਗੂਆਂ ਅਵਿਨਾਸ਼ ਚੰਦਰ ਸ਼ਰਮਾ, ਹਰਦੀਪ ਟੋਡਰਪੁਰ, ਬਲਵੀਰ ਸਿੰਘ ਪੁਆਰ, ਸੁਰਿੰਦਰ ਪੁਆਰੀ, ਐੱਨ.ਡੀ. ਤਿਵਾੜੀ, ਸੁਖਦੇਵ ਸਿੰਘ ਚੰਗਾਲੀਵਾਲਾ, ਕੁਲਵਰਨ ਸਿੰਘ, ਰਾਮ ਸਰੂਪ ਢੈਪਈ, ਅਵਤਾਰ ਸਿੰਘ ਢਢੋਗਲ, ਕਰਮਜੀਤ ਬੀਹਲਾ, ਦਵਿੰਦਰ ਪਿਸ਼ੌਰ, ਬੋਬਿੰਦਰ ਸਿੰਘ, ਦਰਸ਼ਨ ਸਿੰਘ ਸੰਗਰੂਰ, ਕੁਲਵਿੰਦਰ ਸਿੰਘ ਨੇ ਆਖਿਆ ਕਿ ਜੇਕਰ ਪੰਜਾਬ ਸਰਕਾਰ ਦੁਆਰਾ ਉਹਨਾਂ ਦੀਆਂ ਮੰਗਾਂ ਦੀ ਪੂਰਤੀ ਨਹੀਂ ਕੀਤੀ ਜਾਂਦੀ ਤਾਂ ਦਸੰਬਰ ਮਹੀਨੇ ਵਿੱਚ ਪੰਜਾਬ ਦੇ ਕੈਬਨਿਟ ਮੰਤਰੀਆਂ ਦੇ ਘਰਾਂ ਦਾ ਘਿਰਾਓ ਕੀਤਾ ਜਾਵੇਗਾ।

ਇਸ ਮੌਕੇ ਦਰਸ਼ਨ ਸਿੰਘ ਲੁਬਾਣਾ, ਹਰਗੋਬਿੰਦ ਕੌਰ, ਮਮਤਾ ਸ਼ਰਮਾ, ਕਸ਼ਮੀਰ ਸਿੰਘ ਥਿੰਦ, ਰਾਕੇਸ਼ ਕੁਮਾਰ ਸ਼ਰਮਾ, ਹਰਜੀਤ ਸਿੰਘ, ਸੁਖਦਿਆਲ ਸਿੰਘ ਝੰਡ, ਬੱਬਣਪਾਲ ਸੰਗਰੂਰ, ਸੁਰਿੰਦਰਪਾਲ ਲਾਹੌਰੀਆ, ਰਾਜ ਕੁਮਾਰ ਅਰੋੜਾ, ਅਨਿਲ ਕੁਮਾਰ ਬਰਨਾਲਾ, ਸੁਰਿੰਦਰ ਕੁਮਾਰ ਵਾਲੀਆ, ਗੁਰਜਿੰਦਰ ਔਲਖ, ਸ਼ਿੰਗਾਰਾ ਸਿੰਘ ਲੁਧਿਆਣਾ, ਚਮਕੌਰ ਸਿੰਘ, ਡਾ. ਅਮਰਜੀਤ ਸਿੰਘ, ਗਗਨਦੀਪ ਸ਼ਰਮਾ, ਯਾਦਵਿੰਦਰ ਪਾਲ, ਵਰਿੰਦਰ ਵਿੱਕੀ, ਪ੍ਰੇਮ ਚਾਵਲਾ, ਰਘਵੀਰ ਸਿੰਘ, ਅਮਰਜੀਤ ਕੌਰ ਰਣਸਿੰਘਵਾਲਾ, ਸੰਦੀਪ ਗਿੱਲ, ਕਿਰਨ ਬਾਲਾ, ਪ੍ਰਿਤਪਾਲ ਸਿੰਘ, ਕੁਲਦੀਪ ਸਿੰਘ ਉਗੋਕੇ, ਹੰਸਰਾਜ ਦੀਦਾਰਗੜ੍ਹ, ਸਰਬਜੀਤ ਸਿੰਘ ਪੁੰਨਾਂਵਾਲ, ਫਕੀਰ ਸਿੰਘ ਟਿੱਬਾ, ਜਸਦੇਵ ਸਿੰਘ, ਚਰਨਜੀਤ ਸਿੰਘ ਕੈਂਥ, ਅਸ਼ੋਕ ਕੁਮਾਰ, ਰਾਜਵੀਰ ਸਿੰਘ, ਗੁਰਜੰਟ ਸਿੰਘ, ਨਿਰਭੈ ਸਿੰਘ ਹੈਲਥ, ਬੱਗਾ ਸਿੰਘ, ਇੰਦਰ ਸ਼ਰਮਾ, ਮਹਿੰਦਰ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

# ਟ੍ਰਾਈਡੈਂਟ ਗਰੁੱਪ ਵੱਲੋਂ 55 ਆਈ ਟੀ ਆਈ ਵਿਦਿਆਰਥੀਆਂ ਦਾ ਸਵਾਗਤ



**ਬਰਨਾਲਾ (ਰਾਜਿੰਦਰ ਬਰਾੜ)**-ਟ੍ਰਾਈਡੈਂਟ ਗਰੁੱਪ ਨੇ ਕੌਸ਼ਲ ਵਿਕਾਸ ਵੱਲ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦੇ ਹੋਏ ਡੁਅਲ ਸਿਸਟਮ ਆਫ਼ ਟ੍ਰੇਨਿੰਗ (ਡੀ.ਐੱਸ.ਟੀ.) ਸਕੀਮ ਹੇਠ 55 ਆਈ.ਟੀ.ਆਈ. ਵਿਦਿਆਰਥੀਆਂ ਦਾ ਸਵਾਗਤ ਕੀਤਾ ਹੈ।ਇਹ ਵਿਦਿਆਰਥੀ ਹੁਣ ਸੰਸਥਾ ਵਿੱਚ ਆਨ-ਦ-ਜਾਬ ਟ੍ਰੇਨਿੰਗ (ਓ.ਜ਼ੇ.ਟੀ.) ਰਾਹੀਂ ਅਸਲੀ ਉਦਯੋਗਿਕ ਮਾਹੌਲ ਵਿੱਚ ਕੰਮ ਕਰਨ ਦਾ ਤਜਰਬਾ ਹਾਸਲ ਕਰਨਗੇ।ਇਹ ਵਿਦਿਆਰਥੀ ਸਰਕਾਰੀ ਆਈ.ਟੀ.ਆਈ. ਬਰਨਾਲਾ, ਬਠਿੰਡਾ, ਮਲੇਰਕੋਟਲਾ ਤੇ ਬਰਨਾਲਾ (ਗਰਲਜ਼) ਸੰਸਥਾਵਾਂ ਤੋਂ ਚੁਣੇ ਗਏ ਹਨ।ਇਨ੍ਹਾਂ ਦਾ ਸੰਬੰਧ ਫਿਟਰ, ਇਲੈਕਟ੍ਰੀਸ਼ੀਅਨ, ਸਿਲਾਈ ਟੈਕਨਾਲੋਜੀ ਤੇ ਟੈਕਨੀਸ਼ੀਅਨ (ਵੈੱਟ ਪ੍ਰੋਸੈਸਿੰਗ) ਵਰਗੇ ਵੱਖ-ਵੱਖ ਟ੍ਰੇਡਾਂ ਨਾਲ ਹੈ।ਛੇ ਮਹੀਨੇ ਦੇ ਇਸ ਪ੍ਰਸ਼ਿਕਸ਼ਣ ਦੌਰਾਨ ਵਿਦਿਆਰਥੀ ਆਪਣੇ ਸਿਧਾਂਤਕ ਗਿਆਨ ਨੂੰ ਪ੍ਰਯੋਗਿਕ ਅਨੁਭਵ ਨਾਲ ਜੋੜ ਕੇ ਉਦਯੋਗ ਦੀਆਂ ਜ਼ਰੂਰਤਾਂ ਅਨੁਸਾਰ ਕੌਸ਼ਲ ਵਿਕਸਤ ਕਰਨਗੇ।ਸਮਾਰੋਹ ਦੌਰਾਨ ਵਿਦਿਆਰਥੀਆਂ ਨੂੰ ਮਿਹਨਤ, ਇਮਾਨਦਾਰੀ, ਅਨੁਸ਼ਾਸਨ ਤੇ ਟੀਮਵਰਕ ਦੀ ਭਾਵਨਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਗਿਆ।ਅਧਿਕਾਰੀਆਂ ਨੇ ਕਿਹਾ ਕਿ ਸਿੱਖਣ ਦੀ ਲਗਨ ਤੇ ਸਮਰਪਣ ਹੀ ਸਫ਼ਲਤਾ ਦੀ ਕੁੰਜੀ ਹੈ।ਹਰ ਵਿਦਿਆਰਥੀ ਨੂੰ ਟ੍ਰੇਨਿੰਗ ਦੌਰਾਨ 25,000 ਪ੍ਰਤੀ ਮਹੀਨਾ ਵਜ਼ੀਫ਼ਾ ਦਿੱਤਾ ਜਾਵੇਗਾ।ਇਸ ਮੌਕੇ ਵਿਦਿਆਰਥੀਆਂ ਨੂੰ ਆਪਣੀ ਆਮਦਨ ਦੀ ਸਹੀ ਵਰਤੋਂ ਕਰਨ ਤੇ ਬਚਤ ਦੀ ਆਦਤ ਪੈਦਾ ਕਰਨ ਦੀ ਸਲਾਹ ਦਿੱਤੀ ਗਈ।ਵਿਦਿਆਰਥੀਆਂ ਨੇ ਟ੍ਰਾਈਡੈਂਟ ਗਰੁੱਪ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਨਾ ਸਿਰਫ਼ ਆਰਥਿਕ ਸਹਾਇਤਾ ਦਿੱਤੀ ਗਈ ਹੈ, ਸਗੋਂ ਉਦਯੋਗਿਕ ਦੁਨੀਆ ਦਾ ਕੀਮਤੀ ਤਜਰਬਾ ਵੀ ਪ੍ਰਦਾਨ ਕੀਤਾ ਗਿਆ ਹੈ।ਡੁਅਲ ਸਿਸਟਮ ਆਫ਼ ਟ੍ਰੇਨਿੰਗ (ਡੀ.ਐੱਸ.ਟੀ.) ਸਕੀਮ ਭਾਰਤ ਸਰਕਾਰ ਦੇ ਕੌਸ਼ਲ ਵਿਕਾਸ ਤੇ ਉਦਯਮਸ਼ੀਲਤਾ ਮੰਤਰਾਲੇ (ਐਮ.ਐਸ.ਡੀ.ਈ.) ਦੀ ਪਹਿਲ ਹੈ, ਜੋ 2016 ਵਿੱਚ ਸ਼ੁਰੂ ਕੀਤੀ ਗਈ ਸੀ ਤੇ 2019 ਵਿੱਚ ਇਸ ਵਿੱਚ ਸੰਸ਼ੋਧਨ ਕੀਤਾ ਗਿਆ।ਇਸ ਦਾ ਮਕਸਦ ਆਈ.ਟੀ.ਆਈ. ਵਿਦਿਆਰਥੀਆਂ ਨੂੰ ਸਿਧਾਂਤਕ ਸਿੱਖਿਆ ਦੇ ਨਾਲ ਅਸਲੀ ਉਦਯੋਗਿਕ ਤਜਰਬਾ ਦੇਣਾ ਹੈ ਤਾਂ ਜੋ ਉਹ ਰੋਜ਼ਗਾਰ ਲਈ ਹੋਰ ਯੋਗ ਬਣ ਸਕਣ।ਇਸ ਪਹਿਲ ਰਾਹੀਂ ਟ੍ਰਾਈਡੈਂਟ ਗਰੁੱਪ ਨੇ ਯੁਵਾ ਸਸ਼ਕਤੀਕਰਨ ਤੇ ਕੌਸ਼ਲ ਵਿਕਾਸ ਪ੍ਰਤੀ ਆਪਣੀ ਵਚਨਬੱਧਤਾ ਨੂੰ ਫਿਰ ਦੁਹਰਾਇਆ ਹੈ।ਸੰਸਥਾ ਦਾ ਕਹਿਣਾ ਹੈ ਕਿ ਇਹ ਨਵੀਂ ਪੀੜ੍ਹੀ ਆਪਣੇ ਜਜ਼ਬੇ ਤੇ ਮਿਹਨਤ ਨਾਲ ਉਦਯੋਗਿਕ ਖੇਤਰ ਵਿੱਚ ਨਵੇਂ ਮਾਪਦੰਡ ਸਥਾਪਤ ਕਰੇਗੀ।

# ਪ੍ਰਭ ਦਾਸੂਵਾਲ ਗੈਂਗ ਦੇ ਮੁੱਖ ਸ਼ੂਟਰ ਸਣੇ 3 ਗੁਰਗੇ ਅਸਲੇ ਸਮੇਤ ਕਾਬੂ

**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜਾ)**

ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਸੁਰੱਖਿਅਤ ਬਣਾਈ ਰੱਖਣ ਦੀ ਮੁਹਿੰਮ ਤੇ ਡੀ.ਜੀ.ਪੀ. ਪੰਜਾਬ ਸ਼੍ਰੀ ਗੌਰਵ ਯਾਦਵ ਜੀ ਦੇ ਨਿਰਦੇਸ਼ਾਂ ਤਹਿਤ ਮਾੜੇ ਅਨਸਰਾਂ ਵਿਰੁੱਧ ਜ਼ੀਰੋ ਟਾਲਰੈਂਸ ਨੀਤੀ ਤਹਿਤ ਕਾਰਵਾਈ ਕਰਦਿਆਂ ਫਰੀਦਕੋਟ ਪੁਲਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ, ਜਦੋਂ ਗੈਂਗਸਟਰ ਪ੍ਰਭ ਦਾਸੂਵਾਲ ਗੈਂਗ ਦੇ ਮੁੱਖ ਸ਼ੂਟਰ ਨੂੰ ਮੁਕਾਬਲੇ ਤੋਂ ਬਾਅਦ ਗ੍ਰਿਫਤਾਰ ਕਰ ਲਿਆ ਗਿਆ।ਇਸ ਕਾਰਵਾਈ ਵਿੱਚ ਗੈਂਗ ਦੇ ਕੁੱਲ ਤਿੰਨ ਗੁਰਗਿਆਂ ਨੂੰ ਨਜਾਇਜ਼ ਅਸਲੇ ਸਮੇਤ ਕਾਬੂ ਕੀਤਾ ਗਿਆ ਹੈ।ਇਹ ਜਾਣਕਾਰੀ ਡਾ. ਪ੍ਰਗਿਆ ਜੈਨ, ਐੱਸ.ਐੱਸ.ਪੀ. ਫਰੀਦਕੋਟ ਵੱਲੋਂ ਸਾਂਝੀ ਕੀਤੀ ਗਈ।



ਐੱਸ.ਐੱਸ.ਪੀ. ਡਾ. ਜੈਨ ਨੇ ਵੇਰਵੇ ਦਿੰਦਿਆਂ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਮੁੱਖ ਦੋਸ਼ੀ ਅਰਸ਼ਦੀਪ ਸਿੰਘ ਉਰਫ ਵਿੱਕੀ ਕਿਸੇ ਵੱਡੀ ਵਾਰਦਾਤ ਨੂੰ ਅੰਜਾਮ ਦੇਣ ਦੀ ਤਿਆਰੀ ਵਿੱਚ ਇਲਾਕੇ ਵਿੱਚ ਘੁੰਮ ਰਿਹਾ ਹੈ।ਇਸ ਸੂਚਨਾ ਦੇ ਆਧਾਰ 'ਤੇ ਬਜਾਖਾਨਾ ਖੇਤਰ ਵਿੱਚ ਪੁਲਸ ਟੀਮਾਂ ਵੱਲੋਂ ਨਾਕਾਬੰਦੀ ਕੀਤੀ ਗਈ।ਜਦੋਂ ਮੁਲਜ਼ਮ ਅਰਸ਼ਦੀਪ ਸਿੰਘ ਦਿਖਾਈ ਦਿੱਤਾ ਤੇ ਉਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਉਸ ਨੇ ਪੁਲਸ ਟੀਮ 'ਤੇ ਹਮਲਾ ਕਰ ਦਿੱਤਾ।ਆਤਮ-ਰੱਖਿਆ ਵਿੱਚ ਪੁਲਸ ਪਾਰਟੀ ਵੱਲੋਂ ਜਵਾਬੀ ਫਾਇਰਿੰਗ ਕੀਤੀ ਗਈ, ਜਿਸ ਦੌਰਾਨ ਪੁਲਸ ਤੇ ਮੁਲਜ਼ਮ ਵਿਚਕਾਰ ਲਗਭਗ 6 ਰਾਊਂਡ ਫਾਇਰਿੰਗ ਹੋਈ।ਫਾਇਰਿੰਗ ਵਿੱਚ ਮੁਲਜ਼ਮ ਜ਼ਖਮੀ ਹੋ ਗਿਆ, ਜਿਸ ਤੋਂ ਬਾਅਦ ਉਸ ਨੂੰ ਕਾਬੂ ਕਰਕੇ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ।ਮੁਕਾਬਲੇ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਮੁੱਖ ਦੋਸ਼ੀ ਦੀ ਪਛਾਣ ਅਰਸ਼ਦੀਪ ਸਿੰਘ ਉਰਫ ਵਿੱਕੀ ਪੁੱਤਰ ਸ਼ਾਮ ਸਿੰਘ ਵਾਸੀ ਮਾੜੀ ਕਲਾਂ, ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਵਜੋਂ ਹੋਈ ਹੈ।ਮੁਲਜ਼ਮ ਕੋਲੋਂ ਮੌਕੇ 'ਤੇ 1 ਯੂਗਾਨਾ ਪਿਸਟਲ ਤੇ ਜ਼ਿੰਦਾ ਰੌਂਦ ਬਰਾਮਦ ਹੋਏ ਹਨ।ਇਸ ਤੋਂ ਇਲਾਵਾ ਉਸ ਦਾ ਮੋਟਰਸਾਈਕਲ ਵੀ ਜ਼ਬਤ ਕੀਤਾ ਗਿਆ ਹੈ।

ਫਰੀਦਕੋਟ ਪੁਲਸ ਵੱਲੋਂ ਇਸ ਗੈਂਗ ਦੇ 2 ਹੋਰ ਸਾਥੀਆਂ ਨੂੰ ਬੀਤੇ ਦਿਨ 14 ਨਵੰਬਰ ਨੂੰ ਪਿੰਡ ਪੰਜਗਰਾਈਂ ਦੇ ਸਟੇਡੀਅਮ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਸੀ।ਇਨ੍ਹਾਂ ਦੀ ਪਛਾਣ ਬਲਜੀਤ ਸਿੰਘ ਉਰਫ ਕੱਦੂ ਤੇ ਸੰਨੀ (ਦੋਵੇਂ ਪੁੱਤਰ ਸ਼ਿੰਦਾ ਸਿੰਘ ਵਾਸੀ ਪਿੰਡ ਮਹਿਲ, ਜ਼ਿਲ੍ਹਾ ਮੋਗਾ) ਵਜੋਂ ਹੋਈ ਹੈ।ਸਮੁੱਚੀ ਕਾਰਵਾਈ ਵਿੱਚ ਕਥਿਤ ਦੋਸ਼ੀਆਂ ਪਾਸੋਂ ਕੁੱਲ 2 ਪਿਸਟਲਾਂ ਸਮੇਤ ਕਈ ਰੌਂਦ ਬਰਾਮਦ ਕੀਤੇ ਗਏ ਹਨ।

# ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਪ੍ਰੈੱਸ ਕਲੱਬ ਵੱਲੋਂ ਸ਼ਰਧਾ ਦੇ ਫੁੱਲ ਭੇਟ

**ਮਮਦੋਟ (ਜਸਬੀਰ ਸਿੰਘ ਕੰਬੋਜ)**-ਆਪਣੇ ਬਹੁਤ ਛੋਟੇ ਜਿਹੇ ਰਾਜਨੀਤਕ ਜੀਵਨ ਦੇ ਦਲੇਰਾਨਾ ਕੰਮਾਂ ਦੇ ਕਾਰਨ ਗ਼ਦਰ ਪਾਰਟੀ ਦੇ ਲੋਕ ਨਾਇਕ ਦੇ ਰੂਪ ਵਿੱਚ ਉੱਭਰੇ ਸਰਦਾਰ ਕਰਤਾਰ ਸਿੰਘ ਸਰਾਭਾ ਦਾ ਸ਼ਹੀਦੀ ਦਿਹਾੜਾ ਪੱਤਰਕਾਰਤਾ ਦਿਵਸ ਵਜੋਂ ਮਨਾਉਂਦਿਆ ਹੋਇਆ ਅੱਜ ਪ੍ਰੈੱਸ ਕਲੱਬ ਮਮਦੋਟ ਦੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਸਟੇਟ ਕਮੇਟੀ ਮੈਂਬਰ ਬਲਦੇਵ ਰਾਜ ਸ਼ਰਮਾ ਦੀ ਅਗਵਾਈ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਤਸਵੀਰ ਤੇ ਫੁੱਲ ਮਾਲਾਵਾਂ ਭੇਂਟ ਕਰਕੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਮੌਕੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਜਸਬੀਰ ਸਿੰਘ ਕੰਬੋਜ ਚੇਅਰਮੈਨ ਪ੍ਰੈੱਸ ਕਲੱਬ ਦਿਹਾਤੀ ਨੇ ਦੱਸਿਆ ਕਿ ਕਰਤਾਰ ਸਿੰਘ ਸਰਾਭਾ ਨੇ ਮੁੱਢਲੀ ਵਿੱਦਿਆ ਸਰਾਭਾ ਪਿੰਡ ਵਿੱਚ ਹੀ ਪ੍ਰਾਪਤ ਕੀਤੀ।ਇਸ ਮਗਰੋਂ 1911 ਵਿੱਚ ਉੱਚ ਵਿੱਦਿਆ ਲਈ ਅਮਰੀਕਾ ਚਲੇ ਗਏ।ਆਪ ਆਪਣੀ ਫੀਸ ਲਈ ਮਜ਼ਦੂਰੀ ਕਰਦੇ ਸਨ ਤੇ ਆਪ ਨੇ ਉਥੇ ਭਾਰਤੀ ਮਜ਼ਦੂਰਾਂ ਨਾਲ ਹੁੰਦੇ ਭੇਦ-ਭਾਵ ਨੂੰ ਦੇਖਿਆ ਤੇ ਆਪ ਦਾ ਮਨ ਅੰਗਰੇਜਾਂ ਵਿਰੁੱਧ ਨਫ਼ਰਤ ਨਾਲ ਭਰ ਗਿਆ।ਜੂਨ 1912 ਵਿੱਚ ਆਪ ਨੇ ਨੌਜਵਾਨਾਂ ਦਾ ਭਾਰੀ ਇਕੱਠ ਕਰਕੇ ਪਹਿਲੀ ਤਕਰੀਰ ਕਰਦਿਆਂ ਉਨ੍ਹਾਂ ਨੂੰ ਭਾਰਤ ਨੂੰ ਆਜ਼ਾਦ ਕਰਾਉਣ ਦਾ ਉਪਰਾਲਾ ਕਰਨ ਦੀ ਪ੍ਰੇਰਨਾ ਦਿੱਤੀ ਤੇ ਗਦਰ ਨਾਮ ਦਾ ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ ਗਿਆ।ਅਖ਼ਬਾਰ ਦੇ ਨਾਲ ਨਾਲ ਕਰਤਾਰ ਸਿੰਘ ਸਰਾਭਾ ਨੇ ਜੰਗੀ ਸਿਖਲਾਈ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ।ਇਸ ਅਖ਼ਬਾਰ ਨੇ ਪੰਜਾਬੀਆਂ ਵਿੱਚ ਇੱਕ ਨਵਾਂ ਜੋਸ਼ ਪੈਦਾ ਕਰ ਦਿੱਤਾ।ਅੰਗਰੇਜ਼ ਹਕੂਮਤ ਦੇ ਇੱਕ ਝੋਲੀਚੁੱਕ, ਕਿਰਪਾਲ ਸਿੰਘ ਵੱਲੋਂ ਸਾਰੀ ਰਿਪੋਰਟ ਸਰਕਾਰ ਨੂੰ ਦੇ ਦਿੱਤੇ ਜਾਣ ਕਾਰਨ 19 ਫਰਵਰੀ ਨੂੰ ਸਰਕਾਰ ਨੇ ਬਹੁਤ ਸਾਰੇ ਕ੍ਰਾਂਤੀਕਾਰੀ ਗ੍ਰਿਫ਼ਤਾਰ ਕਰ ਲਏ।ਅਖੀਰ ਸਰਦਾਰ ਕਰਤਾਰ ਸਿੰਘ ਸਰਾਭਾ ਵੀ ਬਰਤਾਨਵੀ ਹਕੂਮਤ ਦੇ ਕਾਬੂ ਆ ਗਏ ਤੇ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੇ ਜਵਾਨ ਸਰਾਭਾ ਨੂੰ ਉਨ੍ਹਾਂ ਦੇ ਛੇ ਹੋਰ ਸਾਥੀਆਂ ਦੇ ਨਾਲ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਚੜ੍ਹਾ ਕੇ ਸ਼ਹੀਦ ਕਰ ਦਿੱਤਾ ਗਿਆ।ਸ੍ਰੀ ਕੰਬੋਜ ਨੇ ਦੱਸਿਆ ਕਿ ਮਹਿਜ ਉੱਨੀ ਸਾਲ ਦੇ ਛੋਟੇ ਜਿਹੇ ਜੀਵਨ ਕਾਲ ਵਿੱਚ ਅਖ਼ਬਾਰ ਤੇ ਪੱਤਰਕਾਰਤਾ ਦੇ ਖੇਤਰ ਵਿੱਚ ਵੱਡੀਆਂ ਪੈੜਾਂ ਪਾਉਣ ਵਾਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਨੂੰ ਪੱਤਰਕਰਤਾ ਦਿਵਸ ਵਜੋਂ ਮਨਾਉਂਦੇ ਹੋਏ ਉਜ ਉਨ੍ਹਾਂ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ।ਇਸ ਮੌਕੇ ਬਲਦੇਵ ਰਾਜ ਸ਼ਰਮਾ ਸਟੇਟ ਕਮੇਟੀ ਮੈਂਬਰ, ਹਰਪਾਲ ਸੋਢੀ ਚੇਅਰਮੈਨ ਪ੍ਰੈੱਸ ਕਲੱਬ, ਜੋਗਿੰਦਰ ਸਿੰਘ ਭੋਲਾ ਪ੍ਰਧਾਨ ਪ੍ਰੈੱਸ ਕਲੱਬ ਮਮਦੋਟ, ਰਵਿੰਦਰ ਸਿੰਘ ਕਾਲਾ, ਗੁਰਪ੍ਰੀਤ ਸਿੰਘ ਸੰਧੂ, ਨਿਸ਼ਾਨ ਸਿੰਘ ਖਾਲਸਾ, ਸੰਜੀਵ ਮਦਾਨ ਤੇ ਤਜਿੰਦਰ ਢੀਂਗੜਾ ਹਾਜ਼ਰ ਸਨ।



# ਮਾਤਾ ਨਗਿੰਦਰ ਕੌਰ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 21 ਨੂੰ

**ਧੂਰੀ (ਸੁਖਦੇਵ ਧੂਰੀ)**-ਸੀ ਪੀ ਆਈ ਦੇ ਤਹਿਸੀਲ ਸਕੱਤਰ ਡਾ. ਮਨਿੰਦਰ ਸਿੰਘ ਧਾਲੀਵਾਲ ਦੇ ਸਤਿਕਾਰਯੋਗ ਮਾਤਾ ਨਗਿੰਦਰ ਕੌਰ ਪਤਨੀ ਮਰਹੂਮ ਕਾਮਰੇਡ ਸੁਖਦੇਵ ਸਿੰਘ ਧਾਲੀਵਾਲ ਪਿਛਲੇ ਦਿਨੀਂ ਸੰਖੇਪ ਬਿਮਾਰੀ ਕਾਰਨ ਪਰਿਵਾਰ ਤੇ ਪਾਰਟੀ ਸਫ਼ਾਂ ਨੂੰ ਸਦੀਵੀ ਵਿਛੋੜਾ ਦੇ ਗਏ।ਬੀਬੀ ਨਗਿੰਦਰ ਕੌਰ ਜੀ ਜਿੱਥੇ ਪੰਜਾਬ ਇਸਤਰੀ ਸਭਾ ਦੇ ਉੱਘੇ ਆਗੂ ਰਹੇ, ਉਥੇ ਹੀ ਧੂਰੀ ਨਗਰ ਕੌਂਸਲ ਦੇ ਕੌਂਸਲਰ ਵੀ ਰਹੇ।ਉਹ ਆਪਣੇ ਪਿੱਛੇ ਇੱਕ ਬੇਟਾ ਡਾਕਟਰ ਮਨਿੰਦਰ ਧਾਲੀਵਾਲ ਤੇ ਤਿੰਨ ਬੇਟੀਆਂ ਦੇ ਨਾਲ ਨਾਲ ਦੋ ਪੋਤੀਆਂ ਤੇ ਦੋਹਤੇ-ਦੋਹਤੀਆਂ ਨਾਲ ਭਰਿਆ ਪਰਵਾਰ ਛੱਡ ਗਏ ਹਨ।ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸ਼ਰਮਾ, ਕਾਮਰੇਡ ਇੰਦਰ ਸਿੰਘ, ਨੀਲੇ ਖਾਂ ਗਿਆਨੀ ਸੁਖਦੇਵ ਸਿੰਘ, ਬਲਵਿੰਦਰ ਬੱਗਾ, ਗੁਰਜੰਟ ਸਿੰਘ, ਮੰਗਲ ਸ਼ਰਮਾ, ਸਰਬਜੀਤ ਸਿੰਘ, ਸਰੂਪ ਸਿੰਘ, ਬੀਬੀ ਸੁਰਿੰਦਰ ਕੌਰ ਤੇ ਬਿੰਦਰ ਕੌਰ ਨੇ ਬੀਬੀ ਨਗਿੰਦਰ ਕੌਰ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟਾਉਂਦਿਆਂ ਧਾਲੀਵਾਲ ਪਰਵਾਰ ਨਾਲ ਦਿਲੀ ਹਮਦਰਦੀ ਜ਼ਾਹਰ ਕੀਤੀ ਹੈ।ਉਨ੍ਹਾਂ ਬੀਬੀ ਨਗਿੰਦਰ ਕੌਰ ਜੀ ਦੇ ਸਦੀਵੀ ਵਿਛੋੜੇ ਨੂੰ ਸੀ ਪੀ ਆਈ ਲਈ ਵੱਡਾ ਘਾਟਾ ਦੱਸਿਆ।ਵਰਨਣਯੋਗ ਹੈ ਕਿ ਬੀਬੀ ਨਗਿੰਦਰ ਕੌਰ ਜੀ 1978 ਤੋਂ ਪਾਰਟੀ ਦੇ ਮੈਂਬਰ ਚਲੇ ਆ ਰਹੇ ਸਨ।



### ਵੱਖ-ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ

ਇਸ ਮੌਕੇ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸ਼ਰਮਾ ਧੂਰੀ, ਆਲ ਪੈਨਸ਼ਨਰਜ਼ ਐਸੋਸੀਏਸ਼ਨ ਦੇ ਆਗੂ ਜਗਦੀਸ਼ ਸ਼ਰਮਾ, ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਸ਼ੁਭਮ ਸ਼ਰਮਾ ਸੁੱਭੀ, ਸ਼੍ਰੋਮਣੀ ਅਕਾਲੀ ਦਲ ਦੇ ਪਰਮਜੀਤ ਸਿੰਘ ਬਾਠ, ਬਹੁਜਨ ਸਮਾਜ ਪਾਰਟੀ ਦੇ ਅਮਰੀਕ ਸਿੰਘ ਕੈਂਥ, ਜਰਨਲਿਜ਼ਮ ਐਸੋਸੀਏਸ਼ਨ ਦੇ ਪ੍ਰਧਾਨ ਲਖਵੀਰ ਧਾਂਦਰਾ ਸਮੇਤ ਅਨੇਕਾਂ ਰਾਜਸੀ ਤੇ ਸਮਾਜਿਕ ਸ਼ਖ਼ਸੀਅਤਾਂ ਨੇ ਮਾਤਾ ਨਗਿੰਦਰ ਕੌਰ ਜੀ ਦੀ ਮੌਤ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ।ਮਾਤਾ ਨਗਿੰਦਰ ਕੌਰ ਸੰਬੰਧੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 21 ਨਵੰਬਰ ਸ਼ੁੱਕਰਵਾਰ ਨੂੰ ਸਥਾਨਕ ਸਨਾਤਨ ਧਰਮ ਸਭਾ ਹਾਲ ਵਿੱਚ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗਾ।

# ਧੂਰੀ ਰੋਸ ਰੈਲੀ ਲਈ ਫਰੀਦਕੋਟ ਤੋਂ ਮੁਲਾਜ਼ਮਾਂ, ਪੈਨਸ਼ਨਰਾਂ ਤੇ ਆਸ਼ਾ ਵਰਕਰਾਂ ਦਾ ਜੱਥਾ ਰਵਾਨਾ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸਰਕਾਰ ਦੀਆਂ ਮੁਲਾਜ਼ਮ ਵਿਰੋਧੀ ਨੀਤੀਆਂ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਨ ਲਈ ਅੱਜ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ ਤੇ ਏਟਕ ਜਥੇਬੰਦੀਆਂ ਨਾਲ ਸਬੰਧਤ ਮੁਲਾਜ਼ਮਾਂ, ਪੈਨਸ਼ਨਰਾਂ ਤੇ ਆਸ਼ਾ ਵਰਕਰਾਂ ਦਾ ਵੱਡਾ ਜਥਾ ਧੂਰੀ ਲਈ ਰਵਾਨਾ ਹੋਇਆ।ਰਵਾਨਗੀ ਮੌਕੇ ਪੰਜਾਬ ਪੈਨਸ਼ਨਰ ਯੂਨੀਅਨ ਏਟਕ ਦੇ ਸੂਬਾ ਜਨਰਲ ਸਕੱਤਰ ਪ੍ਰੇਮ ਚਾਵਲਾ, ਆਲ ਇੰਡੀਆ ਆਸ਼ਾ ਵਰਕਰ ਯੂਨੀਅਨ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਅਤੇ ਦਰਜਾ ਚਾਰ ਸਰਕਾਰੀ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਬਲਕਾਰ ਸਿੰਘ ਸਹੋਤਾ ਨੇ ਦੱਸਿਆ ਕਿ ਪੰਜਾਬ ਦੀ ਮਾਨ ਸਰਕਾਰ ਦੇ ਰਾਜ ਦੌਰਾਨ ਮੁਲਾਜ਼ਮਾਂ ਦਾ ਜਿੰਨਾ ਸ਼ੋਸ਼ਣ ਹੋਇਆ ਹੈ, ਉਸ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ।ਇਸ ਸਮੇਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀਆਂ ਪੰਜ ਕਿਸ਼ਤਾਂ ਸਰਕਾਰ ਦਬਾਅ ਕੇ ਬੈਠੀ ਹੈ, ਜਿਸ ਕਰਕੇ ਪੰਜਾਬ ਦੇ ਮੁਲਾਜ਼ਮਾਂ ਨੂੰ ਕੇਂਦਰ ਤੇ ਗੁਆਂਢੀ ਰਾਜਾਂ ਦੇ ਮੁਕਾਬਲੇ ਹਰ ਮਹੀਨੇ 16 ਫ਼ੀਸਦੀ ਦਾ ਨੁਕਸਾਨ ਝੱਲਣਾ ਪੈ ਰਿਹਾ ਹੈ।ਪਿਛਲੇ ਪੰਦਰਾਂ ਸਾਲਾਂ ਤੋਂ ਹਜ਼ਾਰਾਂ ਮੁਲਾਜ਼ਮ ਨਿਗੂਣੀਆਂ ਤਨਖ਼ਾਹਾਂ 'ਤੇ ਠੇਕਾ ਜਾਂ ਆਊਟਸੋਰਸ ਅਧਾਰ 'ਤੇ ਕੰਮ ਕਰਨ ਲਈ ਮਜਬੂਰ ਹਨ, ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫ਼ਿਕੇਸ਼ਨ ਤਿੰਨ ਸਾਲ ਬੀਤ ਜਾਣ ਦੇ ਬਾਵਜੂਦ ਵੀ ਲਾਗੂ ਨਹੀਂ ਕੀਤਾ ਗਿਆ।ਕੇਂਦਰੀ ਸਕੀਮਾਂ ਤਹਿਤ ਮਾਮੂਲੀ ਮਾਣ ਭੱਤੇ 'ਤੇ ਕੰਮ ਕਰਦੀਆਂ ਆਸ਼ਾ ਵਰਕਰਾਂ, ਆਂਗਣਵਾੜੀ ਤੇ ਮਿਡ ਡੇਅ ਮੀਲ ਵਰਕਰਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ।ਇਸ ਮੌਕੇ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਸੋਮ ਨਾਥ ਅਰੋੜਾ, ਪ੍ਰਦੀਪ ਸਿੰਘ ਬਰਾੜ ਤੇ ਬਿਜਲੀ ਨਿਗਮ ਦੇ ਆਗੂਆਂ ਹਰਪਾਲ ਸਿੰਘ ਮਚਾਕੀ ਤੇ ਇੰਦਰਜੀਤ ਸਿੰਘ ਗਿੱਲ ਨੇ ਕਿਹਾ ਕਿ ਆਗਾਮੀ ਵਿਧਾਨ ਸਭਾ ਚੋਣਾਂ ਮੌਕੇ ਇਸ ਸਰਕਾਰ ਨੂੰ ਮੁਲਾਜ਼ਮ ਵਿਰੋਧੀ ਨੀਤੀਆਂ ਦਾ ਹਿਸਾਬ ਕਿਤਾਬ ਦੇਣਾ ਪਵੇਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਤਰਸੇਮ ਨਰੂਲਾ, ਇਕਬਾਲ ਸਿੰਘ ਮੰਘੇੜਾ, ਮਲਕੀਤ ਸਿੰਘ, ਹਰਨੇਕ ਸਿੰਘ ਸਾਹੋ ਕੇ, ਜਗਵੰਤ ਸਿੰਘ ਬਰਾੜ, ਪਰਮਜੀਤ ਪੰਮਾ, ਜੋਤੀ ਪ੍ਰਕਾਸ਼, ਵੀਰ ਸਿੰਘ, ਸੁਖਦਰਸ਼ਨ ਸਿੰਘ ਗਿੱਲ ਤੇ ਆਲ ਇੰਡੀਆ ਆਸ਼ਾ ਵਰਕਰ ਯੂਨੀਅਨ ਦੀਆਂ ਆਗੂ ਕੁਲਦੀਪ ਕੌਰ ਜੈਤੋ, ਕਮਲਜੀਤ ਕੌਰ ਗੋਦਾਰਾ, ਬਿੰਦਰ ਕੌਰ ਗੋਦਾਰਾ, ਗੁਰਮੀਤ ਕੌਰ ਚੈਨਾ ਤੇ ਬਲਤੇਜ ਕੌਰ ਬਿਸ਼ਨੰਦੀ ਆਦਿ ਹਾਜ਼ਰ ਸਨ।

# ਬਾਬਾ ਖੇਤਰਪਾਲ ਜੀ ਦੇ ਜਾਗਰਣ 'ਚ ਸੰਗਤਾਂ ਦਾ ਆਇਆ ਹੜ੍ਹ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਬਾ ਖੇਤਰਪਾਲ ਸੇਵਾ ਸੰਮਤੀ ਵੱਲੋਂ ਸ਼ਰਧਾਲੂਆਂ ਦੇ ਸਹਿਯੋਗ ਨਾਲ ਬਾਬਾ ਖੇਤਰਪਾਲ ਮੰਦਰ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਬਾਬਾ ਖੇਤਰਪਾਲ ਜੀ ਦੇ ਮੰਦਰ ਦੇ ਨਾਲ ਬਾਬਾ ਜੀ ਦਾ ਜਗਰਾਤਾ ਕਰਵਾਇਆ ਗਿਆ, ਜਿਸ ਵਿੱਚ ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਬਾਬਾ ਜੀ ਦੇ ਸ਼ਰਧਾਲੂਆਂ ਨੇ ਸ਼ਾਮਲ ਹੋ ਕੇ ਬਾਬਾ ਜੀ ਦਾ ਅਸ਼ੀਰਵਾਦ ਲਿਆ।ਬਾਬਾ ਜੀ ਦੇ ਦਰਬਾਰ ਰਾਵਤਸਰ ਤੋਂ ਪਵਿੱਤਰ ਜੋਤੀ ਲਿਆਂਦੀ ਗਈ ਸੀ, ਜਿਸ ਦੇ ਸ਼ਰਧਾਲੂਆਂ ਨੇ ਦਰਸ਼ਨ ਕੀਤੇ। ਨਗਰ ਕੌਂਸਲ ਦੇ ਪ੍ਰਧਾਨ ਸੋਨੀਆ ਗੁਪਤਾ, ਪਵਨ ਗੁਪਤਾ, ਰਾਮ ਗੁਪਤਾ ਵੱਲੋਂ ਪੂਜਨ ਕਰਵਾਇਆ ਗਿਆ।ਸਤਿ ਗੁਰ ਦਰਬਾਰ ਮੁਕਤਸਰ ਵਾਲੇ ਬਾਬਾ ਜੀ, ਲੱਕੀ ਸ਼ਿਖਾਵਤ ਜਲਾਲਾਬਾਦ ਵਾਲਿਆਂ ਦੇ ਇਕ ਤੋਂ ਵੱਧ ਕੇ ਇੱਕ ਭਜਨ ਹਾਰਾ ਹੂੰ ਬਾਬਾ ਪਰ ਤੁਜਪੇ ਭਰੋਸਾ ਹੈ, ਕਾਲੀ ਕਮਲੀ ਵਾਲਾ ਮੇਰਾ ਯਾਰ ਹੈ, ਜੰਡਾ ਵਾਲੇ ਬਾਬਾ ਜੀ, ਰਾਧੇ ਰਾਧੇ, ਲੇਨੇ ਆ ਜਾ ਖਾਟੂ ਵਾਲੇ ਰਿੰਗਸ ਕੇ ਮੋੜ ਪੇ, ਕੌਣ ਕਹਿਤਾ ਹੈ ਭਗਵਾਨ ਆਤੇ ਨਹੀਂ, ਨੇ ਖੂਬ ਰੰਗ ਬੰਨ੍ਹਿਆ ਤੇ ਭਗਤਾਂ ਨੂੰ ਨੱਚਣ ਲਈ ਮਜਬੂਰ ਕਰ ਦਿੱਤਾ। ਪ੍ਰਬੰਧਕਾਂ ਵੱਲੋਂ ਸੁੰਦਰ ਭਵਨ ਤੇ ਪੰਡਾਲ਼ ਸਜਾਇਆ ਗਿਆ ਅਤੇ ਭਵਨ ਦੀ ਰੰਗ ਬਰੰਗੀਆਂ ਲਾਈਟਾਂ ਨਾਲ ਖੂਬ ਸਜਾਵਟ ਕੀਤੀ ਗਈ।

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਜੀਵ ਗਰਗ, ਚੇਅਰਮੈਨ ਵਿਜੇ ਬਾਂਸਲ, ਸੈਕਟਰੀ ਰਾਕੇਸ਼ ਜਿੰਦਲ, ਰਜਿੰਦਰ ਗੋਇਲ, ਅਜੇ ਪੁਰੀ, ਨਵੀਨ ਗੋਇਲ, ਮੁਕੇਸ਼ ਗੋਇਲ ਵੱਲੋਂ ਪ੍ਰਮੁੱਖ ਸ਼ਖਸੀਅਤਾਂ ਨੂੰ ਸਨਮਾਨਤ ਕੀਤਾ ਗਿਆ।ਬਾਬਾ ਜੀ ਦਾ ਲੰਗਰ ਤੇ ਪ੍ਰਸਾਦ ਅਤੁੱਟ ਵਰਤਾਇਆ ਗਿਆ।ਇਸ ਮੌਕੇ ਸਾਬਕਾ ਮੰਤਰੀ ਦਰਸ਼ਨ ਸਿੰਘ ਬਰਾੜ, ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਸੀਰ ਸਿੰਘ ਕਾਲੇਕੇ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਬਾਲ ਕ੍ਰਿਸ਼ਨ ਬਾਲੀ, ਕੇਵਲ ਕ੍ਰਿਸ਼ਨ ਗਰਗ, ਮੁਨੀਸ਼ ਗਰਗ ਟੀਨੀ, ਸ਼ਿਵ ਮੰਦਿਰ ਬਲਵਿੰਦਰ ਗਰਗ, ਸੰਦੀਪ ਗੋਇਲ ਠੰਡੂ, ਰੋਸ਼ਨ ਲਾਲ ਰੋਸ਼ੀ, ਸੁਖਜੀਵਨ ਭਗਤੂ, ਭੂਸ਼ਨ ਜੈਨ, ਅਜੇ ਗੁਪਤਾ, ਬਿਮਲ ਗੋਇਲ, ਦਵਿੰਦਰ ਸਿੰਗਲਾ ਚੀਕਾ, ਅਰੁਣ ਬਾਂਸਲ, ਯੋਗੇਸ ਯੋਗੀ, ਰਾਜ ਗਰਗ, ਪ੍ਰਸਿੰਨ ਕੁਮਾਰ ਜਿੰਦਲ, ਨਵੀਨ ਗੋਇਲ, ਪ੍ਰਦੀਪ ਗਰਗ, ਦੇਵਿਸ਼ ਗਰਗ, ਬਿਮਲ ਗੋਇਲ, ਰੇਨੂੰ ਗੋਇਲ ਤੇ ਹੋਰ ਸ਼ਾਮਲ ਸਨ।

### ਸਤਿਗੁਰੂ ਦਰਬਾਰ ਵਾਲੇ ਬਾਬਾ ਜੀ ਦੇ ਭਜਨਾਂ ਨੇ ਖ਼ੂਬ ਰੰਗ ਬੰਨ੍ਹਿਆ



# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 110ਵੇਂ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਮਾਰਚ



**ਜਗਰਾਉਂ (ਨਛੱਤਰ ਸੰਧੂ)**-ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੀ ਜ਼ਿਲ੍ਹਾ ਕਮੇਟੀ ਦੇ ਸੱਦੇ 'ਤੇ ਜ਼ਿਲ੍ਹੇ ਭਰ ਦੀਆਂ ਪਿੰਡ ਇਕਾਈਆਂ 'ਚੋਂ ਇਕੱਤਰ ਹੋਏ ਵੱਡੀ ਗਿਣਤੀ ਕਿਸਾਨਾਂ ਨੇ ਸ਼ਹੀਦ ਸਰਾਭਾ ਅਤੇ ਸਾਥੀਆਂ ਦੀ ਯਾਦ 'ਚ ਸ਼ਰਧਾਂਜਲੀ ਮਾਰਚ 'ਚ ਭਾਗ ਲਿਆ।ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ 'ਚ ਪਿੰਡ ਸਰਾਭਾ ਦੇ ਮੁੱਖ ਚੌਕ 'ਚ ਹੋਈ ਸ਼ਰਧਾਂਜਲੀ ਰੈਲੀ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਜ਼ਿਲ੍ਹਾ ਪ੍ਰਧਾਨ ਜਗਤਾਰ ਸਿੰਘ ਦੇਹੜਕਾ, ਔਰਤ ਵਿੰਗ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਕੌਰ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ, ਪ੍ਰੇਮ ਸਿੰਘ ਸਰਾਭਾ, ਰੁਲੀਆ ਸਿੰਘ ਸਰਾਭਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਗ਼ਦਰੀ ਸ਼ਹੀਦਾਂ ਦਾ ਕੁਰਬਾਨੀਆਂ ਦਾ ਇਤਿਹਾਸ ਸਾਡੇ ਲਈ ਇਕ ਸ਼ਾਨਦਾਰ ਪ੍ਰੇਰਣਾ ਸਰੋਤ ਹੈ। ਉਨ੍ਹਾਂ ਕਿਹਾ ਕਿ ਬਰਾਬਰਤਾ ਅਧਾਰਿਤ ਲੁੱਟ ਰਹਿਤ ਸਮਾਜ ਦੀ ਸਥਾਪਨਾ ਲਈ ਗ਼ਦਰ ਲਹਿਰ ਨੇ ਕੁਰਬਾਨੀਆਂ ਦਿੱਤੀਆਂ ਸਨ, ਪਰ 78 ਸਾਲ ਬੀਤ ਜਾਣ ਦੇ ਬਾਵਜੂਦ ਅਸਲ ਆਜ਼ਾਦੀ ਦੇ ਦਰਸ਼ਨ ਲੋਕਾਂ ਨੂੰ ਨਹੀਂ ਹੋਏ।ਸਾਮਰਾਜੀ ਕਾਰਪੋਰੇਟ ਤੇ ਫ਼ਾਸ਼ੀਵਾਦੀ ਸ਼ਕਤੀਆਂ ਕਿਰਤੀ।ਰੋਡ ਨੂੰ ਲਤਾੜ ਰਹੀਆਂ ਹਨ, ਜਿਨ੍ਹਾਂ ਨਾਲ ਟੱਕਰ ਲਏ ਤੋਂ ਬਿਨਾਂ ਅਸਲ ਮੁਕਤੀ ਸੰਭਵ ਨਹੀਂ ਹੈ।ਕਿਸਾਨ ਵਰਕਰਾਂ ਨੇ ਇਸ ਸਮੇਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਬੰਦੀਆਂ ਤੇ ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ।ਇਸ ਸਮੇਂ ਸਮੂਹ ਸੂਬਾਈ ਤੇ ਜ਼ਿਲ੍ਹਾ ਟੀਮ ਨੇ ਜ਼ੋਰਦਾਰ ਨਾਅਰਿਆਂ ਦੀ ਗੂੰਜ 'ਚ ਸ਼ਹੀਦ ਦੇ ਬੁੱਤ 'ਤੇ ਹਾਰ ਪਹਿਨਾ ਕੇ ਸ਼ਹੀਦ ਸਰਾਭਾ ਨੂੰ ਸ਼ਰਧਾਂਜਲੀ ਭੇਟ ਕੀਤੀ।ਸ਼ਹੀਦ ਦੇ ਘਰ ਸ਼ਹੀਦ ਦੀ ਜ਼ਿਆਰਤ ਕਰਨ ਬਾਅਦ ਮੁਜ਼ਾਹਰੇ ਦੀ ਸ਼ਕਲ 'ਚ ਵਾਪਸ ਆ ਕੇ ਚੱਲ ਰਹੇ ਖੇਡ ਟੂਰਨਾਮੈਂਟ ਚ ਸ਼ਮੂਲੀਅਤ ਕੀਤੀ। ਇਸ ਸਮੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਯਾਦਗਾਰੀ ਸਪੋਰਟਸ ਕਲੱਬ ਵਲੋਂ ਸਮੂਹ ਆਗੂਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਅਮਨਦੀਪ ਸਿੰਘ ਲਲਤੋਂ ਸੂਬਾ ਮੀਤ ਪ੍ਰਧਾਨ, ਹਾਕਮ ਸਿੰਘ ਭੱਟੀਆਂ, ਤਰਸੇਮ ਸਿੰਘ ਬੱਸੂਵਾਲ, ਸਰਬਜੀਤ ਸਿੰਘ ਸੁਧਾਰ, ਜਸਵਿੰਦਰ ਸਿੰਘ ਭਮਾਲ, ਸਰਬਜੀਤ ਸਿੰਘ ਧੂੜਕੋਟ, ਰਛਪਾਲ ਸਿੰਘ, ਰਣਬੀਰ ਸਿੰਘ ਰੁੜਕਾ, ਹਰਦੀਪ ਸਿੰਘ ਟੂਸਾ, ਬੇਅੰਤ ਸਿੰਘ ਬਾਣੀਏਵਾਲ , ਦਰਸ਼ਨ ਸਿੰਘ ਸਰਾਭਾ, ਅਜੀਤ ਸਿੰਘ ਧਾਂਦਰਾ, ਰਜਿੰਦਰ ਸਿੰਘ ਰਾਜਾ,ਪਾਲ ਸਿੰਘ ਡੱਲਾ ਆਦਿ ਆਗੂ ਹਾਜਰ ਸਨ।

# ਜ਼ਿਲ੍ਹਾ ਪ੍ਰਧਾਨ ਬਣਨ 'ਤੇ ਗੁਰਸ਼ਰਨ ਰੰਧਾਵਾ ਦਾ ਬਲਿਹਾਰ ਸਮਸਪੁਰ ਟੀਮ ਵੱਲੋਂ ਸਨਮਾਨ

**ਪਟਿਆਲਾ (ਰਾਜਿੰਦਰ)**

ਕਾਂਗਰਸ ਵੱਲੋਂ ਸ਼ੁਰੂ ਕੀਤੀ ਗਈ ਸੰਗਠਨ ਸਿਰਜਨ ਮੁਹਿੰਮ ਦੇ ਤਹਿਤ ਕਾਂਗਰਸ ਹਾਈਕਮਾਂਡ ਨੇ ਇੱਕ ਵਾਰ ਫਿਰ ਤੋਂ ਜ਼ਿਲਾ ਪਟਿਆਲਾ (ਦਿਹਾਤੀ) ਕਾਂਗਰਸ ਲਈ ਪੰਜਾਬ ਮਹਿਲਾ ਕਾਂਗਰਸ ਦੀ ਸੂਬਾ ਪਰਧਾਨ ਗੁਰਸ਼ਰਨ ਕੌਰ ਰੰਧਾਵਾ ਤੇ ਆਪਣਾ ਵਿਸ਼ਵਾਸ ਜਿਤਾਉਂਦੇ ਹੋਏ ਉਨ੍ਹਾਂ ਨੂੰ ਜ਼ਿਲਾ ਕਾਂਗਰਸ (ਦਿਹਾਤੀ) ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਹੈ।ਉਨ੍ਹਾਂ ਦੀ ਨਿਯੁਕਤੀ ਤੋਂ ਬਾਅਦ ਪਟਿਆਲਾ ਦੇ ਕਾਂਗਰਸੀਆਂ 'ਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ।ਪ੍ਰਧਾਨ ਬਣਨ ਤੋਂ ਬਾਅਦ ਬੀਬਾ ਗੁਰਸ਼ਰਨ ਕੌਰ ਰੰਧਾਵਾ ਨੂੰ ਕਾਂਗਰਸ ਦੇ ਆਗੂ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਿਹਾਰ ਸਿੰਘ ਸਮਸ ਪੁਰ ਨੇ ਆਪਣੇ ਘਰ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਤ ਕੀਤਾ ਗਿਆ। ਕਾਂਗਰਸੀ ਆਗੂ ਰਵਿੰਦਰ ਸਿੰਘ ਲਾਲੀ, ਦੀਦਾਰ ਸਿੰਘ ਦੌਣ ਕਲਾਂ ਮਲਕੀਤ ਸਿੰਘ ਬਠੋਈ ਤੋਂ ਇਲਾਵਾ ਹੋਰ ਬਹੁਤ ਸਾਰੇ ਕਾਂਗਰਸੀ ਆਗੂ ਇਸ ਮੌਕੇ ਹਾਜ਼ਰ ਸਨ। ਸਾਬਕਾ ਕੈਬਨਿਟ ਮੰਤਰੀ ਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੈਂਬਰ ਬ੍ਰਹਮ ਮਹਿੰਦਰਾ ਮਦਨ ਲਾਲ ਜਲਾਲਪੁਰ ਸਾਬਕਾ ਐਮ.ਐਲ.ਏ, ਗਗਨਦੀਪ ਜੌਲੀ ਸਾਬਕਾ ਮੈਂਬਰ ਪਾਵਰਕਾਮ, ਦੀਦਾਰ ਸਿੰਘ ਦੌਣ ਕਲਾਂ, ਹਰਪਾਲ ਸਿੰਘ, ਚਮਕੌਰ ਸਿੰਘ ਦੀਪ ਲਾਲੋਛੀ, ਚੌਧਰੀ ਨਿਰਮਲ ਭੱਟੀਆਂ, ਬਲਿਹਾਰ ਸਿੰਘ ਸਮਸਪੁਰ, ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ, ਸਵਰਨ ਸਿੰਘ ਰਾਮਗੜ੍ਹ, ਸੂਬਾ ਸਕਤਰ ਕਿਸਾਨ ਸੈੱਲ, ਗੌਰਵ ਸੰਧੂ ਵੱਲੋਂ ਬੀਬਾ ਗੁਰਸ਼ਰਨ ਕੌਰ ਰੰਧਾਵਾ ਦੇ ਜ਼ਿਲ੍ਹਾ ਪ੍ਰਧਾਨ 'ਤੇ ਉਨ੍ਹਾਂ ਦਾ ਸਵਾਗਤ ਕੀਤਾ।



ਉਨ੍ਹਾਂ ਨਾਲ ਪੰਜਾਬ ਕਾਂਗਰਸ ਦੇ ਬੁਲਾਰੇ ਤੇ ਹਲਕਾ ਸਨੌਰ ਦੇ ਕੁਆਰਡੀਨੇਟਰ ਹਰਵਿੰਦਰ ਸਿੰਘ ਨਿੱਪੀ ਵਿਸ਼ੇਸ਼ ਤੌਰ 'ਤੇ ਉਨ੍ਹਾਂ ਦੀ ਨਿਯੁਕਤੀ ਦਾ ਭਰਵਾਂ ਸਵਾਗਤ ਕੀਤਾ ਹੈ। ਬੀਬਾ ਰੰਧਾਵਾ ਨੇ ਕਿਹਾ ਕਿ ਪਾਰਟੀ ਹਾਈਕਮਾਂਡ, ਪੰਜਾਬ ਪ੍ਰਦੇਸ਼ ਕਾਂਗਰਸ ਹਾਈਕਮਾਨ ਨੇ ਉਨ੍ਹਾਂ 'ਤੇ ਜੋ ਵਿਸ਼ਵਾਸ ਕੀਤਾ ਹੈ, ਉਹ ਉਸ 'ਤੇ ਖਤਰਾ ਉਤਰਨਗੇ ਅਤੇ 2027 ਵਿਚ ਪਟਿਆਲਾ ਸ਼ਹਿਰੀ ਤੇ ਪਟਿਆਲਾ ਦਿਹਾਤੀ ਦੀਆਂ ਸਾਰੀਆਂ ਸੀਟਾਂ ਕਾਂਗਰਸ ਪਾਰਟੀ ਦੀ ਝੋਲੀ 'ਚ ਪਾਉਣ ਲਈ ਸਮੁੱਚੇ ਕਾਂਗਰਸੀ ਵਰਕਰਾਂ ਨੂੰ ਨਾਲ ਲੈ ਕੇ ਦਿਨ-ਰਾਤ ਮਿਹਨਤ ਕਰਨਗੇ।ਬਲਿਹਾਰ ਸਮਸਪੁਰ ਸਿੰਘ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਬੀਬਾ ਰੰਧਾਵਾ ਤੇ ਨਰੇਸ਼ ਦੁੱਗਲ ਨੂੰ ਫਿਰ ਤੋਂ ਪ੍ਰਧਾਨ ਬਣਾ ਕੇ ਕਾਂਗਰਸੀਆਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ ਹੈ।

ਉਨ੍ਹਾਂ ਕਿਹਾ ਕਿ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੇ ਜ਼ਿਲਾ ਕਾਂਗਰਸ ਕਮੇਟੀ ਨੂੰ ਹਮੇਸ਼ਾ ਹੀ ਪੂਰਨ ਸਹਿਯੋਗ ਦਿੱਤਾ, ਜਿਹੜੇ ਕਾਂਗਰਸੀ ਵਰਕਰ ਤੇ ਆਗੂ 2021 ਦੇ ਅੰਤ ਵਿਚ ਕਾਂਗਰਸ ਪਾਰਟੀ ਨਾਲ ਖੜੇ ਰਹੇ, ਉਨ੍ਹਾਂ ਵਰਕਰਾਂ ਨੂੰ ਦੁੱਗਲ ਦੇ ਪ੍ਰਧਾਨ ਬਣਨ ਤੋਂ ਬਾਅਦ ਵੱਡਾ ਹੌਸਲਾ ਮਿਲਿਆ ਹੈ।ਜਦੋਂ ਸਾਬਕਾ ਮੁੱਖ ਮੰਤਰੀ ਕੈ. ਅਮਰਿੰਦਰ ਸਿੰਘ ਕਾਂਗਰਸ ਨੂੰ ਤੋੜਨ ਵਿਚ ਲੱਗੇ ਹੋਏ ਸਨ ਤਾਂ ਉਸ ਸਮੇਂ ਬ੍ਰਹਮ ਮਹਿੰਦਰਾ ਨੇ ਕਾਂਗਰਸੀ ਵਰਕਰਾਂ ਨੂੰ ਸੰਭਾਲਿਆ ਤੇ ਜਿਹੜੇ ਕਾਂਗਰਸੀ ਕੌਂਸਲਰ, ਆਗੂ ਤੇ ਵਰਕਰ ਮੋਤੀ ਮਹਿਲ ਨਾਲ ਨਹੀਂ ਗਏ, ਉਨ੍ਹਾਂ ਨੂੰ ਸਰਪ੍ਰਸਤੀ ਦਿੱਤੀ ਤੇ ਕਾਂਗਰਸ ਪਾਰਟੀ ਦੀ ਮਜਬੂਤੀ ਲਈ ਕੰਮ ਸ਼ੁਰੂ ਕਰ ਦਿੱਤਾ।

# ਪਸਸਫ ਦੇ ਆਗੂਆਂ ਤੇ ਵਰਕਰਾਂ ਵੱਲੋਂ ਧੂਰੀ ਰੈਲੀ 'ਚ ਭਰਵੀਂ ਸ਼ਮੂਲੀਅਤ : ਸਿੱਧੂ, ਭੁੱਟੋ, ਸ਼ਹਿਜ਼ਾਦੀ




**ਜ਼ੀਰਾ (ਨਰਿੰਦਰ ਅਨੇਜਾ)**-ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਧੂਰੀ ਵਿਖੇ ਰੈਲੀ ਵਿੱਚ ਸ਼ਾਮਲ ਹੋਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1406-22-ਬੀ ਚੰਡੀਗੜ੍ਹ ਦੇ ਜ਼ਿਲ੍ਹਾ ਫਿਰੋਜ਼ਪੁਰ ਤੋਂ ਜ਼ਿਲ੍ਹਾ ਪ੍ਰਧਾਨ ਗੁਰਦੇਵ ਸਿੰਘ ਸਿੱਧੂ ਦੀ ਅਗਵਾਈ ਹੇਠ ਭਰਵੀਂ ਗਿਣਤੀ ਵਿੱਚ ਆਗੂ ਤੇ ਵਰਕਰਾਂ ਦਾ ਜਥਾ ਭਰਵੀਂ ਗਿਣਤੀ ਵਿੱਚ ਸ਼ਾਮਲ ਹੋਏ।ਇਸ ਮੌਕੇ ਪਸਸਫ ਦੇ ਜ਼ਿਲ੍ਹਾ ਪ੍ਰਧਾਨ ਗੁਰਦੇਵ ਸੰਘ ਸਿੱਧੂ, ਬਲਵਿੰਦਰ ਸਿੰਘ ਭੁੱਟੋ ਤੇ ਨਿਸ਼ਾਨ ਸਿੰਘ ਸਹਿਜ਼ਾਦੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਭਗਵੰਤ ਸਿੰਘ ਮਾਨ ਨੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਮੰਗਾਂ ਮਨਵਾਉਣ ਲਈ ਸੜਕਾਂ 'ਤੇ ਧਰਨੇ ਨਹੀਂ ਲਗਾਉਣਗੇ ਪੈਣਗੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਮੰਗਾਂ ਮੰਨਣ ਦੀ ਜਗ੍ਹਾ ਹੁਣ ਮੀਟਿੰਗਾਂ ਦੇ ਕੇ ਭੱਜ ਰਹੇ ਹਨ, ਜਿਸ ਦੇ ਵਿਰੋਧ ਵਿੱਚ ਲੰਮੇ ਸਮੇਂ ਤੋਂ ਪੰਜਾਬ ਸਰਕਾਰ ਖਿਲਾਫ ਧਰਨੇ ਮੁਜ਼ਾਹਰੇ ਕੀਤੇ ਜਾ ਰਹੇ ਹਨ ਅਤੇ ਇਸੇ ਹੀ ਰੋਸ ਵਿੱਚ ਧੂਰੀ ਵਿਖੇ ਰੋਸ ਰੈਲੀ ਕੀਤੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਇਸ ਰੋਸ ਰੈਲੀ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਦੇ ਚਾਰ ਬਲਾਕਾਂ ਦੇ ਮੁਲਾਜ਼ਮ ਭਰਵੀਂ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਹੈ।ਇਸ ਮੌਕੇ ਪ ਸ ਸ ਫ ਦੇ ਸੂਬਾਈ ਆਗੂ ਬਲਵਿੰਦਰ ਸਿੰਘ ਭੁੱਟੋ, ਨਿਸ਼ਾਨ ਸਿੰਘ ਸਹਿਜ਼ਾਦੀ, ਸੀਨੀਅਰ ਮੀਤ ਪ੍ਰਧਾਨ ਤੋਂ ਇਲਾਵਾ ਸ਼ਹੀਦ ਭਗਤ ਯੂਨੀਵਰਸਿਟੀ ਫਿਰੋਜ਼ਪੁਰ ਦੇ ਪ੍ਰਧਾਨ ਜਸਮੀਤ ਸਿੰਘ, ਜਗਦੀਪ ਸਿੰਘ ਮਾਂਗਟ ਜ਼ਿਲ੍ਹਾ ਜਨਰਲ ਸਕੱਤਰ ਪ ਸ ਸ ਫ, ਰਮਨ ਕੁਮਾਰ, ਤਲਵਿੰਦਰ ਸਿੰਘ, ਸੁਰੇਸ਼ ਕੁਮਾਰ, ਰਾਕੇ ਕੁਮਾਰ, ਗੁਰਮੀਤ ਸਿੰਘ ਅਕਾਲੀ, ਕਲਵੰਤ ਸਿੰਘ, ਜਗਰਾਜ ਸਿੰਘ, ਜਰਨੈਲ ਸਿੰਘ, ਹਰਪਾਲ ਸਿੰਘ ਸੰਧੂ, ਮਨਜੀਤ ਸਿੰਘ, ਮਨਜਿੰਦਰ ਸਿੰਘ ਨੂਰਪੁਰ, ਸੰਦੀਪ ਵਿਨਾਇਕ, ਗੁਰਪ੍ਰੀਤ ਸਿੰਘ ਮੀਤ ਪ੍ਰਧਾਨ ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਰਕਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ।

## ਰਾਸ਼ਟਰੀ ਗੀਤ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ 'ਤੇ ਕਰਾਇਆ ਪ੍ਰੋਗਰਾਮ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਨਫੈਡਰੇਸ਼ਨ ਫਾਰ ਚੈਲੇਂਜਡ ਵੱਲੋਂ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ 150 ਸਾਲ ਪੂਰੇ ਹੋਣ 'ਤੇ ਰਾਸ਼ਟਰੀ ਨਯਾਸ, ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ, ਸੀਐੱਫਸੀ ਭਵਨ ਫਤਿਹਪੁਰ ਅਰਾਈਆਂ ਦੇ ਵਿਸ਼ੇਸ਼ ਬੱਚਿਆਂ ਦੇ ਸ੍ਰੀਜਨ ਵਿਕਾਸ ਡੇ ਕੇਅਰ ਕੇਂਦਰ ਵਿੱਚ ਇੱਕ ਪ੍ਰੋਗਰਾਮ ਕੀਤਾ ਗਿਆ।ਇਸ ਮੌਕੇ ਮੁੱਖ ਮਹਿਮਾਨ ਵਜੋਂ ਪ੍ਰੋਫੈਸਰ ਡਾ. ਪੰਕਜਪ੍ਰੀਤ ਸਿੰਘ, ਤੇ ਵਿਸ਼ੇਸ਼ ਮਹਿਮਾਨ ਵਜੋਂ ਪ੍ਰੋਫੈਸਰ ਡਾ. ਸੁਪ੍ਰੀਤ ਬਿੰਦਰਾ, ਫਿਜ਼ੀਓਥੈਰੇਪੀ ਵਿਭਾਗ ਦੇ ਐੱਚ ਓ ਡੀ ਤੇ ਮਦਨ ਲਾਲ ਵਰਮਾ ਪ੍ਰਧਾਨ ਸੀਨੀਅਰ ਸਿਟੀਜ਼ਨ ਐਸੋਸੀਏਸ਼ਨ ਸ਼ਾਮਲ ਹੋਏ।ਇਸ ਮਗਰੋਂ ਸ੍ਰੀਜਨ ਕੇਂਦਰ ਦੀ ਲੋਕਲ ਲੈਵਲ ਪ੍ਰੋਜੈਕਟ ਕਮੇਟੀ ਦੀ ਮੀਟਿੰਗ ਹੋਈ।ਇਸ ਮੀਟਿੰਗ ਵਿੱਚ ਮੈਂਬਰਾਂ ਨਾਲ ਵਿਸ਼ੇਸ਼ ਬੱਚਿਆਂ (ਬੌਧਿਕ ਦਿਵਿਆਂਗਜਨ) ਦੇ ਹਰ ਤਰ੍ਹਾਂ ਦੇ ਵਿਕਾਸ ਤੇ ਕਿੱਤਾਮੁਖੀ ਸਿੱਖਿਆ ਆਦਿ ਵਰਗੇ ਕਈ ਮਹੱਤਵਪੂਰਨ ਵਿਸ਼ਿਆਂ 'ਤੇ ਚਰਚਾ ਕੀਤੀ ਗਈ।ਇਸ ਲਈ ਸ੍ਰੀਜਨ ਕੇਂਦਰ ਦੇ 15 ਕਿਲੋਮੀਟਰ ਦੇ ਖੇਤਰ ਵਿੱਚ ਸਰਵੇਖਣ ਕੀਤਾ ਜਾਵੇਗਾ ਤੇ ਉਨ੍ਹਾਂ ਬੱਚਿਆਂ ਦੇ ਮਾਪਿਆਂ ਨੂੰ ਜਾਗਰੂਕ ਕਰਕੇ ਬੱਚਿਆਂ ਨੂੰ ਇਸ ਕੇਂਦਰ ਵਿੱਚ ਲਿਆਉਣ ਲਈ ਯਤਨ ਕੀਤੇ ਜਾਣਗੇ।ਇਸ ਮੌਕੇ ਸੰਸਥਾ ਦੇ ਪ੍ਰਧਾਨ ਮਨਮੋਹਨ ਜਰਗਰ, ਰਮੇਸ਼ ਕੁਮਾਰ, ਸਤੀਸ਼ ਕੁਮਾਰ, ਸਤਨਾਮ ਸਿੰਘ, ਮਨਪ੍ਰਭਜੋਤ ਸਿੰਘ, ਰਵਿੰਦਰ ਸਿੰਘ, ਸੁਖਵਿੰਦਰ ਕੌਰ, ਗਗਨਦੀਪ ਕੌਰ, ਗੁਰਦੀਪ ਕੌਰ, ਜਸਵੰਤ ਸਿੰਘ, ਬਹਾਦਰ ਸਿੰਘ ਤੇ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਵੀ ਹਿੱਸਾ ਲਿਆ।

## ਸ਼ਕਤੀ ਪਬਲਿਕ ਸਕੂਲ ਵਿਖੇ ਬਾਲ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਸ਼ਕਤੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੋਰਾਹਾ ਵਿਖੇ ਬਾਲ ਦਿਵਸ ਮਨਾਇਆ ਗਿਆ।ਸਮਾਗਮ ਦੀ ਸ਼ੁਰੂਆਤ ਪ੍ਰਿੰਸੀਪਲ ਜਤਿੰਦਰ ਸ਼ਰਮਾ ਤੇ ਵਾਈਸ ਪ੍ਰਿੰਸੀਪਲ ਨੀਰਜ ਸ਼ਰਮਾ ਵੱਲੋਂ ਪੰਡਿਤ ਜਵਾਹਰ ਲਾਲ ਨਹਿਰੂ ਦੀ ਤਸਵੀਰ ਅੱਗੇ ਦੀਵਾ ਬਾਲ ਕੇ ਕੀਤੀ ਗਈ।ਇਸ ਸਮੇਂ ਕਵਿਤਾ, ਪਾਠ ਤੇ ਖੇਡਾਂ ਦੇ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ, ਜਦਕਿ ਅਧਿਆਪਕਾਂ ਨੇ ਵੀ ਬੱਚਿਆਂ ਲਈ ਵਿਸ਼ੇਸ਼ ਪ੍ਰੋਗਰਾਮ ਪੇਸ਼ ਕੀਤਾ, ਜਿਸ ਨੂੰ ਵਿਦਿਆਰਥੀਆਂ ਵੱਲੋਂ ਖੂਬ ਪਸੰਦ ਕੀਤਾ ਗਿਆ।ਪ੍ਰਿੰਸੀਪਲ ਜਤਿੰਦਰ ਸ਼ਰਮਾ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਬਾਲ ਦਿਵਸ ਬੱਚਿਆਂ ਦੀ ਖੁਸ਼ੀ, ਪਿਆਰ ਤੇ ਉਨ੍ਹਾਂ ਦੇ ਭਵਿੱਖ ਦੀ ਪ੍ਰਤਨਾ ਦਾ ਪ੍ਰਤੀਕ ਹੈ।ਇਸ ਸਮੇਂ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ।ਸਮਾਗਮ ਦਾ ਅੰਤ ਰਾਸ਼ਟਰੀ ਗੀਤ ਨਾਲ ਕੀਤਾ ਗਿਆ।ਇਸ ਮੌਕੇ ਸੁਮਨ ਸ਼ਰਮਾ, ਰਜੀਵ ਵੈਦ (ਬੌਬੀ ਸਰ), ਅਜੀਤਪਾਲ ਸਿੰਘ, ਇੰਦਰਪਾਲ ਕੌਰ, ਸੀਮਾ ਕਪੂਰ, ਸੀਮਾ ਰਾਣੀ, ਹਰਦੀਪ ਕੌਰ, ਪ੍ਰਦੀਪ ਕੌਰ, ਸਿਮਰਨ, ਪ੍ਰਭਜੋਤ ਕੌਰ, ਮੁਸਕਾਨ, ਕਮਲਜੀਤ ਕੌਰ, ਸਰਬਜੀਤ ਕੌਰ, ਨੇਹਾ ਸੂਦ, ਪ੍ਰਦੀਪ ਕੌਰ ਆਦਿ ਹਾਜ਼ਰ ਸਨ।

## ਟੈਗੋਰ ਵਿਦਿਆਲਿਆ ਦੇ ਵਿਦਿਆਰਥੀਆਂ ਦਾ ਵਿੱਦਿਅਕ ਟੂਰ




**ਲੌਂਗੋਵਾਲ (ਪ੍ਰਦੀਪ ਸੱਪਲ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਟੈਗੋਰ ਵਿਦਿਆਲਿਆ ਸੀਨੀਅਰ ਸੈਕੰਡਰੀ ਸਕੂਲ ਲੌਂਗੋਵਾਲ ਦੇ ਵਿਦਿਆਰਥੀਆਂ ਤੇ ਸਟਾਫ਼ ਵੱਲੋਂ ਇੱਕ ਰੋਜ਼ਾ ਵਿੱਦਿਅਕ ਟੂਰ ਲਿਜਾਇਆ ਗਿਆ।ਇਸ ਟੂਰ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਤਿਹਾਸਕ ਅਹਿਮੀਅਤ, ਸੱਭਿਆਚਾਰਕ ਵਿਰਾਸਤ ਤੇ ਪ੍ਰਕਿਰਤਕ ਖੇਤਰ ਅਧਿਐਨ ਰਾਹੀਂ ਵਿਆਪਕ ਸਮਝ ਪ੍ਰਦਾਨ ਕਰਦਾ ਸੀ।ਟੂਰ ਦੌਰਾਨ ਵਿਦਿਆਰਥੀਆਂ ਨੇ ਨੰਗਲ, ਸ੍ਰੀ ਅਨੰਦਪੁਰ ਸਾਹਿਬ ਕਿਲ੍ਹਾ ਅਨੰਦਗੜ੍ਹ, ਗੁਰਦੁਆਰਾ ਬਿਭੌਰ ਸਾਹਿਬ, ਗੁਰਦੁਆਰਾ ਸ੍ਰੀ ਕੀਰਤਪੁਰ ਸਾਹਿਬ ਤੇ ਗੁਰਦੁਆਰਾ ਸ੍ਰੀ ਰਾੜਾ ਸਾਹਿਬ ਦੇ ਦਰਸ਼ਨ ਕੀਤੇ। ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਰਾਸਤ-ਏ-ਖਾਲਸਾ ਦੇ ਦਰਸ਼ਨਾਂ ਨੇ ਵਿਦਿਆਰਥੀਆਂ ਦਾ ਵਿਸ਼ੇਸ਼ ਧਿਆਨ ਖਿੱਚਿਆ।ਇਸ ਟੂਰ ਦੌਰਾਨ ਵਿਦਿਆਰਥੀਆਂ ਨੇ ਜਿੱਥੇ ਮਨੋਰੰਜਨ ਕੀਤਾ, ਉਥੇ ਵਿਦਿਆਰਥੀਆਂ ਦੇ ਗਿਆਨ ਵਿੱਚ ਵੱਡਾ ਵਾਧਾ ਹੋਇਆ।ਇਸ ਵਿੱਦਿਅਕ ਟੂਰ ਨੂੰ ਸਕੂਲ ਮੈਨੇਜਮੈਂਟ ਮੈਂਬਰ ਕੁਲਦੀਪ ਸਿੰਘ ਮੰਡੇਰ, ਗੋਬਿੰਦ ਸਿੰਘ ਗਿੱਲ, ਜਤਿੰਦਰ ਰਿਸ਼ੀ ਤੇ ਸੰਸਥਾ ਪ੍ਰਿੰਸੀਪਲ ਮੈਡਮ ਸ੍ਰੀਮਤੀ ਜਸਵਿੰਦਰ ਕੌਰ ਦੀ ਨਿਗਰਾਨੀ ਹੇਠ ਸੁਚਾਰੂ ਢੰਗ ਨਾਲ ਕੀਤਾ ਗਿਆ।ਸਕੂਲ ਪ੍ਰਬੰਧਕਾਂ ਵੱਲੋਂ ਇਸ ਟੂਰ ਲਈ ਸਹਿਯੋਗ ਤੇ ਪ੍ਰੇਰਣਾ ਦੇਣ ਲਈ ਮਾਨਯੋਗ ਪ੍ਰਿੰਸੀਪਲ ਜਸਵਿੰਦਰ ਕੌਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

## ਦਸਮੇਸ਼ ਸਕੂਲ ਵਿਖੇ ਪ੍ਰਾਇਮਰੀ ਵਿੰਗ ਦੀ ਐਥਲੈਟਿਕ ਮੀਟ ਕਰਵਾਈ



**ਕੋਟਕਪੂਰਾ (ਰਛਪਾਲ ਭੁੱਲਰ)**-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਬਾਲ ਦਿਵਸ ਨੂੰ ਮੁੱਖ ਰੱਖਦੇ ਹੋਏ ਪ੍ਰਾਇਮਰੀ ਵਿਭਾਗ ਦੇ ਬੱਚਿਆਂ ਦੀ ਐਥਲੈਟਿਕ ਮੀਟ ਕਰਵਾਈ ਗਈ, ਜਿਸ ਦੀ ਸ਼ੁਰੂਆਤ ਨਰਸਰੀ, ਪ੍ਰੈੱਪ-1 ਤੇ ਪ੍ਰੈੱਪ-2 ਕਲਾਸ ਦੇ ਨੰਨ੍ਹੇ-ਮੁੰਨੇ ਬੱਚਿਆਂ ਵੱਲੋਂ ਮਾਰਚ ਪਾਸ ਨਾਲ ਕੀਤੀ ਗਈ।ਇਸ ਤੋਂ ਬਾਅਦ ਬੱਚਿਆਂ ਨੂੰ ਚਾਰ ਹਾਊਸ ਗਰੁੱਪਾਂ ਵਿੱਚ ਵੰਡ ਕੇ ਮੁਕਾਬਲੇ ਕਰਵਾਏ ਗਏ।ਰੱਸਾਕਸੀ ਵਿੱਚ ਰੈੱਡ ਹਾਊਸ ਤੇ ਰੁਮਾਲ ਚੁੱਕਣ ਵਿੱਚ ਵੀ ਰੈੱਡ ਹਾਊਸ ਜੇਤੂ ਰਿਹਾ।ਚੇਅਰ ਗੇਮ ਵਿੱਚ ਹਰਦੀਪ ਸਿੰਘ ਚੌਥੀ ਕਲਾਸ ਨੇ ਪਹਿਲਾ, ਖੁਸ਼ਪ੍ਰੀਤ ਕੌਰਨੇ ਦੂਜਾ, ਸ਼ਗਨਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।50 ਮੀਟਰ ਰੇਸ ਵਿੱਚ ਦੂਜੀ ਕਲਾਸ ਦੇ ਰਾਜਵੀਰ ਸਿੰਘ ਤੇ ਅਵਨੀਤ ਕੌਰ ਨੇ ਪਹਿਲਾ, ਸਾਗਰ ਤੇ ਕਰਨਵੀਰ ਕੌਰ ਨੇ ਦੂਜਾ, ਸ਼ਿਵ ਕਰਨ ਤੇ ਏਕਮਨੂਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਇਸ ਤੋਂ ਇਲਾਵਾ ਡੱਡੂ ਰੇਸ, 100 ਮੀਟਰ ਰੇਸ, ਬੈਲੂਨ ਬੈਲੇਂਸ ਤੇ ਹੋਰ ਵੀ ਬਹੁਤ ਸਾਰੀਆਂ ਖੇਡਾਂ ਕਰਵਾਈਆਂ ਗਈਆਂ, ਜਿਸ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਖੇਡਾਂ ਦਾ ਆਨੰਦ ਮਾਣਿਆ।ਇਸ ਤੋਂ ਬਿਨਾਂ ਰਿਲੇਅ ਰੇਸ, ਲੈਮਨ ਸਪੂਨ ਤੇ ਥ੍ਰੀ ਲੈੱਗ ਰੇਸ ਵੀ ਕਰਵਾਈਆਂ ਗਈਆਂ।ਸਕੂਲ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ, ਪ੍ਰਿੰਸੀਪਲ ਸੋਮਾ ਦੇਵੀ ਨੇ ਵੀ ਖੇਡਾਂ ਦਾ ਖ਼ੂਬ ਆਨੰਦ ਮਾਣਿਆ ਤੇ ਇਨ੍ਹਾਂ ਵੱਲੋਂ ਬੱਚਿਆਂ ਨੂੰ ਹੌਸਲਾ ਦਿੰਦੇ ਹੋਏ ਸਥਾਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ।ਇਸ ਐਥਲੈਟਿਕ ਮੀਟ ਵਿੱਚ ਅਧਿਆਪਕ ਸੁਖਵੀਰ ਕੌਰ, ਪ੍ਰਾਇਮਰੀ ਕੋਆਰਡੀਨੇਟਰ ਮੈਡਮ ਸ੍ਰੀਮਤੀ ਨੇਹਾਂ ਜਿੰਦਲ ਤੇ ਸਮੂਹ ਸਟਾਫ ਦਾ ਹਾਜ਼ਰ ਸੀ।

## ਬਜ਼ੁਰਗਾਂ ਦੀ ਯਾਦ 'ਚ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ 4 ਵ੍ਹੀਲਚੇਅਰਾਂ ਦਾਨ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦੀ ਬੇਨਤੀ 'ਤੇ ਡਾ. ਸੁਧੀਰ ਭੰਡਾਰੀ ਤੇ ਡਾ. ਸੋਨਿਕਾ ਬਖਸ਼ੀ ਵੱਲੋਂ 4 ਵੀਲ੍ਹਚੇਅਰਾਂ ਸਵ. ਕੁਲਵੰਤ ਭੰਡਾਰੀ, ਸਵ. ਸਰੋਜ ਬਖਸ਼ੀ ਤੇ ਸਵ. ਕੇ.ਏ.ਕੇ. ਬਖਸ਼ੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਵਿਖੇ ਮੈਨੇਜਰ ਭਾਗ ਸਿੰਘ ਰਾਜਪੁਰਾ ਨੂੰ ਸੌਂਪੀਆਂ ਗਈਆਂ, ਜਿਨ੍ਹਾਂ 'ਚੋਂ ਇੱਕ ਚੇਅਰ ਸੰਤ ਰਾਮ ਵਾਸੀ ਪਿੰਡ ਨਗਰ ਲਈ ਪਰਿਵਾਰਕ ਮੈਂਬਰ ਨੂੰ ਸੌਂਪੀ ਗਈ।ਮੈਨੇਜਰ ਭਾਗ ਸਿੰਘ ਰਾਜਪੁਰਾ ਨੇ ਡਾ. ਸੁਧੀਰ ਭੰਡਾਰੀ ਤੇ ਡਾ. ਸੋਨਿਕਾ ਬਖਸ਼ੀ ਹੋਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕਰਦਿਆਂ ਧੰਨਵਾਦ ਕੀਤਾ।ਉਨ੍ਹਾਂ ਦੱਸਿਆ ਕਿ ਲੋੜਵੰਦਾਂ ਦੀ ਸਹਾਇਤਾ ਲਈ ਇਨ੍ਹਾਂ ਚੇਅਰਾਂ ਦੀ ਵਰਤੋਂ ਕੀਤੀ ਜਾਵੇਗੀ ਤਾਂ ਜੁ ਸੰਗਤ ਰੂਪ ਵਿਚ ਪਹੁੰਚਣ ਵਾਲੇ ਬਜ਼ੁਰਗਾਂ ਨੂੰ ਸਹੂਲਤ ਮਿਲ ਸਕੇ।ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਸ਼੍ਰੋਮਣੀ ਅਕਾਲੀ ਦਲ ਬੀ. ਸੀ. ਵਿੰਗ ਸ਼ਹਿਰੀ ਦੇ ਸਾਬਕਾ ਪ੍ਰਧਾਨ ਹਰਮੀਤ ਸਿੰਘ ਬਡੂੰਗਰ, ਜਥੇਦਾਰ ਮਲਾਗਰ ਸਿੰਘ, ਮਨਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

## ਗੁਰੂ ਗੋਬਿੰਦ ਸਿੰਘ ਸਕੂਲ ਕੁਰੜ 'ਚ ਕਰਾਈ ਐਥਲੈਟਿਕ ਮੀਟ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਵਿਖੇ ਬੱਚਿਆਂ ਦੇ ਸੰਪੂਰਨ ਵਿਕਾਸ ਦੇ ਮਨੋਰਥ ਨੂੰ ਮੁੱਖ ਰੱਖਦਿਆਂ ਅਥਲੈਟਿਕ ਮੀਟ ਦਾ ਆਯੋਜਨ ਕਰਾਇਆ ਗਿਆ।ਅਥਲੈਟਿਕ ਮੀਟ ਦਾ ਆਰੰਭ ਚਾਰੇ ਹਾਊਸ ਵੱਲੋਂ ਮਾਰਚ ਪਾਸਟ ਕਰਕੇ ਕੀਤਾ ਗਿਆ।ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ.ਡੀ. ਸ੍ਰੀਮਤੀ ਸੁਖਵਿੰਦਰ ਕੌਰ ਧਾਲੀਵਾਲ, ਸੁਖਜੀਤ ਸਿੰਘ ਧਾਲੀਵਾਲ ਵੱਲੋਂ ਸਾਰੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆ ਕਿਹਾ ਕਿ ਪੜ੍ਹਾਈ ਦੇ ਨਾਲ ਖੇਡਾਂ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਇੱਕ ਅਹਿਮ ਅੰਗ ਹਨ।ਇਹ ਬੱਚਿਆਂ ਦਾ ਮਾਨਸਿਕ ਤੇ ਸਰੀਰਕ ਵਿਕਾਸ ਕਰਦੀਆਂ ਹਨ।ਇਸ ਤੋਂ ਬਿਨਾਂ ਬੱਚਿਆਂ ਦੀ ਥ੍ਰੀ ਲੈੱਗ ਰੇਸ, ਬੈਕ ਰੇਸ, ਵਨ ਲੈੱਗ ਰੇਸ, ਸੈਕ ਰੇਸ, ਮੌਂਕੀ ਰੇਸ, ਲੰਮੀ ਛਾਲ, ਇੰਟਰ ਹਾਊਸ ਖੋ-ਖੋ, ਰੱਸਾਕਸ਼ੀ ਅਤੇ ਅਧਿਆਪਕਾਂ ਦੀ ਵਨ ਲੈੱਗ ਰੇਸ ਵੀ ਖਿੱਚ ਦਾ ਕੇਂਦਰ ਰਹੀ।ਸਾਰੀ ਅਥਲੈਟਿਕ ਮੀਟ ਦਾ ਪ੍ਰਬੰਧ ਸਮੁੱਚੀ ਮੈਨੇਜਮੈਂਟ ਤੇ ਪ੍ਰਿੰਸੀਪਲ ਮੈਡਮ ਰੁਪਿੰਦਰ ਕੌਰ ਚੀਮਾ ਦੀ ਦੇਖ-ਰੇਖ 'ਚ ਕਰਾਇਆ ਗਿਆ। ਉਨ੍ਹਾਂ ਕਿਹਾ ਕਿ ਅਥਲੈਟਿਕ ਮੀਟ ਦੌਰਾਨ ਬੱਚਿਆਂ 'ਚ ਲੁਕੀ ਹੋਈ ਪ੍ਰਤਿਭਾ ਦੇਖਣ ਨੂੰ ਮਿਲਦੀ ਹੈ ਤੇ ਬੱਚੇ ਖੇਡ ਦੀ ਭਾਵਨਾ ਨਾਲ ਅਤੇ ਜ਼ਿੰਮੇਵਾਰੀ ਨਾਲ ਖੇਡਾਂ 'ਚ ਭਾਗ ਲੈਂਦੇ ਹਨ।

## ਸੀ ਪੀ ਆਈ ਦਾ 25ਵਾਂ ਜ਼ਿਲ੍ਹਾ ਡੈਲੀਗੇਟ ਅਜਲਾਸ 25 ਨੂੰ : ਚੌਹਾਨ

### ਜ਼ਿਲ੍ਹਾ ਕੌਂਸਲ ਦੀ ਤਿਆਰੀ ਮੀਟਿੰਗ 20 ਨੂੰ

**ਮਾਨਸਾ (ਆਤਮਾ ਸਿੰਘ ਪਮਾਰ)**-ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਸ਼ਹਿਰੀ ਕਮੇਟੀ ਦੀ ਇੱਕ ਅਹਿਮ ਮੀਟਿੰਗ ਸਾਥੀ ਨਰੇਸ਼ ਕੁਮਾਰ ਬੁਰਜ ਹਰੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਸਕੱਤਰ ਸਾਥੀ ਕ੍ਰਿਸ਼ਨ ਚੌਹਾਨ ਨੇ ਕਿਹਾ ਕਿ ਪਾਰਟੀ ਦੀ 25ਵੀਂ ਜ਼ਿਲ੍ਹਾ ਜਥੇਬੰਦਕ ਕਾਨਫਰੰਸ ਸੂਬਾਈ ਲੀਡਰਸ਼ਿਪ ਵੱਲੋਂ ਤਹਿ ਸਮੇਂ ਮੁਤਾਬਿਕ ਹੀ ਹੋਵੇਗੀ।ਚੌਹਾਨ ਨੇ ਕਿਹਾ ਕਿ ਜ਼ਿਲ੍ਹੇ ਦੀਆਂ ਤਹਿਸੀਲ ਕਮੇਟੀਆਂ ਦੀਆਂ ਚੋਣਾਂ ਹੋ ਚੁੱਕੀਆਂ ਹਨ।ਸਬ ਡਵੀਜ਼ਨ ਮਾਨਸਾ, ਬੁਢਲਾਡਾ, ਸਰਦੂਲਗੜ੍ਹ ਤੇ ਸ਼ਹਿਰ ਕਮੇਟੀ ਡੈਲੀਗੇਟ ਅਜਲਾਸ 'ਚ ਸ਼ਾਮਲ ਹੋਣਗੇ।ਡੈਲੀਗੇਟ ਅਜਲਾਸ ਕਾ. ਹਰਦੇਵ ਸਿੰਘ ਅਰਸ਼ੀ ਤੇ ਅਬਜ਼ਰਵਰ ਨਰਿੰਦਰ ਸੋਹਲ ਦੀ ਦੇਖ-ਰੇਖ ਹੇਠ ਹੋਵੇਗਾ।ਸ਼ਹਿਰੀ ਸਕੱਤਰ ਕਾ. ਰਤਨ ਭੋਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਨਫਰੰਸ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।ਪਾਰਟੀ ਪ੍ਰੋਗਰਾਮ ਨੂੰ ਜਨਤਕ ਤੇ ਆਮ ਲੋਕਾਂ ਦੀ ਸਮਝ ਬਣਾਉਣ 'ਤੇ ਜ਼ੋਰ ਦਿੱਤਾ ਜਾਵੇਗਾ।ਭਵਿੱਖ 'ਚ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਪ੍ਰੋਗਰਾਮ ਉਲੀਕੇ ਜਾਣਗੇ।ਮੀਟਿੰਗ ਨੂੰ ਬੂਟਾ ਸਿੰਘ ਐੱਫ ਸੀ ਆਈ, ਦਰਸ਼ਨ ਮਾਨਸ਼ਾਹੀਆ, ਭੂਸ਼ਨ ਸ਼ਰਮਾ, ਨਿਰਮਲ ਮਾਨਸਾ, ਅਸ਼ੋਕ ਕਾਲਾ, ਲਾਭ ਸਿੰਘ ਮੰਢਾਲੀ, ਸੁਖਦੇਵ ਸਿੰਘ ਮਾਨਸਾ, ਰਜਿੰਦਰ ਕੁਮਾਰ ਭੰਮਾ ਆਦਿ ਆਗੂਆਂ ਨੇ ਵੀ ਸੰਬੋਧਨ ਕੀਤਾ।



## ਤਰਨ ਤਾਰਨ 'ਚ 'ਆਪ' ਦੀ ਸ਼ਾਨਦਾਰ ਜਿੱਤ ਨੇ 2027 ਦਾ ਨੀਂਹ ਪੱਥਰ ਰੱਖਿਆ : ਦੀਪਕ ਸੂਦ



**ਰਾਜਪੁਰਾ (ਰਮੇਸ਼ ਕਟਾਰੀਆ)**-ਹਲਕਾ ਰਾਜਪੁਰਾ ਦੇ ਆਮ ਆਦਮੀ ਪਾਰਟੀ ਦੇ ਸਮੂਹ ਵਲੰਟੀਅਰਜ਼ ਨੇ ਸ੍ਰੀ ਦੀਪਕ ਸੂਦ ਚੇਅਰਮੈਨ ਮਾਰਕੀਟ ਕਮੇਟੀ ਰਾਜਪੁਰਾ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਤਰਨ ਤਾਰਨ ਦੀ ਜ਼ਿਮਨੀ ਚੋਣ ਦੇ ਸ਼ੁੱਕਰਵਾਰ ਨੂੰ ਐਲਾਨੇ ਗਏ ਨਤੀਜੇ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ, ਜਿਨ੍ਹਾਂ ਨੇ 42649 ਵੋਟਾਂ ਹਾਸਲ ਕਰਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ, ਇਸ ਜਿੱਤ ਦੀ ਖੁਸ਼ੀ ਵਿੱਚ ਹਲਕਾ ਰਾਜਪੁਰਾ ਦੇ ਸਮੂਹ ਵਲੰਟੀਅਰ ਤੇ ਟਕਸਾਲੀ ਆਗੂਆਂ ਵੱਲੋਂ ਹਲਕਾ ਤਰਨ ਤਾਰਨ ਦੇ ਸੂਝਵਾਨ ਵੋਟਰਾਂ ਦਾ ਧੰਨਵਾਦ ਕੀਤਾ।ਇਸ ਨਾਲ ਇਹ ਸਾਬਿਤ ਹੋ ਗਿਆ ਕਿ ਪੰਜਾਬ ਦੇ ਲੋਕ ਕੰਮ ਆਧਾਰਤ ਰਾਜਨੀਤੀ ਸਾਫ ਸੁਥਰੇ ਸ਼ਾਸਨ ਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਤੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਇਮਾਨਦਾਰੀ ਅਗਵਾਈ ਦੇ ਨਾਲ ਮਜ਼ਬੂਤੀ ਨਾਲ ਖੜ੍ਹੇ ਹਨ।ਸਮੂਹ ਵਰਕਰਾਂ ਨੇ ਦੱਸਿਆ ਕਿ ਇਸ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਹੋਈ ਸ਼ਾਨਦਾਰ ਜਿੱਤ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਸੈਮੀ ਫਾਈਨਲ ਦੱਸਿਆ ਗਿਆ।ਪੰਜਾਬ ਦੀ ਜਨਤਾ ਨੇ ਪਿਛਲੇ ਚਾਰ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਕੰਮਾਂ ਤੇ ਮੋਹਰ ਲਗਾਈ ਹੈ ਅਤੇ ਆਮ ਆਦਮੀ ਪਾਰਟੀ 2027 ਵਿੱਚ ਇੱਕ ਸ਼ਾਨਦਾਰ ਜਿੱਤ ਪ੍ਰਾਪਤ ਕਰਕੇ ਮੁੜ ਸੱਤਾ ਵਿੱਚ ਆਵੇਗੀ।ਇਸ ਸਮੇਂ ਸਮੂਹ ਵਰਕਰਾਂ ਵੱਲੋਂ ਖੁਸ਼ੀ ਜ਼ਾਹਰ ਕਰਦਿਆਂ ਲੱਡੂ ਵੰਡੇ ਗਏ ਤੇ ਢੋਲ ਧਮਾਕੇ ਨਾਲ ਭੰਗੜੇ ਵੀ ਪਾਏ ਗਏ।ਇਸ ਸਮੇਂ ਸ੍ਰੀ ਦੀਪਕ ਸੂਦ ਚੇਅਰਮੈਨ ਮਾਰਕੀਟ ਕਮੇਟੀ ਰਾਜਪੁਰਾ, ਸਿਕੰਦਰ ਸਿੰਘ ਬਨੂੜ, ਬਿਕਰਮਜੀਤ ਪਾਸੀ ਬਨੂੜ ਸਪੋਕਸਮੈਨ ਬਲੀ ਸਿੰਘ ਬਨੂੜ ਜਸਵੀਰ ਸਿੰਘ ਚੰਦੂਆ ਚੇਅਰਮੈਨ ਮੇਰੀ, ਕਰਨੈਲਪੁਰੀ, ਚੰਨਣ ਸਿੰਘ ਰਾਜਪੁਰਾ, ਐਡਵੋਕੇਟ ਮਨੀਸ਼ ਸ਼ਰਮਾ ਸਮੇਤ ਹੋਰ ਆਗੂ ਤੇ ਵਰਕਰ ਸ਼ਾਮਲ ਸਨ।

## ਗੱਡੀਆਂ ਦੀ ਆਪਸੀ ਟੱਕਰ 'ਚ ਸਮਾਜ ਸੇਵੀ ਪ੍ਰਵੀਨ ਮਿੱਤਲ ਸਮੇਤ 3 ਦੀ ਮੌਤ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਵਿੱਚ ਦਿਨੋਂ-ਦਿਨ ਵੱਧ ਰਹੇ ਸੜਕੀ ਹਾਦਸਿਆਂ ਕਾਰਨ ਅਨੇਕਾਂ ਹੀ ਕੀਮਤੀ ਜਾਨਾਂ ਮੌਤ ਦੇ ਮੂੰਹ ਜਾ ਰਹੀਆਂ ਹਨ। ਇਸੇ ਤਰ੍ਹਾਂ ਦਾ ਹੀ ਦਰਦਨਾਕ ਸੜਕੀ ਹਾਦਸਾ ਵਾਪਰਿਆ, ਜਦੋਂ ਬੀਤੀ ਰਾਤ ਨਾਭਾ ਪਟਿਆਲਾ ਰੋਡ ਤੇ ਪੋਲੋ ਕਾਰ ਵਿੱਚ ਸਵਾਰ ਪਤੀ-ਪਤਨੀ ਪ੍ਰਵੀਨ ਮਿੱਤਲ ਗੋਗੀ ਤੇ ਨੇਹਾ ਮਿੱਤਲ, ਜੋ ਪਟਿਆਲਾ ਤੋਂ ਨਾਭੇ ਵੱਲ ਨੂੰ ਆ ਰਹੇ ਸੀ ਤਾਂ ਦੂਜੇ ਪਾਸੇ ਤੋਂ ਆ ਰਹੀ ਓਡੀ ਕਾਰ, ਜਿਸ ਨੂੰ 28 ਸਾਲਾ ਨੌਜਵਾਨ ਅਮਨਜੋਤ ਸਿੰਘ ਚਲਾ ਰਿਹਾ ਸੀ।ਇਨ੍ਹਾਂ ਦੋਹਾਂ ਗੱਡੀਆਂ ਦੀ ਆਪਸ ਵਿੱਚ ਟੱਕਰ ਹੋ ਗਈ।ਟੱਕਰ ਉਪਰੰਤ ਇਹ ਦੋਵੇਂ ਗੱਡੀਆਂ ਦਰੱਖਤਾਂ ਨਾਲ ਟਕਰਾ ਗਈਆਂ।ਇਹ ਹਾਦਸਾ ਇੰਨਾ ਭਿਆਨਕ ਸੀ ਕਿ ਗੱਡੀਆਂ ਦੇ ਪਰਖੱਚੇ ਉੜ ਗਏ।ਇਸ ਹਾਦਸੇ ਵਿੱਚ ਔਰਤ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਉਸ ਦਾ ਪਤੀ ਪ੍ਰਵੀਨ ਮਿੱਤਲ ਪਟਿਆਲਾ ਦੇ ਨਿੱਜੀ ਹਸਪਤਾਲ ਵਿੱਚ ਦਮ ਤੋੜ ਗਿਆ।ਦੱਸਣਯੋਗ ਹੈ ਕਿ ਮ੍ਰਿਤਕ ਪ੍ਰਵੀਨ ਮਿੱਤਲ ਗੋਗੀ ਸਮਾਜ ਸੇਵੀ ਸੀ, ਜੋ ਕਈ ਮੰਦਰਾਂ ਕਮੇਟੀਆਂ ਤੇ ਸ਼ਮਸ਼ਾਨ ਘਾਟ ਵਿੱਚ ਸੇਵਾ ਨਿਭਾਅ ਰਿਹਾ ਸੀ।ਮ੍ਰਿਤਕ ਪਤੀ-ਪਤਨੀ ਨਾਭਾ ਦੇ ਸੰਗਤਪੁਰਾ ਮਹੱਲੇ ਦੇ ਰਹਿਣ ਵਾਲੇ ਸਨ। ਇਸ ਮੌਕੇ ਕੌਂਸਲਰ ਗੁਰਸੇਵਕ ਸਿੰਘ ਗੋਲੂ ਨੇ ਕਿਹਾ ਕਿ ਇਹ ਮਿੱਤਲ ਪਰਵਾਰ ਬਹੁਤ ਹੀ ਮਿਲਣ ਸਾਰ ਪਰਵਾਰ ਸੀ ਤੇ ਇਸ ਹਾਦਸੇ ਤੋਂ ਬਾਅਦ ਨਾਭਾ ਸ਼ਹਿਰ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ।ਇਸ ਮੌਕੇ ਪੁਲਸ ਦੇ ਜਾਂਚ ਅਧਿਕਾਰੀ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਹਾਦਸੇ ਦੇ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ, ਉਸ ਤੋਂ ਬਾਅਦ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ।

## ਮਾਤਾ ਸੁਰਜੀਤ ਕੌਰ ਦੀ ਮ੍ਰਿਤਕ ਦੇਹ ਮੈਡੀਕਲ ਖ਼ੋਜਾਂ ਲਈ ਦਾਨ



**ਮਾਨਸਾ (ਆਤਮਾ ਸਿੰਘ ਪਮਾਰ)**-ਤਰਕਸ਼ੀਲ ਸੁਸਾਇਟੀ ਜ਼ਿਲ੍ਹਾ ਮਾਨਸਾ ਦੇ ਸੀਨੀਅਰ ਆਗੂ ਲੱਖਾ ਸਿੰਘ ਸਹਾਰਨਾ ਦੀ ਅਗਵਾਈ ਹੇਠ ਮਾਨਸਾ ਵਿਖੇ ਮਾਤਾ ਸੁਰਜੀਤ ਕੌਰ (71) ਪਤਨੀ ਸਵ. ਅਧਿਆਪਕ ਸ. ਕੁਲਵੰਤ ਸਿੰਘ ਦੀ ਮ੍ਰਿਤਕ ਦੇਹ ਹਸਪਤਾਲ ਤੇ ਮੈਡੀਕਲ ਕਾਲਜ ਭੁੱਚੋ ਕਲਾਂ ਦੇ ਡਾਕਟਰਾਂ ਦੀ ਟੀਮ ਨੂੰ ਖ਼ੋਜ ਕਾਰਜਾਂ ਲਈ ਸੌਂਪ ਦਿੱਤੀ ਗਈ। ਜਾਣਕਾਰੀ ਅਨੁਸਾਰ ਮਾਤਾ ਸੁਰਜੀਤ ਕੌਰ ਪਿਛਲੇ ਕੁੱਝ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ।ਮਾਤਾ ਜੀ ਦੇ ਬਚਿਆਂ ਦੇ ਕਰ ਸਿੰਘ ਸੇਵਾ ਮੁਕਤ ਵੈਟਰਨਰੀ ਫਾਰਮਾਸਿਸਟ ਨੇ ਇਸ ਮੌਕੇ ਦੱਸਿਆ ਕਿ ਉਨ੍ਹਾਂ ਆਪਣਾ ਸਰੀਰ ਖੋਜ ਕਾਰਜਾਂ ਲਈ ਦੇਣ ਵਾਸਤੇ ਕਈ ਵਾਰ ਇੱਛਾ ਪ੍ਰਗਟ ਕਰ ਚੁੱਕੀ ਸੀ।ਇਸ ਲਈ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਧਿਆਨ ਹਿੱਤ ਰੱਖਦਿਆਂ ਹੀ ਸਮੁੱਚੇ ਪਰਿਵਾਰ ਦੀ ਸਹਿਮਤੀ ਨਾਲ ਇਹ ਫੈਸਲਾ ਲਿਆ ਗਿਆ ਹੈ।ਇਸ ਸਮੇਂ ਆਦੇਸ਼ ਹਸਪਤਾਲ ਦੇ ਐੱਮ ਡੀ ਕਰ ਰਹੇ ਡਾ. ਵਿਸ਼ਾਲ ਨੇ ਕਿਹਾ ਕਿ ਮੈਡੀਕਲ ਦੀ ਪੜ੍ਹਾਈ ਕਰ ਰਹੇ ਡਾਕਟਰਾਂ ਲਈ ਬਿਮਾਰੀਆਂ ਦੀ ਖੋਜ ਕਰਨ ਵਾਸਤੇ ਦਾਨ ਕੀਤੀਆਂ ਜਾਣ ਵਾਲੀਆਂ ਮ੍ਰਿਤਕ ਦੇਹਾਂ ਕਾਫੀ ਲਾਹੇਵੰਦ ਸਾਬਿਤ ਹੁੰਦੀਆਂ ਹਨ, ਜੋ ਭਵਿੱਖ 'ਚ ਮਰੀਜ਼ਾਂ ਦਾ ਸਹੀ ਇਲਾਜ ਕਰਨ ਸਮੇਂ ਕਾਰਗਰ ਸਿੱਧ ਹੁੰਦੀਆਂ ਹਨ।ਇਸ ਮੌਕੇ ਉਨ੍ਹਾਂ ਇਸ ਨੇਕ ਹਿਤੂ ਕਾਰਜ ਲਈ ਪਰਵਾਰ ਦਾ ਧੰਨਵਾਦ ਕੀਤਾ, ਉੱਥੇ ਨਾਲ ਹੀ ਤਰਕਸ਼ੀਲ ਸੁਸਾਇਟੀ ਮਾਨਸਾ ਦੇ ਆਗੂਆਂ ਦੀ ਅਜਿਹੇ ਸ਼ੁਭ ਕਾਰਜਾਂ ਦੀ ਸ਼ਲਾਘਾ ਕੀਤੀ।ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਪਿਛਾਖੜੀ ਸੋਚ ਨੂੰ ਤਿਆਗਦਿਆਂ ਇਸ ਮਨੁੱਖੀ ਭਲਾਈ ਦੇ ਕੰਮ ਵੱਲ ਵਿਸ਼ੇਸ਼ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।ਇਸ ਸਮੇਂ ਸਾਬਕਾ ਵਿਧਾਇਕ ਜਗਦੇਵ ਸਿੰਘ ਕਮਾਲੂ, ਮਿੰਨੂ ਸਿੰਘ ਕਾਹਨੇਕੇ, ਸਾਬਕਾ ਅਧਿਆਪਕ ਆਗੂ ਅੰਗਰੇਜ਼ ਸਿੰਘ, ਸੇਠੀ ਸਿੰਘ ਸਰਾਂ, ਇੰਸਪੈਕਟਰ ਬਾਦਸ਼ਾਹ ਸਿੰਘ, ਹਰਬੰਸ ਸਿੰਘ ਢਿੱਲੋਂ, ਹਰਗਿਆਨ ਸਿੰਘ ਢਿੱਲੋਂ, ਮਹਿੰਦਰ ਪਾਲ ਅਤਲਾ, ਆਤਮਾ ਸਿੰਘ ਪਮਾਰ, ਐਡਵੋਕੇਟ ਬਾਬੂ ਸਿੰਘ, ਤਰਕਸ਼ੀਲ ਆਗੂ ਗੁਰਦੀਪ ਸਿੰਘ ਸਿੱਧੂ, ਕ੍ਰਿਸ਼ਨ ਸਿੰਘ ਮਾਨਬੀਬੜੀਆਂ, ਡਾ. ਮੈਂਗਲ ਸਿੰਘ, ਦਰਸ਼ਨ ਸਿੰਘ ਚਹਿਲ ਤੇ ਭਗਵਾਨ ਸਿੰਘ ਰੱਲਾ ਤੋਂ ਇਲਾਵਾ ਵੱਡੀ ਗਿਣਤੀ ਰਿਸ਼ਤੇਦਾਰ ਤੇ ਮਿੱਤਰ-ਦੋਸਤ ਹਾਜ਼ਰ ਸਨ।

## ਸ਼੍ਰੋਮਣੀ ਅਕਾਲੀ ਦਲ ਨੇ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਲਈ ਮੀਟਿੰਗ ਬੁਲਾਈ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਨੇ ਸੰਗਰੂਰ ਜ਼ਿਲ੍ਹੇ ਵਿੱਚ ਆਪਣੀ ਚੋਣ ਤਿਆਰੀਆਂ ਨੂੰ ਹੋਰ ਤੇਜ਼ ਕਰ ਦਿੱਤਾ ਹੈ।ਇਸ ਸਬੰਧੀ ਮਹੱਤਵਪੂਰਨ ਮੀਟਿੰਗ 17 ਨਵੰਬਰ ਨੂੰ ਦੁਪਹਿਰ 3.00 ਵਜੇ ਨਾਨਕੀਆਣਾ ਸਾਹਿਬ ਗੁਰਦੁਆਰਾ ਵਿਖੇ ਬੁਲਾਈ ਗਈ ਹੈ।

ਮੀਟਿੰਗ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ ਕਰਨਗੇ। ਮੀਟਿੰਗ ਸੰਬੰਧੀ ਵਿਨਰਜੀਤ ਸਿੰਘ ਖੜਿਆਲ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਪਾਰਟੀ ਦੇ ਸੀਨੀਅਰ ਆਗੂ, ਹਲਕਾ ਇੰਚਾਰਜ ਸਾਹਿਬਾਨ, ਬੂਥ ਮੁਖੀ, ਪਿੰਡ ਪੱਧਰੀ ਲੀਡਰਸ਼ਿਪ ਸ਼ਿਰਕਤ ਕਰੇਗੀ।

ਉਨ੍ਹਾਂ ਕਿਹਾ ਕਿ ਤਰਨ ਤਾਰਨ ਦੀਆਂ ਜ਼ਿਮਨੀ ਚੋਣਾਂ 'ਚ ਮਿਲੇ ਭਰਵੇਂ ਸਮਰਥਨ ਨੇ ਪਾਰਟੀ ਦਾ ਮਨੋਬਲ ਹੋਰ ਉੱਚਾ ਕੀਤਾ ਹੈ ਤੇ ਇਸ ਉਤਸ਼ਾਹ ਦੇ ਆਧਾਰ 'ਤੇ ਸੰਗਰੂਰ ਦੀਆਂ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਡੀ ਜਿੱਤ ਦਰਜ ਕਰੇਗਾ।ਖੜਿਆਲ ਨੇ ਕਿਹਾ ਕਿ ਪਾਰਟੀ ਬੂਥ ਪੱਧਰ 'ਤੇ ਪੂਰੀ ਮਜ਼ਬੂਤੀ ਨਾਲ ਮੈਦਾਨ ਵਿੱਚ ਹੈ ਅਤੇ ਲੋਕਾਂ ਦੇ ਹਿੱਤਾਂ ਲਈ ਲੜਨ ਦਾ ਸਫ਼ਰ ਹੋਰ ਜ਼ੋਰ ਨਾਲ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਸਰਕਾਰ ਅਕਾਲੀ ਦਲ ਦੀ ਆਵਾਜ਼ ਨੂੰ ਪਰਚਿਆਂ ਨਾਲ ਦੱਬਣ ਦੀ ਕੋਸ਼ਿਸ਼ ਕਰ ਰਹੀ ਹੈ।

## ਝਾੜ ਸਾਹਿਬ ਕਾਲਜ ਵਿਖੇ ਪੁਸਤਕ ਰੀਵਿਊ ਕਰਵਾਇਆ



**ਸਮਰਾਲਾ (ਸੁਰਜੀਤ ਸਿੰਘ)**-ਸ੍ਰੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੇ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਡਾ. ਮਹੀਂਦਿਰ ਕੌਰ ਮੁੱਖੀ ਪੰਜਾਬੀ ਵਿਭਾਗ ਤੇ ਪ੍ਰੋ. ਜਸਵੀਰ ਕੌਰ ਦੀ ਅਗਵਾਈ ਹੇਠ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਲਾਇਬ੍ਰੇਰੀਅਨ ਦੀ ਹਾਜ਼ਰੀ ਵਿੱਚ ਪੁਸਤਕ ਰੀਵਿਊ ਕਰਵਾਇਆ ਗਿਆ।ਇਸ ਮੌਕੇ ਜਸਪ੍ਰੀਤ ਕੌਰ ਨੇ ਸਾਰੀਆਂ ਵਿਦਿਆਰਥਣਾਂ ਦੇ ਪੁਸਤਕ ਰੀਵਿਊ ਸੁਣ ਕੇ ਉਨ੍ਹਾਂ ਦੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਕਿਤਾਬਾਂ ਸਾਨੂੰ ਸਿਖਾਉਂਦੀਆਂ ਹਨ ਕਿ ਜੇ ਇਰਾਦੇ ਪੱਕੇ ਹੋਣ ਤਾਂ ਵਿਸ਼ਵਾਸ ਵੀ ਮਜ਼ਬੂਤ ਹੁੰਦੇ ਹਨ।ਐਮ ਏ ਭਾਗ ਪਹਿਲਾ ਤੇ ਦੂਜੇ ਦੀਆਂ ਵਿਦਿਆਰਥਣਾਂ ਅਰਸ਼ਦੀਪ ਕੌਰ ਨੇ 'ਰਾਣੀ ਕੋਕਲਾਂ' (ਕਪੂਰ ਸਿੰਘ ਘੁੰਮਣ), ਰਮਨਦੀਪ ਕੌਰ ਨੇ 'ਬੰਨਾਂ ਦਾ ਪਾਣੀ' (ਅਜਮੇਰ ਔਲਖ) ਤੇ ਪਰਮਜੀਤ ਕੌਰ ਨੇ 'ਲੋਹਾ ਕੁੱਟ' (ਬਲਵੰਤ ਗਾਰਗੀ) ਨਾਟਕਾਂ ਦੀ ਪੁਸਤਕ ਸਮੀਖਿਆ ਕੀਤੀ।ਸੰਗੀਤਾ ਤੇ ਨਵਦੀਪ ਕੌਰ ਨੇ 'ਜੁੱਗ ਬਦਲ ਗਿਆ' (ਸ. ਸੋਹਣ ਸਿੰਘ ਸੀਤਲ), ਜੋਤੀ ਤੇ ਹਰਪ੍ਰੀਤ ਕੌਰ 'ਪੂਰਨਮਾਸ਼ੀ' (ਜਸਵੰਤ ਸਿੰਘ ਕੰਵਲ), ਹਸਨਪ੍ਰੀਤ ਕੌਰ ਤੇ ਰਮਨਪ੍ਰੀਤ ਕੌਰ ਨੇ 'ਪਵਿੱਤਰ ਪਾਪੀ' (ਨਾਨਕ ਸਿੰਘ) ਨਾਵਲਾਂ ਦਾ ਪੁਸਤਕ ਰੀਵਿਊ ਕੀਤਾ।ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਦਿਆਰਥਣਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਕਿਤਾਬਾਂ ਪੜ੍ਹਨ ਨਾਲ ਸਾਡੇ ਵਿੱਚ ਬਹੁਤ ਸਾਰੇ ਨੈਤਿਕ ਗੁਣ ਵਿਕਸਤ ਹੁੰਦੇ ਹਨ ਤੇ ਸਾਨੂੰ ਇਤਿਹਾਸਕ ਪਿਛੋਕੜ, ਸਮਾਜਿਕ ਸਥਿਤੀ ਬਾਰੇ ਗਿਆਨ ਹੁੰਦਾ ਹੈ।ਕਿਤਾਬਾਂ ਮਨੁੱਖ ਦੀਆਂ ਸਭ ਤੋਂ ਚੰਗੀਆਂ ਦੋਸਤ ਹੁੰਦੀਆਂ ਹਨ, ਜੋ ਹਮੇਸ਼ਾ ਮਾਰਗਦਰਸ਼ਨ ਕਰਦੀਆਂ ਹਨ।ਉਨ੍ਹਾਂ ਵਿਦਿਆਰਥਣਾਂ ਨੂੰ ਲਾਇਬ੍ਰੇਰੀ ਵਿੱਚ ਜਾਣ ਤੇ ਕਿਤਾਬਾਂ ਪੜ੍ਹਨ ਬਾਰੇ ਪ੍ਰੇਰਿਤ ਕੀਤਾ।ਇਸ ਮੌਕੇ ਮਿਸ ਸ਼ਹਿਨਾਜ਼ (ਅੰਗਰੇਜ਼ੀ ਵਿਭਾਗ) ਮੌਜੂਦ ਸਨ।

## ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਦਮਦਮੀ ਟਕਸਾਲ ਦੇ ਬਾਨੀ ਧੰਨ ਧੰਨ ਬਾਬਾ ਦੀਪ ਸਿੰਘ ਜੀ ਦਾ 35ਵਾਂ ਮਹਾਨ ਸ਼ਹੀਦੀ ਦਿਹਾੜਾ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਈ ਹਾਕਮ ਸਿੰਘ ਮਖੂ ਗੇਟ ਫਿਰੋਜ਼ਪੁਰ ਸ਼ਹਿਰ ਤੇ ਇਲਾਕੇ ਭਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਅਖੰਡ ਪਾਠਾਂ ਦੀ ਚੱਲੀ ਲੜੀ ਪ੍ਰਭਾਤ ਫੇਰੀਆਂ ਤੇ ਵਿਸ਼ਾਲ ਨਗਰ ਕੀਰਤਨ ਤੋਂ ਬਾਅਦ ਅੱਜ ਇਸ ਸ਼ਹੀਦੀ ਦਿਹਾੜੇ ਦਾ ਮੁੱਖ ਸਮਾਗਮ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ, ਜਿਸ ਵਿੱਚ ਸਵੇਰ ਤੇ ਰਾਤ ਦੇ ਦੀਵਾਨ ਸਜਾਏ ਗਏ। ਸਜੇ ਦੀਵਾਨਾਂ ਵਿੱਚ ਜਿੱਥੇ ਭਾਈ ਗੁਰਮੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲੇ, ਭਾਈ ਸਲਵਿੰਦਰ ਸਿੰਘ ਤੇ ਭਾਈ ਰਣਜੀਤ ਸਿੰਘ ਦੇ ਜਥਿਆਂ ਨੇ ਆਪਣੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ, ਉਥੇ ਪੰਥ ਦਾ ਪ੍ਰਸਿੱਧ ਢਾਡੀ ਜਥਾ ਲਖਵੀਰ ਸਿੰਘ ਕੋਮਲ ਅੰਮ੍ਰਿਤਸਰ ਵਾਲਿਆਂ ਨੇ ਢਾਡੀ ਵਾਰਾਂ ਰਾਹੀਂ ਜੋਸ਼ੀਲੇ ਅੰਦਾਜ਼ ਵਿੱਚ ਬਾਬਾ ਜੀ ਦੀ ਜੀਵਨੀ ਤੇ ਸ਼ਹਾਦਤ ਦੇ ਇਤਿਹਾਸ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ। ਗੁਰੂ ਕੇ ਲੰਗਰ ਤੇ ਦੁੱਧ ਚਾਹ ਦੇ ਲੰਗਰ ਅਤੁੱਟ ਵਰਤਾਏ ਗਏ।

## ਪੀ ਜੀ ਆਈ ਵੱਲੋਂ ਵਿਸ਼ਵ ਸ਼ੂਗਰ ਦਿਵਸ ਮੌਕੇ ਜਾਗਰੂਕਤਾ ਪ੍ਰੋਗਰਾਮ



**ਸਮਰਾਲਾ (ਸੁਰਜੀਤ ਸਿੰਘ)**-ਵਿਸ਼ਵ ਸ਼ੂਗਰ ਦਿਵਸ ਮੌਕੇ 'ਐਸੋਸੀਏਸ਼ਨ ਆਫ਼ ਡਾਇਬਟੀਜ਼ (ਯੰਗ) ਇਨ ਟ੍ਰਾਈਸਿਟੀ' ਤੇ 'ਰਿਸਰਚ ਸੋਸਾਇਟੀ ਫਾਰ ਦਿ ਸਟਡੀ ਆਫ਼ ਡਾਇਬਟੀਜ਼ ਇਨ ਇੰਡੀਆ' ਦੇ ਸਹਿਯੋਗ ਨਾਲ ਪੀਜੀਆਈ ਚੰਡੀਗੜ੍ਹ ਦੇ ਐਂਡੋਕ੍ਰਾਈਨੋਲੋਜੀ ਵਿਭਾਗ ਨੇ ਨਵੇਂ ਓਪੀਡੀ ਬਲਾਕ ਵਿੱਚ ਡਾਇਬਟੀਜ਼ ਨਾਲ ਜੀ ਰਹੇ ਮਰੀਜ਼ਾਂ ਲਈ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਕਰਵਾਇਆ।ਪੀਜੀਆਈ ਦੇ ਮਾਹਰ ਡਾਕਟਰਾਂ ਨੇ ਡਾਇਬਟੀਜ਼ ਨੂੰ ਹੁਣ ਇੱਕ ਵਿਸ਼ਵ-ਵਿਆਪੀ ਮਹਾਂਮਾਰੀ ਕਰਾਰ ਦਿੱਤਾ।ਡਾਕਟਰਾਂ ਅਨੁਸਾਰ ਇੰਟਰਨੈਸ਼ਨਲ ਡਾਇਬਟੀਜ਼ ਫੈਡਰੇਸ਼ਨ ਦੇ ਤਾਜ਼ਾ ਅਨੁਮਾਨਾਂ ਅਨੁਸਾਰ ਦੁਨੀਆ ਵਿੱਚ ਹਰ 10 ਵਿੱਚੋਂ 1 ਵਿਅਕਤੀ ਡਾਇਬਟੀਜ਼ ਨਾਲ ਪੀੜਤ ਹੈ।ਭਾਰਤ ਵਿੱਚ ਹੀ 7.7 ਕਰੋੜ ਲੋਕ ਡਾਇਬਟੀਜ਼ ਨਾਲ ਜੀ ਰਹੇ ਹਨ।2045 ਤੱਕ ਇਹ ਆਕੜਾ 13.4 ਕਰੋੜ ਹੋਣ ਦੀ ਸੰਭਾਵਨਾ ਹੈ।ਡਾਇਬਟੀਜ਼ ਇਕ ਮੈਟਾਬੋਲਿਕ ਬਿਮਾਰੀ ਹੈ, ਜਿਸ ਵਿੱਚ ਸਰੀਰ ਖ਼ੂਨ ਵਿੱਚ ਸ਼ੂਗਰ ਦੇ ਪੱਧਰ ਨੂੰ ਨਿਯੰਤਰਤ ਕਰਨ ਵਿੱਚ ਅਸਮਰੱਥ ਹੋ ਜਾਂਦਾ ਹੈ।ਗਲੂਕੋਜ਼, ਜੋ ਸਰੀਰ ਦੀ ਊਰਜਾ ਦਾ ਮੁੱਖ ਸਰੋਤ ਹੈ, ਉਸ ਨੂੰ ਇੰਸੁਲਿਨ, ਜੋ ਪੈਂਕਰੀਅਜ਼ ਦੁਆਰਾ ਬਣਦਾ ਹੈ, ਨਿਯੰਤਰਤ ਕਰਦਾ ਹੈ।ਜਦੋਂ ਸਰੀਰ ਇੰਸੁਲਿਨ ਦੀ ਕਮੀ ਕਰਦਾ ਹੈ ਜਾਂ ਸਰੀਰ ਉਸ ਦੀ ਵਰਤੋਂ ਢੰਗ ਨਾਲ ਨਹੀਂ ਕਰ ਪਾਉਂਦਾ, ਤਾਂ ਖ਼ੂਨ ਵਿੱਚ ਗਲੂਕੋਜ਼ ਦੀ ਮਾਤਰਾ ਵੱਧ ਜਾਂਦੀ ਹੈ।ਲਗਾਤਾਰ ਵੱਧ ਰਹੀ ਸ਼ੂਗਰ ਦਿਲ, ਗੁਰਦੇ, ਅੱਖਾਂ ਤੇ ਨਰਵਸ ਪ੍ਰਣਾਲੀ ਨੂੰ ਨੁਕਸਾਨ ਪਹੁੰਚਾਉਂਦੀ ਹੈ। ਡਾਇਬਟੀਜ਼ ਜੈਨੇਟਿਕ, ਵਾਤਾਵਰਣਕ ਤੇ ਜੀਵਨ ਸ਼ੈਲੀ ਦੇ ਮਿਲੇ-ਜੁਲੇ ਪ੍ਰਭਾਵਾਂ ਨਾਲ ਹੁੰਦੀ ਹੈ। ਨਿਯਮਤ ਜਾਂਚ, ਸਮੇਂ-ਸਿਰ ਇਲਾਜ ਤੇ ਸਿਹਤਮੰਦ ਜੀਵਨ ਸ਼ੈਲੀ ਨਾਲ ਇਸ ਨੂੰ ਕਾਬੂ ਕੀਤਾ ਜਾ ਸਕਦਾ ਹੈ।ਡਾ. ਸੰਜੇ ਕੇ. ਭਡਾਨਾ ਪ੍ਰੋਫੈਸਰ ਤੇ ਹੈੱਡ ਐਂਡੋਕ੍ਰਾਈਨੋਲੋਜੀ ਵਿਭਾਗ ਦੀ ਅਗਵਾਈ ਹੇਠ ਵਿਭਾਗ ਵੱਲੋਂ ਓਪੀਡੀ ਵਿੱਚ ਖੁੱਲ੍ਹਾ ਸੰਵਾਦ ਸੈਸ਼ਨ ਕਰਵਾਇਆ ਗਿਆ, ਜਿਸ ਵਿੱਚ ਡਾਕਟਰਾਂ ਨੇ ਡਾਇਬਟੀਜ਼ ਨਾਲ ਸਬੰਧਤ ਵੱਖ-ਵੱਖ ਪੱਖਾਂ ਬਾਰੇ ਮਰੀਜ਼ਾਂ ਨਾਲ ਚਰਚਾ ਕੀਤੀ।

ਇਸ ਮੌਕੇ ਡਾ. ਸੰਜੈ ਭਡਾਣਾ ਤੋਂ ਇਲਾਵਾ ਡਾ. ਲਿੰਟਾ ਥਾਮਸ, ਡਾ. ਬੈਂਜਾਮਿਨ, ਡਾ. ਸੁਨੀਲ ਮਿਸ਼ਰਾ, ਡਾ. ਪ੍ਰਭਾਤ ਰਿਜਾਲ, ਡਾ. ਵਰੁਣ, ਡਾ. ਸੋਹਮ ਮੁਖਰਜੀ ਤੇ ਨਰਸਿੰਗ ਅਫਸਰ ਸਬਪ੍ਰੀਤ ਕੌਰ ਨੇ ਵੀ ਆਪਣੇ ਵਿਚਾਰ ਰੱਖੇ।ਸੰਵਾਦ ਸੈਸ਼ਨ ਤੋਂ ਬਾਅਦ ਮਰੀਜ਼ਾਂ ਨਾਲ ਇੰਟਰੈਕਸ਼ਨ ਕੀਤਾ ਗਿਆ, ਜਿਸ ਵਿੱਚ ਡਾਕਟਰਾਂ ਨੇ ਮਰੀਜ਼ਾਂ ਦੇ ਸਵਾਲਾਂ ਦੇ ਜਵਾਬ ਦਿੱਤੇ।ਮਰੀਜ਼ਾਂ ਦੀ ਭਾਗੀਦਾਰੀ ਉਤਸ਼ਾਹਜਨਕ ਰਹੀ।ਡਾ. ਸੰਜੇ ਕੇ. ਭਡਾਨਾ ਤੇ ਆਯੋਜਕ ਟੀਮ ਨੇ ਮਰੀਜ਼ਾਂ ਦਾ ਉਨ੍ਹਾਂ ਦੀ ਰਚਨਾਤਮਕ ਭਾਗੀਦਾਰੀ ਲਈ ਧੰਨਵਾਦ ਕੀਤਾ।

## ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਵਿਖੇ ਬਾਲ ਦਿਵਸ ਮਨਾਇਆ



**ਲੌਂਗੋਵਾਲ (ਪ੍ਰਦੀਪ ਸੱਪਲ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਸ਼ਹੀਦ ਭਾਈ ਦਿਆਲਾ ਜੀ ਪਬਲਿਕ ਸਕੂਲ ਲੌਂਗੋਵਾਲ ਵਿਖੇ ਬਾਲ ਦਿਵਸ ਮਨਾਇਆ ਗਿਆ, ਜਿਸ ਵਿੱਚ ਨਰਸਰੀ ਤੇ ਕਿੰਡਰ ਗਾਰਡਨ ਕਲਾਸ ਦੇ ਲਗਭਗ 180 ਬੱਚਿਆਂ ਨੇ ਭਾਗ ਲਿਆ।ਇਸ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨੇ ਵੀ ਬੜੇ ਉਤਸ਼ਾਹ ਨਾਲ ਸ਼ਿਰਕਤ ਕੀਤੀ।ਇਸ ਸਮਾਗਮ ਵਿੱਚ ਮੈਡਮ ਹਰਸ਼ਮਿੰਦਰ ਕੌਰ ਤੇ ਮੈਡਮ ਕੁਲਵੀਰ ਕੌਰ ਨੇ ਬਤੌਰ ਜੱਜ ਸੇਵਾ ਨਿਭਾਈ।ਇਨ੍ਹਾਂ ਮੁਕਾਬਲਿਆਂ ਵਿੱਚ ਨਰਸਰੀ ਜਮਾਤ ਵਿੱਚੋਂ ਪਹਿਲੀ ਪੁਜ਼ੀਸ਼ਨ ਤੇਗਵੀਰ ਸਿੰਘ, ਪ੍ਰਨੀਤ ਕੌਰ ਸ਼ੇਰੋਂ ਤੇ ਕੁਦਰਤਵੀਰ ਕੌਰ ਨੇ ਹਾਸਲ ਕੀਤੀ, ਜਦਕਿ ਦੂਸਰੀ ਪੁਜ਼ੀਸ਼ਨ ਗੁਰਜੋਤ ਕੌਰ, ਹਰਗੁਣ ਸਿੰਘ ਢੀਂਡਸਾ ਤੇ ਗੁਨਰੀਤ ਕੌਰ ਨੇ ਹਾਸਲ ਕੀਤੀ ਅਤੇ ਤੀਸਰੀ ਪੁਜ਼ੀਸ਼ਨ ਸੁੱਖਪ੍ਰੀਤ ਕੌਰ, ਕੁਲਰੀਤ ਕੌਰ ਤੇ ਖੁਸ਼ਵੀਰ ਸਿੰਘ ਨੇ ਹਾਸਲ ਕੀਤੀ।ਇਸੇ ਤਰ੍ਹਾਂ ਐੱਲ.ਕੇ.ਜੀ. ਵਿੱਚੋਂ ਪਹਿਲੀ ਪੁਜ਼ੀਸ਼ਨ ਅਸ਼ਮੀਤ ਕੌਰ, ਰਣਪ੍ਰੀਤ ਸਿੰਘ ਤੇ ਜੈਵਿਕਾ ਨੇ ਪ੍ਰਾਪਤ ਕੀਤੀ, ਦੂਸਰੀ ਪੁਜ਼ੀਸ਼ਨ ਰਿਆਨ, ਗੁਰਲੀਨ ਕੌਰ ਤੇ ਅਵਨੂਰ ਕੌਰ ਨੇ ਪ੍ਰਾਪਤ ਕੀਤੀ ਅਤੇ ਤੀਸਰੀ ਪੁਜ਼ੀਸ਼ਨ ਗੁਨਰੀਤ ਕੌਰ, ਸਾਹਿਬਜੋਤ ਸਿੰਘ ਤੇ ਅਵਨੀਤ ਕੌਰ ਨੇ ਪ੍ਰਾਪਤ ਕੀਤੀ।ਇਸ ਤੋਂ ਇਲਾਵਾ ਨਿਮਰਤ ਕੌਰ, ਜਸ਼ਨਜੋਤ ਕੌਰ, ਮਨਵੀਰ ਸਿੰਘ, ਮਨਰਾਜ ਕੌਰ, ਵੀਰ ਅੰਸ਼, ਗੁਰਸ਼ਾਨ ਸਿੰਘ ਖਹਿਰਾ, ਅਗਮਬੀਰ ਸਿੰਘ ਦੁੱਲਟ, ਅੰਸ਼ਪ੍ਰੀਤ ਸਿੰਘ, ਅਵਨੀਤ ਕੌਰ, ਮਹਿਰਾਬ ਸਿੰਘ ਖਹਿਰਾ, ਗੁਰਅਸੀਸ ਕੌਰ ਤੇ ਪਰਮਵੀਰ ਸਿੰਘ ਨੇ ਹੌਂਸਲਾ ਅਫਜ਼ਾਈ ਇਨਾਮ ਪ੍ਰਾਪਤ ਕੀਤੇ।ਇਸ ਮੁਕਾਬਲੇ ਦੇ ਜੇਤੂਆਂ ਨੂੰ ਸਕੂਲ ਪ੍ਰਿੰਸੀਪਲ ਨਰਪਿੰਦਰ ਸਿੰਘ ਢਿੱਲੋਂ ਤੇ ਵਾਈਸ ਪ੍ਰਿੰਸੀਪਲ ਸੀਮਾ ਠਾਕੁਰ ਨੇ ਬੱਚਿਆਂ ਨੂੰ ਇਨਾਮ ਵੰਡੇ।ਇਸ ਮੌਕੇ ਸਮੂਹ ਸਟਾਫ ਤੇ ਮਾਪੇ ਹਾਜ਼ਰ ਸਨ।

## ਜ਼ਿਲ੍ਹਾ ਪ੍ਰਧਾਨ ਕਾਲਾ ਢਿੱਲੋਂ ਦਾ ਸਨਮਾਨ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਪ੍ਰਦੇਸ਼ ਕਾਂਗਰਸ ਦੇ ਐੱਸ.ਸੀ. ਵਿੰਗ ਬਲਾਕ ਮਹਿਲ ਕਲਾਂ ਦੇ ਸੀਨੀਅਰ ਆਗੂ ਪ੍ਰਕਾਸ਼ ਸਿੰਘ ਸਹਿਜੜਾ ਦੀ ਅਗਵਾਈ ਹੇਠ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੂੰ ਦੂਜੀ ਵਾਰ ਕਾਂਗਰਸ ਦਾ ਜ਼ਿਲ੍ਹਾ ਪ੍ਰਧਾਨ ਬਣਾਉਣ ਦੇ ਫ਼ੈਸਲੇ ਤੇ ਖੁਸ਼ੀ ਦਾ ਇਜ਼ਹਾਰ ਕਰਦਿਆ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਵਿਧਾਇਕ ਕਾਲਾ ਢਿੱਲੋਂ ਨੇ ਆਗੂ ਪ੍ਰਕਾਸ਼ ਸਿੰਘ ਸਹਿਜੜਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿਮਨੀ ਚੋਣ ਦੌਰਾਨ ਇਨ੍ਹਾਂ ਦਿਨ-ਰਾਤ ਇੱਕ ਕਰਕੇ ਸਾਥ ਦਿੱਤਾ ਸੀ, ਜਿਸ ਨੂੰ ਉਹ ਕਦੇ ਨਹੀਂ ਭੁੱਲ ਸਕਦੇ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ 'ਚ ਜਦੋਂ ਪੰਜਾਬ ਵਿੱਚ ਕਾਂਗਰਸ ਦੀ ਸਰਕਾਰ ਬਣੇਗੀ ਤਾਂ ਪ੍ਰਕਾਸ਼ ਸਿੰਘ ਸਹਿਜੜਾ ਵਰਗੇ ਸਮਰਪਿਤ ਵਰਕਰਾਂ ਨੂੰ ਬਣਦਾ ਮਾਣ, ਸਤਿਕਾਰ ਦਿੱਤਾ ਜਾਵੇਗਾ।

## ਵਿਸ਼ਵ ਮੈਡੀਕਲ ਫਿਜ਼ੀਕਸ ਦਿਵਸ ਮੌਕੇ ਕੈਂਸਰ ਵਿਭਾਗ ਵੱਲੋਂ ਜਾਗਰੂਕਤਾ ਸੈਮੀਨਾਰ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਵਿਸ਼ਵ ਮੈਡੀਕਲ ਫਿਜ਼ਿਕਸ ਦਿਵਸ ਨੂੰ ਸਮਰਪਤ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਵਾਇਸ ਚਾਂਸਲਰ ਪ੍ਰੋਫੈਸਰ ਡਾ. ਰਾਜੀਵ ਸੂਦ (ਡਾ. ਬੀ. ਸੀ. ਰਾਇ ਐਵਾਰਡੀ) ਦੀ ਅਗਵਾਈ ਹੇਠ ਕੈਂਸਰ ਵਿਭਾਗ ਵੱਲੋਂ ਇੱਕ ਜਾਗਰੂਕਤਾ ਸੈਮੀਨਾਰ ਕੀਤਾ ਗਿਆ। ਇਸ ਮੌਕੇ ਡਾ. ਪ੍ਰਦੀਪ ਗਰਗ (ਪ੍ਰੋਫੈਸਰ ਤੇ ਮੁੱਖੀ, ਰੇਡੀਏਸ਼ਨ ਆਨਕਾਲੋਜੀ ਵਿਭਾਗ), ਡਾ. ਰੋਮੀ ਕਾਂਤ ਗਰੋਵਰ ਤੇ ਹੋਰ ਮਾਹਰਾਂ ਸਮੇਤ ਮੈਡੀਕਲ ਫਿਜ਼ਿਕਸ ਦੇ ਸਮੂਹ ਫਕੈਲਟੀ ਮੈਂਬਰ ਡਾ. ਰਾਹੁਲ ਸ਼ੁਕਲਾ, ਡਾ. ਗੁਰਪ੍ਰੀਤ ਕੌਰ, ਡਾ. ਗਰਿਮਾ ਗੌਰ ਤੇ ਹੋਰ ਮੈਂਬਰ ਹਾਜ਼ਰ ਸਨ।ਸੈਮੀਨਾਰ ਦਾ ਮੁੱਖ ਉਦੇਸ਼ ਮੈਡੀਕਲ ਵਿਦਿਆਰਥੀਆਂ, ਬੀ ਐੱਸ ਸੀ ਵਿਦਿਆਰਥੀਆਂ ਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਨੂੰ ਮੈਡੀਕਲ ਫਿਜ਼ਿਕਸ ਦੇ ਵੱਖ-ਵੱਖ ਪਹਿਲੂਆਂ ਬਾਰੇ ਜਾਗਰੂਕ ਕਰਨਾ ਸੀ।ਡਾ. ਗੁਰਪ੍ਰੀਤ ਕੌਰ ਨੇ ਆਏ ਪਤਵੰਤੇ ਸੱਜਣਾਂ ਨੂੰ 'ਜੀ ਆਇਆਂ' ਕਹਿੰਦੇ ਹੋਏ ਆਮ ਜ਼ਿੰਦਗੀ ਵਿੱਚ ਬਚਪਨ ਤੋਂ ਬੁਢਾਪੇ ਤੱਕ ਦੇ ਸਫ਼ਰ ਵਿੱਚ ਫਿਜ਼ਿਕਸ ਦੀ ਭੂਮਿਕਾ ਬਾਰੇ ਚਾਨਣਾ ਪਾਇਆ।ਡਾ. ਰਾਹੁਲ ਸ਼ੁਕਲਾ ਨੇ ਬਾਰਵੀਂ ਤੋਂ ਬਾਅਦ ਇਸ ਵਿਸ਼ੇ ਵਿੱਚ ਪੜ੍ਹਾਈ ਕਰਨ ਨਾਲ ਮਿਲਣ ਵਾਲੇ ਨੌਕਰੀ ਦੇ ਮੌਕਿਆਂ ਤੇ ਫਾਇਦਿਆਂ ਬਾਰੇ ਜਾਣਕਾਰੀ ਦਿੱਤੀ।ਡਾ. ਅਮਿਤ ਜੋਸ਼ੀ ਨੇ ਰੇਡੀਓਥਰੈਪੀ ਦੇ ਭੌਤਿਕ ਨਿਯਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਰੇਡੀਓਐਕਟਿਵ ਸਮੱਗਰੀ ਦੀ ਸਾਂਭ-ਸੰਭਾਲ, ਇਸ ਵਿੱਚੋਂ ਨਿਕਲਣ ਵਾਲੀਆਂ ਕਿਰਨਾਂ ਦੇ ਮੈਡੀਕਲ ਉਪਯੋਗਾਂ ਤੇ ਨੁਕਸਾਨਾਂ ਬਾਰੇ ਦੱਸਿਆ।ਡਾ. ਗਰਿਮਾ ਗੌਰ ਨੇ ਮਨੁੱਖੀ ਜੀਵਨ ਵਿੱਚ ਰੇਡੀਓਐਕਟਿਵ ਕਿਰਨਾਂ ਨਾਲ ਮੈਡੀਕਲ ਇਲਾਜ ਤੇ ਮਸ਼ੀਨਾਂ ਦੇ ਕੁਆਲਿਟੀ ਚੈੱਕ ਬਾਰੇ ਚਰਚਾ ਕੀਤੀ।ਸ਼ਰਨਦੀਪ ਸਿੰਘ ਨੇ ਭਵਿੱਖ ਵਿੱਚ ਕੈਂਸਰ ਦੇ ਇਲਾਜ ਵਿੱਚ ਪ੍ਰੋਟੋਨ ਤੇ ਕਾਰਬਨ ਥਰੈਪੀ ਦੇ ਵਧਦੇ ਯੋਗਦਾਨ ਬਾਰੇ ਜਾਣਕਾਰੀ ਸਾਂਝੀ ਕੀਤੀ।ਮਿਸ ਕੰਵਰਪਾਲ ਕੌਰ ਨੇ ਬੱਚਿਆਂ ਨੂੰ ਫਲੈਸ਼ ਥਰੈਪੀ ਬਾਰੇ ਜਾਣਕਾਰੀ ਦਿੱਤੀ।ਡਾ. ਰੋਮੀ ਕਾਂਤ ਗਰੋਵਰ ਨੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫ਼ਰੀਦਕੋਟ ਵਿਖੇ ਕੈਂਸਰ ਦੇ ਇਲਾਜ ਲਈ ਉਪਲਬਧ ਮਸ਼ੀਨਾਂ ਬਾਰੇ ਵਿਸਥਾਰ ਨਾਲ ਦੱਸਿਆ ਤੇ ਕੈਂਸਰ ਵਿਭਾਗ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ।ਅੰਤ ਵਿੱਚ ਡਾ. ਪ੍ਰਦੀਪ ਗਰਗ ਨੇ ਸਮੂਹ ਸਟਾਫ਼ ਦਾ ਕੈਂਸਰ ਵਿਭਾਗ ਨੂੰ ਪ੍ਰਮੁੱਖਤਾ ਨਾਲ ਚਲਾਉਣ ਲਈ ਧੰਨਵਾਦ ਕੀਤਾ।ਇਸ ਮੌਕੇ ਵਿਭਾਗ ਦੇ ਡਾ. ਸਿਮਰਨਦੀਪ ਸਿੰਘ, ਡਾ. ਸ਼ਿਪਰਾ ਗਰਗ, ਡਾ. ਸਰਬਜੋਤ ਕੌਰ, ਡਾ. ਕੁਮਾਰੀ ਪੂਨਮ ਤੇ ਸਮੂਹ ਰੇਡੀਓਥਰੈਪੀ ਟੈਕਨੀਸ਼ੀਅਨ ਅਫ਼ਸਰ ਹਾਜ਼ਰ ਸਨ।

## ਚੱਕ ਸੈਦੋਕੇ ਸਕੂਲ 'ਚ ਬਾਲ ਦਿਵਸ ਮਨਾਇਆ



**ਜਲਾਲਾਬਾਦ (ਜੀਤ ਕੁਮਾਰ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ ਬੀਤੇ ਦਿਨ ਸਕੂਲ ਪ੍ਰਿੰਸੀਪਲ ਅਨੀਤਾ ਰਾਣੀ ਦੀ ਦੇਖ-ਰੇਖ ਹੇਠ ਬਾਲ ਦਿਵਸ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਗਤੀਵਿਧੀਆਂ ਪੇਸ਼ ਕੀਤੇ ਗਏ।, ਜਿਸ ਵਿੱਚ ਗਿੱਧਾ, ਭੰਗੜਾ, ਫੋਕ ਡਾਂਸ ਤੇ ਕਵਿਤਾਵਾਂ ਦਾ ਉਚਾਰਨ ਕੀਤਾ ਗਿਆ। ਅਧਿਆਪਕਾਂ ਵੱਲੋਂ ਵੀ ਵਿਦਿਆਰਥੀਆਂ ਨੂੰ ਜ਼ਿੰਦਗੀ 'ਚ ਅਗਾਂਹਵਧੂ ਵਿਚਾਰ ਦੇ ਕੇ ਬਾਲ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ। ਪ੍ਰਿੰਸੀਪਲ ਅਨੀਤਾ ਰਾਣੀ ਵੱਲੋਂ ਵੀ ਵਿਦਿਆਰਥੀਆਂ ਨੂੰ ਬਾਲ ਦਿਵਸ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ ਗਈਆਂ।

## ਚੇਅਰਮੈਨ ਹਡਾਣਾ ਨੇ 4 ਕਰੋੜ 18 ਲੱਖ ਦੇ ਵਿਕਾਸ ਕਾਰਜਾਂ ਦਾ ਰੱਖਿਆ ਨੀਂਹ ਪੱਥਰ



**ਸਨੌਰ/ਦੇਵੀਗੜ੍ਹ/ਬਲਬੇੜਾ (ਰਾਜਿੰਦਰ ਸਿੰਘ ਥਿੰਦ)**-ਹਲਕਾ ਸਨੌਰ ਨੂੰ ਤਰੱਕੀ ਦੇ ਰਾਹ ਲਿਜਾਣ ਲਈ ਵਿਕਾਸ ਕਾਰਜਾਂ ਨੂੰ ਹੋਰ ਮਜ਼ਬੂਤੀ ਦਿੰਦਿਆਂ ਹਲਕਾ ਇੰਚਾਰਜ ਰਣਜੋਧ ਸਿੰਘ ਹਡਾਣਾ ਨੇ ਦਿਨ ਭਰ ਦੇ ਦੌਰੇ ਦੌਰਾਨ ਕਈ ਵੱਡੇ ਵਿਕਾਸ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ।ਕੁੱਲ 4 ਕਰੋੜ 18 ਲੱਖ ਰੁਪਏ ਦੀ ਲਾਗਤ ਨਾਲ ਇਹ ਕਾਰਜ ਇਲਾਕੇ ਦੀਆਂ ਸੜਕਾਂ, ਖੇਡ ਸਹੂਲਤਾਂ ਤੇ ਸਿਹਤ ਢਾਂਚੇ ਵਿੱਚ ਵੱਡਾ ਸੁਧਾਰ ਲਿਆਉਣਗੇ।ਉਨ੍ਹਾਂ ਸਭ ਤੋਂ ਪਹਿਲਾਂ ਬਲਬੇੜਾ-ਨੌਗਾਵਾਂ ਰੋਡ ਤੋਂ ਕਰਤਾਰਪੁਰ ਤੱਕ ਤੇ ਪਟਿਆਲਾ-ਗੁਹਲਾ ਰੋਡ ਤੋਂ ਪੰਜੋਲਾ ਤੱਕ ਜਾਣ ਵਾਲੀਆਂ ਦੋ ਅਹਿਮ ਸੜਕਾਂ ਦਾ ਨੀਂਹ ਪੱਥਰ ਰੱਖਿਆ ਗਿਆ।ਇਹ ਸੜਕਾਂ ਕਈ ਪਿੰਡਾਂ ਨੂੰ ਸਿੱਧੀ ਜੋੜਨਗੀਆਂ ਤੇ ਆਵਾਜਾਈ ਨੂੰ ਸੁਖਮ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ।ਹਡਾਣਾ ਨੇ ਕਿਹਾ ਕਿ ਆਵਾਜਾਈ ਦੇ ਮਜ਼ਬੂਤ ਜਾਲ ਨਾਲ ਇਲਾਕੇ ਵਿੱਚ ਸਿੱਖਿਆ, ਖੇਤੀਬਾੜੀ ਤੇ ਰੁਜ਼ਗਾਰ ਦੇ ਮੌਕੇ ਹੋਰ ਵਧਣਗੇ।ਇਸ ਤੋਂ ਬਾਅਦ ਪੰਜੋਲਾ, ਬਲਬੇੜਾ, ਨਨਾਣਸੂ, ਭੁਨਰਹੇੜੀ ਤੇ ਮਿਹੋਣ ਪਿੰਡਾਂ ਵਿੱਚ ਖੇਡ ਗਰਾਉਂਡਾਂ ਦਾ ਨੀਂਹ ਪੱਥਰ ਰੱਖਿਆ ਗਿਆ।ਇਹ ਗਰਾਊਂਡ ਨੌਜਵਾਨਾਂ ਲਈ ਕਬੱਡੀ, ਵਾਲੀਬਾਲ, ਅਥਲੈਟਿਕਸ ਤੇ ਹੋਰ ਖੇਡਾਂ ਲਈ ਆਧੁਨਿਕ ਸਹੂਲਤਾਂ ਨਾਲ ਤਿਆਰ ਕੀਤੇ ਜਾਣਗੇ।ਭਾਖਰ 'ਚ ਇੱਕ ਨਵੀਂ ਡਿਸਪੈਂਸਰੀ ਦਾ ਨੀਂਹ ਪੱਥਰ ਵੀ ਰੱਖਿਆ ਗਿਆ, ਜੋ ਪਿੰਡ ਦੇ ਵਸਨੀਕਾਂ ਨੂੰ ਪਹਿਲ ਦੇ ਆਧਾਰ 'ਤੇ ਸਿਹਤ ਸਹੂਲਤ ਉਪਲਬਧ ਕਰਾਏਗੀ।ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਉਹ ਦੋ ਖੇਤਰ ਹਨ, ਜਿਨ੍ਹਾਂ ਨੂੰ ਸਰਕਾਰ ਵੱਲੋਂ ਸਭ ਤੋਂ ਵੱਧ ਤਰਜ਼ੀਹ ਦਿੱਤੀ ਜਾ ਰਹੀ ਹੈ।

## ਦਸਮੇਸ਼ ਗਲੋਰੀਅਸ ਸਕੂਲ ਦੀ ਐਥਲੈਟਿਕ ਮੀਟ ਸਫਲਤਾਪੂਰਵਕ ਸੰਪੰਨ



**ਕੋਟਕਪੂਰਾ (ਰਛਪਾਲ ਭੁੱਲਰ)**

ਦਸਮੇਸ਼ ਗਲੋਰੀਅਸ ਪਬਲਿਕ ਸਕੂਲ ਹਰੀ ਨੌਂ ਨੇ ਬਾਲ ਦਿਵਸ ਨੂੰ ਸਮਰਪਤ ਦੂਸਰੀ ਐਥਲੈਟਿਕਸ ਮੀਟ ਕਰਵਾਈ।ਪ੍ਰੋਗਰਾਮ ਦੀ ਸ਼ੁਰੂਆਤ ਦਸਮੇਸ਼ ਪਿਤਾ ਅੱਗੇ ਨਤਮਸਕਤ ਹੋ ਕੇ ਕੀਤੀ।ਇਸ ਤੋਂ ਬਾਅਦ ਸਾਰੇ ਸਕੂਲ ਦੇ ਵਿਦਿਆਰਥੀਆਂ ਨੇ ਮਾਰਚ ਪਾਸਟ ਕੀਤਾ ਤੇ ਇਸ ਦੀ ਸਲਾਮੀ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰ. ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਤੇ ਪ੍ਰਿੰਸੀਪਲ ਰੁਬੀਨਾ ਧੀਰ ਨੇ ਲਈ।ਪੰਜਵੀਂ ਜਮਾਤ ਦੀ ਵਿਦਿਆਰਥਣ ਐਸ਼ਪ੍ਰੀਤ ਕੌਰ ਨੇ ਖੇਡਾਂ ਪ੍ਰਤੀ ਸੱਚੀ ਭਾਵਨਾ ਰੱਖਦੇ ਹੋਏ ਸਹੁੰ ਚੁਕਵਾਈ।ਐਵਲੀਨ, ਸਾਹਿਲ ਧੀਰ, ਯੁਵਰਾਜ ਸਿੰਘ, ਨਵਨੀਤ ਕੌਰ ਤੇ ਜਗਮੀਤ ਕੌਰ ਨੇ ਬਾਲ ਦਿਵਸ ਸਬੰਧੀ ਆਪੋ-ਆਪਣੇ ਵਿਚਾਰ ਪ੍ਰਗਟ ਕੀਤੇ।ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਆਪਣੇ ਅੰਦਾਜ਼ ਵਿੱਚ ਡਾਂਸ ਰਾਹੀਂ ਸਭ ਨੂੰ ਜੀ ਆਇਆਂ ਆਖਿਆ।ਸਕੂਲ ਵਿੱਚ ਵੱਖ-ਵੱਖ ਖੇਡਾਂ ਕਰਵਾਈਆਂ ਗਈਆਂ।ਐੱਲ.ਕੇ.ਜੀ. ਤੇ ਯੂ.ਕੇ.ਜੀ. ਦੇ ਵਿਦਿਆਰਥੀਆਂ ਨੇ ਚੱਕ ਦੇ ਇੰਡੀਆ ਗੀਤ 'ਤੇ ਸ਼ਾਨਦਾਰ ਕੋਰੀਓਗ੍ਰਾਫੀ ਪੇਸ਼ ਕੀਤੀ।ਉਪਰੰਤ 50 ਮੀਟਰ ਦੌੜ ਵਿੱਚ ਭਾਵੇਸ਼ ਨੇ ਪਹਿਲਾ ਤੇ ਸਾਹਿਬਜੀਤ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।100 ਮੀਟਰ ਦੌੜ ਵਿੱਚ ਆਰਵਜੀਤ ਨੇ ਪਹਿਲਾ ਤੇ ਅੰਸ਼ਪ੍ਰੀਤ ਸਿੰਘ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ।ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਮਿਊਜ਼ੀਕਲ ਚੇਅਰ ਵਿੱਚ ਭਾਗ ਲਿਆ, ਜਿਸ ਵਿੱਚ ਹਰਸੀਰਤ ਕੌਰ ਨੇ ਪਹਿਲੇ ਤੇ ਏਕਵੰਸ਼ ਦੂਸਰੇ ਸਥਾਨ 'ਤੇ ਰਹੇ।ਫਿਰ ਡੱਕ ਰੇਸ ਵਿੱਚ ਹਰਕੀਰਤ ਕੌਰ ਨੇ ਪਹਿਲਾ ਤੇ ਸੁਹਾਨਾ ਨੇ ਦੂਸਰਾ ਸਥਾਨ ਹਾਸਲ ਕੀਤਾ। ਇਸ ਉਪਰੰਤ ਕਲਰ ਪਹਿਚਾਣ ਖੇਡ ਵਿੱਚ ਹਰਸੀਰਤ ਨੇ ਪਹਿਲਾ ਤੇ ਅਮਾਨਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ।ਹਰਡਲ ਰੇਸ ਵਿੱਚ ਹਰਸੀਰਤ ਕੌਰ ਨੇ ਪਹਿਲਾ ਤੇ ਆਰਵਜੀਤ ਨੇ ਦੂਸਰਾ ਸਥਾਨ ਹਾਸਲ ਕੀਤਾ।ਰੱਸਾਕਸ਼ੀ ਵਿੱਚ ਆਰੀਆ ਭੱਟ ਹਾਊਸ ਨੇ ਪਹਿਲਾ ਸਥਾਨ ਹਾਸਲ ਕੀਤਾ ਤੇ ਰਿਲੇਅ ਰੇਸ ਵਿੱਚ ਨਿਊਟਨ ਹਾਊਸ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਓਕਟੂਪਸ ਰੇਸ ਵਿੱਚ ਵੀ ਨਿਊਟਨ ਹਾਊਸ ਨੇ ਬਾਜ਼ੀ ਮਾਰੀ।ਪੰਜ ਟੰਗੀ ਦੌੜ ਵਿੱਚ ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ।ਲੰਬੀ ਸਾਲ ਵਿੱਚ ਅਭੀਜੋਤ ਨੇ ਪਹਿਲਾ ਤੇ ਆਰਵਜੀਤ ਨੇ ਦੂਸਰਾ ਸਥਾਨ ਹਾਸਲ ਕੀਤਾ।ਪਿਕਅਪ ਦਾ ਗਲਾਸ ਵਿੱਚ ਅਭਿਨਾਜ ਕੌਰ ਨੇ ਪਹਿਲਾ ਸਥਾਨ ਹਾਸਲ ਕੀਤਾ।ਸਪੂਨ ਰੇਸ ਵਿੱਚ ਜਸ਼ਨੀਤ ਕੌਰ ਨੇ ਪਹਿਲਾ ਤੇ ਐਵਲੀਨ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ।

ਫਰੌਗ ਰੇਸ ਵਿੱਚ ਨਵਨੀਤ ਕੌਰ ਨੇ ਪਹਿਲਾ ਤੇ ਯੁਵਰਾਜ ਸਿੰਘ ਨੇ ਦੂਸਰਾ ਸਥਾਨ ਹਾਸਲ ਕੀਤਾ।ਤਿੰਨ-ਟੰਗੀ ਦੌੜ ਵਿੱਚ ਹਰਜੋਤ ਤੇ ਮਨਕੀਰਤ ਨੇ ਪਹਿਲਾ ਅਤੇ ਜਗਮੀਤ ਤੇ ਕਾਰਤਿਕ ਨੇ ਦੂਸਰਾ ਸਥਾਨ ਹਾਸਲ ਕੀਤਾ।ਸੈਕ ਰੇਸ ਵਿੱਚ ਐਵਲੀਨ ਕੌਰ ਤੇ ਮੁੰਡਿਆਂ ਵਿੱਚ ਸ਼ਿਵਜੋਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਤੇ ਬੱਚਿਆਂ ਨੂੰ ਅੱਗੇ ਦੀਆਂ ਖੇਡਾਂ ਵਿੱਚ ਉਤਸ਼ਾਹ ਨਾਲ ਭਾਗ ਲੈਣ ਲਈ ਪ੍ਰੇਰਿਤ ਕੀਤਾ।ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ।ਮੈਨੇਜਮੈਂਟ ਵੱਲੋਂ ਵੱਖ-ਵੱਖ ਪਿੰਡਾਂ ਤੋਂ ਆਏ ਹੋਏ ਪੰਚਾਂ-ਸਰਪੰਚਾਂ ਨੂੰ ਜੀ ਆਇਆਂ ਕਿਹਾ ਤੇ ਉਨ੍ਹਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨਤ ਕੀਤਾ।ਪ੍ਰਿੰਸੀਪਲ ਰੁਬੀਨਾ ਧੀਰ ਨੇ ਸਮੂਹ ਮਹਿਮਾਨਾਂ ਨੂੰ ਸਕੂਲ ਬਾਰੇ ਜਾਣਕਾਰੀ ਦਿੱਤੀ ਤੇ ਸਾਰਿਆਂ ਦਾ ਧੰਨਵਾਦ ਕੀਤਾ।ਰਾਸ਼ਟਰੀ ਗਾਣ ਉਪਰੰਤ ਖੇਡ ਸਮਾਗਮ ਸੰਪੰਨ ਹੋਇਆ।

## ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਲਈ ਲੋਕਾਂ ਦਾ ਸਹਿਯੋਗ ਬੇਹੱਦ ਜ਼ਰੂਰੀ : ਡੀ ਐੱਸ ਪੀ ਧਾਲੀਵਾਲ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਿਲਾਫ਼ ਚਲਾਈ ਜਾ ਰਹੀ ਵੱਡੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਡੀ.ਐਸ.ਪੀ ਜਸਪਾਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਪਿੰਡ ਪੱਧਰ 'ਤੇ ਜਾਗਰੂਕਤਾ ਅਭਿਆਨ ਤੇਜ਼ ਕਰ ਦਿੱਤਾ ਗਿਆ ਹੈ।ਧਾਲੀਵਾਲ ਨੇ ਨਸ਼ਾ ਰੋਕੂ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਕਰਕੇ ਪਿੰਡ ਪੱਧਰ 'ਤੇ ਨਵੀਆਂ ਨਸ਼ਾ ਨਿਵਾਰਣ ਕਮੇਟੀਆਂ ਗਠਿਤ ਕਰਨ ਦੇ ਆਦੇਸ਼ ਜਾਰੀ ਕੀਤੇ।ਧਾਲੀਵਾਲ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਦਾ ਮੰਤਵ ਰਾਜ ਨੂੰ ਨਸ਼ਾ ਮੁਕਤ ਬਣਾਉਣਾ ਹੈ, ਜਿਸ ਲਈ ਹਰ ਨਾਗਰਿਕ ਦਾ ਸਹਿਯੋਗ ਬੇਹੱਦ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਨਸ਼ੇ ਦੀਆਂ ਵੱਡੀਆਂ ਸਪਲਾਈ ਲਾਈਨਾਂ ਤੋੜਨ ਦੇ ਨਾਲ-ਨਾਲ ਹੁਣ ਸਮਾਜਕ ਜਾਗਰੂਕਤਾ ਰਾਹੀਂ ਨੌਜਵਾਨ ਪੀੜ੍ਹੀ ਨੂੰ ਬਚਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਡਾਂ, ਸਿੱਖਿਆ ਤੇ ਰੁਜ਼ਗਾਰ ਵੱਲ ਧਿਆਨ ਦੇ ਕੇ ਨਸ਼ਿਆਂ ਤੋਂ ਦੂਰ ਰਹਿਣ।ਡੀ ਐਸ ਪੀ ਨੇ ਕਿਹਾ ਕਿ ਹਰ ਪਿੰਡ 'ਚ ਨਵੀਂ ਨਸ਼ਾ ਮੁਕਤ ਕਮੇਟੀ ਬਣਾਈ ਜਾਵੇਗੀ, ਜੋ ਸਥਾਨਕ ਪੱਧਰ 'ਤੇ ਜਾਗਰੂਕਤਾ ਪ੍ਰੋਗਰਾਮ ਕਰੇਗੀ ਤੇ ਪੁਲਸ ਨਾਲ ਮਿਲ ਕੇ ਨਸ਼ਿਆਂ ਦੇ ਖ਼ਿਲਾਫ਼ ਜਾਣਕਾਰੀ ਸਾਂਝੀ ਕਰੇਗੀ।

17- Nov - Page - 7.qxd 11/16/2025 9:30 PM Page 1



# ਦੇਵ ਮਾਨ ਨੇ ਰਾਮਗੜ੍ਹ ਬੋੜਾਂ 'ਚ 35 ਲੱਖ ਦੀ ਲਾਗਤ ਨਾਲ ਤਿਆਰ ਲਾਇਬ੍ਰੇਰੀ ਦਾ ਕੀਤਾ ਉਦਘਾਟਨ



ਨਾਭਾ (ਵਰਿੰਦਰ ਵਰਮਾ) ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਭਰ 'ਚ ਵੱਡੇ ਪੱਧਰ 'ਤੇ ਵਿਕਾਸ ਕਾਰਜ ਕਰਾਏ ਜਾ ਰਹੇ ਹਨ, ਉੱਥੇ ਸਿੱਖਿਆ ਤੇ ਸਿਹਤ ਦੇ ਪੱਧਰ ਨੂੰ ਉੱਪਰ ਚੁੱਕਿਆ ਜਾ ਰਿਹਾ ਹੈ।ਕਿਤਾਬਾਂ ਸਾਨੂੰ ਇਤਿਹਾਸ ਤੇ ਸਾਹਿਤ ਨਾਲ ਜੋੜਦੀਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਪਿੰਡ ਰਾਮਗੜ੍ਹ ਬੋੜਾਂ ਵਿਖੇ ਤਕਰੀਬਨ 35 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਲਾਇਬ੍ਰੇਰੀ ਦਾ ਉਦਘਾਟਨ ਕਰਨ ਉਪਰੰਤ ਕੀਤਾ।ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ 'ਚ ਨਾਭਾ ਹਲਕੇ ਦੇ ਹੋਰ ਪਿੰਡਾਂ ਵਿੱਚ ਵੀ ਲਾਇਬ੍ਰੇਰੀਆਂ ਬਣਾਈਆਂ ਜਾਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਚੋਣਾਂ ਤੋਂ ਪਹਿਲਾਂ ਜੋ ਵਾਅਦੇ ਕੀਤੇ ਗਏ ਸਨ, ਉਨ੍ਹਾਂ ਵਿਸਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਗਿਆ ਹੈ, ਜਿਸ ਨੂੰ ਵੇਖਦੇ ਹੋਏ ਪੰਜਾਬ ਦਾ ਹਰ ਵਰਗ ਆਮ ਆਦਮੀ ਪਾਰਟੀ ਤੋਂ ਖੁਸ਼ ਨਜ਼ਰ ਆ ਰਿਹਾ ਹੈ ਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ 'ਆਪ' ਮੁੜ ਤੋਂ ਸਰਕਾਰ ਬਣਾਵੇਗੀ।

# ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਵੱਲੋਂ ਸੰਘਰਸ਼ ਦਾ ਐਲਾਨ

## 5-6 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਧਰਨੇ ਤੇ ਮਾਰਚ 'ਚ ਚੰਡੀਗੜ੍ਹ ਵਿੱਚ ਮੋਰਚਾ



ਚੰਡੀਗੜ੍ਹ : ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਨੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਖ਼ਿਲਾਫ ਅਤੇ ਚਿਰਾਂ ਤੋਂ ਲਟਕਦੀਆਂ ਮਜ਼ਦੂਰ ਮੰਗਾਂ ਮਨਵਾਉਣ ਲਈ ਲੰਮੇ ਸੰਘਰਸ਼ ਦਾ ਐਲਾਨ ਕੀਤਾ ਹੈ।

ਪ੍ਰੈੱਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਸਾਂਝੇ ਮੋਰਚੇ ਦੇ ਆਗੂ ਅਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਹਰਮੇਸ਼ ਮਾਲੜੀ ਨੇ ਦੱਸਿਆ ਕਿ ਪੰਜਾਬ ਖੇਤ ਮਜ਼ਦੂਰ ਸਭਾ ਦੇ ਲੁਧਿਆਣਾ ਸਥਿਤ ਦਫ਼ਤਰ ਵਿਖੇ ਸਾਥੀ ਗੁਲਜ਼ਾਰ ਗੋਰੀਆ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ 'ਚ ਜਥੇਬੰਦੀਆਂ ਨੇ ਪੰਜਾਬ ਸਰਕਾਰ ਦੇ ਮਜ਼ਦੂਰ ਵਿਰੋਧੀ ਰਵੱਈਏ ਦੀ ਨਿਖੇਧੀ ਕਰਦਿਆਂ ਆਪਣੀਆਂ ਹੱਕੀ ਮੰਗਾਂ ਲਈ 5-6 ਜਨਵਰੀ ਨੂੰ ਜ਼ਿਲ੍ਹਾ ਹੈੱਡਕੁਆਰਟਰਾਂ 'ਤੇ ਇਕ ਦਿਨਾਂ ਧਰਨੇ ਲਾਉਣ ਤੋਂ ਬਾਅਦ, ਮਾਰਚ ਦੇ ਪਹਿਲੇ ਹਫਤੇ ਚੰਡੀਗੜ੍ਹ ਵਿਖੇ ਮਜ਼ਦੂਰ ਮੋਰਚਾ ਲਾਉਣ ਦਾ ਐਲਾਨ ਕੀਤਾ ਹੈ।ਜਥੇਬੰਦੀਆਂ ਦੇ ਸੂਬਾਈ ਆਗੂਆਂ ਸਰਵਸ੍ਰੀ ਲਛਮਣ ਸਿੰਘ ਸੇਵੇਵਾਲਾ, ਸੂਬਾ ਸਕੱਤਰ ਪੰਜਾਬ ਖੇਤ ਮਜ਼ਦੂਰ ਯੂਨੀਅਨ, ਦਰਸ਼ਨ ਨਾਹਰ, ਸੂਬਾ ਪ੍ਰਧਾਨ ਦਿਹਾਤੀ ਮਜ਼ਦੂਰ ਸਭਾ, ਤਰਸੇਮ ਪੀਟਰ, ਸੂਬਾ ਪ੍ਰਧਾਨ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਗੁਰਮੇਸ਼ ਸਿੰਘ ਸੂਬਾ ਸਕੱਤਰ ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ, ਕੁਲਵੰਤ ਸਿੰਘ ਸੇਲਵਰਾ ਸੂਬਾ ਪ੍ਰਧਾਨ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਦੇਵੀ ਕੁਮਾਰੀ ਸਰਹਾਲੀ, ਸੂਬਾ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਵਿਜੇ ਸੋਹਲ ਸੂਬਾ ਸਕੱਤਰ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਹੋਂਦ ਵਿੱਚ ਆਉਣ ਤੋਂ ਲੈ ਕੇ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ, ਧਰਨੇ, ਮੁਜ਼ਾਹਰੇ ਅਤੇ ਅਨੇਕਾਂ ਵਾਰ ਮੰਗ ਪੱਤਰ ਦੇਣ ਤੋਂ ਬਾਅਦ ਵੀ ਅਜੇ ਮੌਜੂਦਾ ਸਰਕਾਰ ਮਜ਼ਦੂਰਾਂ ਵੱਲ 'ਪਿੱਠ ਕਰਕੇ' ਖੜ੍ਹੀ ਹੈ। ਉਹਨਾਂ ਕਿਹਾ ਕਿ ਹਾਲ ਹੀ ਵਿਚ ਪੰਜਾਬ ਅੰਦਰ ਹੜ੍ਹਾਂ/ਬਾਰਸ਼ਾਂ ਨਾਲ ਹੋਰਨਾਂ ਤਬਕਿਆਂ ਦੇ ਨਾਲ-ਨਾਲ ਬੇਜ਼ਮੀਨੇ ਮਜ਼ਦੂਰਾਂ ਦਾ ਵੀ ਭਾਰੀ ਨੁਕਸਾਨ ਹੋਇਆ, ਪਰ ਸਰਕਾਰ ਨੇ ਫੋਕੇ ਲਾਰਿਆਂ ਤੋਂ ਬਿਨਾਂ ਮਜ਼ਦੂਰਾਂ ਦੇ ਕੁਝ ਵੀ ਪੱਲੇ ਨਹੀਂ ਪਾਇਆ। ਉਹਨਾਂ ਕਿਹਾ ਕਿ ਮਨਰੇਗਾ ਸਕੀਮ ਠੱਪ ਪਈ ਹੈ ਤੇ ਮਜ਼ਦੂਰਾਂ ਨੂੰ ਰੁਜ਼ਗਾਰ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਗੂਆਂ ਨੇ ਕਿਹਾ ਕਿ ਵੱਡੇ ਸਰਮਾਏਦਾਰਾਂ ਅਤੇ ਜਾਗੀਰਦਾਰਾਂ ਨੂੰ ਫਾਇਦੇ ਪਹੁੰਚਾਉਣ ਵਾਲੇ ਅਖੌਤੀ ਵਿਕਾਸ ਮਾਡਲ ਨੂੰ ਲਗਾਤਾਰ ਲਾਗੂ ਕਰਕੇ, ਮਜ਼ਦੂਰਾਂ ਕੋਲੋਂ ਸਿਹਤ, ਸਿੱਖਿਆ, ਬਿਜਲੀ ਵਰਗੀਆਂ ਸਹੂਲਤਾਂ ਖੋਹੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਚਿੱਪ ਵਾਲੇ ਮੀਟਰ ਲਾ ਕੇ ਹੁਣ ਮਜ਼ਦੂਰਾਂ ਦੇ ਘਰਾਂ 'ਚ ਹਨੇਰਾ ਕਰਨ ਦੀ ਤਿਆਰੀ ਹੈ। ਮਜ਼ਦੂਰ ਜਥੇਬੰਦੀਆਂ ਮੰਗ ਕਰਦੀਆਂ ਹਨ ਕਿ ਮਜ਼ਦੂਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਦਿੱਤੇ ਜਾਣ, ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਮੁਆਫ ਕੀਤਾ ਜਾਵੇ, ਤੀਜੇ ਹਿੱਸੇ ਦੀ ਜ਼ਮੀਨ ਮਜ਼ਦੂਰਾਂ ਨੂੰ ਦੇਣਾ ਯਕੀਨੀ ਕੀਤਾ ਜਾਵੇ, ਜ਼ਮੀਨ ਹੱਦਬੰਦੀ ਕਾਨੂੰਨ ਫੌਰੀ ਲਾਗੂ ਕੀਤਾ ਜਾਵੇ, ਵਿਧਵਾ ਬੁਢਾਪਾ ਪੈਨਸ਼ਨ 5000 ਰੁਪਏ ਕੀਤੀ ਜਾਵੇ, ਔਰਤਾਂ ਦੇ ਖਾਤੇ ਵਿੱਚ 1100 ਰੁਪਏ ਹਰ ਮਹੀਨੇ ਪਾਉਣ ਸਮੇਤ ਸਾਰੀਆਂ ਚੋਣ ਗਰੰਟੀਆਂ ਲਾਗੂ ਕੀਤੀਆਂ ਜਾਣ। ਮਜ਼ਦੂਰ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਪੂਰੇ ਪੰਜਾਬ ਅੰਦਰ ਮੀਟਿੰਗਾਂ-ਰੈਲੀਆਂ ਕਰਕੇ ਵੱਡੇ ਪੱਧਰ 'ਤੇ ਚੇਤਨਾ ਮੁਹਿੰਮ ਚਲਾ ਕੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸੇ ਮਹੀਨੇ ਦੀ 22 ਅਤੇ 23 ਨਵੰਬਰ ਨੂੰ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਕੇ ਪੰਜਾਬ ਭਰ ਮੁਹਿੰਮ ਭਖਾ ਦਿੱਤੀ ਜਾਵੇਗੀ।ਇਕ ਮਤੇ ਰਾਹੀਂ ਮਜ਼ਦੂਰ ਮੋਰਚੇ ਨੇ ਦਿੱਲੀ ਕਿਸਾਨ ਅੰਦੋਲਨ ਦੀ ਪੰਜਵੀਂ ਵਰ੍ਹੇਗੰਢ ਮੌਕੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਰੱਖੇ ਸਮਾਗਮ ਦੀ ਹਮਾਇਤ ਦਾ ਵੀ ਐਲਾਨ ਕੀਤਾ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਦਿਹਾਤੀ ਮਜ਼ਦੂਰ ਸਭਾ ਦੇ ਸੂਬਾਈ ਆਗੂ ਬਲਦੇਵ ਸਿੰਘ ਨੂਰਪੁਰੀ ਅਤੇ ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾ ਆਗੂ ਗਿਆਨ ਸੈਦਪੁਰੀ ਵੀ ਹਾਜ਼ਰ ਸਨ।

# ਸਰਕਲ ਸਟਾਈਲ ਕਬੱਡੀ 'ਚੋਂ ਦੂਜਾ ਸਥਾਨ ਹਾਸਲ ਕਰਕੇ ਨਾਂਅ ਚਮਕਾਇਆ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) ਆਦਰਸ਼ ਪਬਲਿਕ ਸਕੂਲ ਦੀਆਂ ਵਿਦਿਆਰਥਣਾਂ ਨੇ ਸਰਕਲ ਸਟਾਈਲ ਕਬੱਡੀ 'ਚ ਸੂਬੇ ਵਿੱਚੋਂ ਦੂਜਾ ਸਥਾਨ ਹਾਸਲ ਕਰਕੇ ਸਕੂਲ ਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ।ਸਕੂਲ ਪ੍ਰਬੰਧਕ ਜਤਿੰਦਰ ਸਿੰਘ ਨੇ ਦੱਸਿਆ ਕਿ ਬਠਿੰਡਾ ਵਿਖੇ ਚੱਲ ਰਹੀਆਂ 69ਵੀਆਂ ਰਾਜ ਪੱਧਰੀ ਖੇਡਾਂ ਵਿੱਚ ਉਮਰ ਵਰਗ ਅਧੀਨ 17 ਸਾਲ ਵਿੱਚ ਨਿੱਕੀ ਰਾਣੀ, ਐਸ਼ਪ੍ਰੀਤ ਕੌਰ, ਨਿਸ਼ਾ ਰਾਣੀ ਅਤੇ ਹਰਮਨਦੀਪ ਕੌਰ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦੇ ਹੋਏ ਪੂਰੇ ਪੰਜਾਬ ਭਰ ਵਿੱਚ ਦੂਜੇ ਸਥਾਨ ਲੈ ਕੇ ਜਿੱਤ ਦੇ ਝੰਡੇ ਗੱਡੇ।ਇਨ੍ਹਾਂ ਖੇਡਾਂ ਵਿੱਚ ਬੈਸਟ ਰੇਡਰ ਨਿੱਕੀ ਰਾਣੀ ਦੇ ਨਾਲ ਐਸ਼ਪ੍ਰੀਤ ਕੌਰ ਨੂੰ ਬੈਸਟ ਜਾਫੀ ਵੀ ਐਲਾਨਿਆ ਗਿਆ।ਸਕੂਲ ਪਹੁੰਚਣ ਤੇ ਇਹਨਾਂ ਖਿਡਾਰਨਾਂ ਅਤੇ ਕੋਚ ਰਫੀਕ ਅਲੀ ਦਾ ਸਕੂਲ ਪ੍ਰਬੰਧਕਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਪ੍ਰਿੰਸੀਪਲ ਗੁਰਜੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੀਆਂ ਵਿਦਿਆਰਥਣਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।ਸਮੂਹ ਸਟਾਫ ਤੋਂ ਇਲਾਵਾ ਪਿੰਡ ਦੇ ਸਰਪੰਚ ਸੁਰੇਸ਼ ਕੁਮਾਰ ਨੇ ਵੀ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

# ਸ਼ਹੀਦੀ ਦਿਹਾੜੇ ਸੰਬੰਧੀ ਬਹਿਰ ਸਾਹਿਬ 'ਚ ਗੁਰਮਤਿ ਸਮਾਗਮ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਤ ਸਮਾਗਮਾਂ ਦੀ ਲੜੀ ਤਹਿਤ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਬਹਿਰ ਸਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਅਸਥਾਨ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਸਮਾਗਮ ਕਰਵਾਏ ਗਏ।ਸਮਾਗਮ ਦੌਰਾਨ ਭਾਈ ਅਨੂਪ ਸਿੰਘ, ਲਖਵਿੰਦਰ ਸਿੰਘ ਤੇ ਗਗਨਦੀਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ।ਹੈੱਡ ਗ੍ਰੰਥੀ ਮਹਿੰਦਰ ਸਿੰਘ ਨੇ ਅਰਦਾਸ ਕੀਤੀ ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ ਤੇ ਗੁਰਬਾਣੀ ਸਮੇਤ ਉਨ੍ਹਾਂ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਬਿਆਨ ਕੀਤਾ। ਇਸ ਪਵਿੱਤਰ ਦਿਹਾੜੇ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਤੇ ਐੱਸ ਡੀ ਐੱਮ ਪਾਤੜਾਂ ਅਸ਼ੋਕ ਕੁਮਾਰ ਸਮੇਤ ਵੱਡੀ ਗਿਣਤੀ ਸੰਗਤ ਗੁਰੂ ਚਰਨਾਂ ਵਿੱਚ ਨਤਮਸਤਕ ਹੋਈ ਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਮਾਗਮ ਦੌਰਾਨ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਗੁਰੂ ਸਾਹਿਬ ਦੇ ਚਰਨ ਛੋਹ ਅਸਥਾਨ ਉੱਤੇ ਬਣੇ ਗੁਰਦੁਆਰਾ ਸਾਹਿਬ ਦੀ ਸੁੰਦਰਤਾ ਤੇ ਵਿਕਾਸ ਲਈ 50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਜਾਰੀ ਕੀਤੀ ਗਈ ਹੈ।ਇਹ ਰਕਮ ਗੁਰਦੁਆਰਾ ਸਾਹਿਬ ਦੇ ਵਿਕਾਸ ਤੇ ਕੰਮਕਾਜ ਲਈ ਵਰਤੀ ਜਾਵੇਗੀ।ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਯਾਦਗਾਰੀ ਸਮਾਗਮਾਂ ਦੀ ਲੜੀ ਤਹਿਤ ਪਟਿਆਲਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ ਵਿਖੇ 18 ਨਵੰਬਰ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਮਹਾਨ ਕੀਰਤਨ ਸਮਾਗਮ ਕਰਵਾਇਆ ਜਾਵੇਗਾ ਤੇ 21 ਨਵੰਬਰ ਨੂੰ ਧਾਰਮਿਕ ਯਾਤਰਾ ਦੇ ਰੂਪ ਵਿੱਚ ਵਿਸ਼ਾਲ ਨਗਰ ਕੀਰਤਨ ਪਟਿਆਲਾ ਪਹੁੰਚ ਰਹੇ ਹਨ, ਜਿਸ ਲਈ ਸਮੂਹ ਸੰਗਤਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਟਰੱਕ ਯੂਨੀਅਨ ਪ੍ਰਧਾਨ ਰਣਜੀਤ ਸਿੰਘ ਵਿਰਕ, ਬੀਡੀਪੀਓ ਬਘੇਲ ਸਿੰਘ, ਲਾਭ ਡਰੋਲੀ, ਹਰਦੀਪ ਸਰਪੰਚ ਠਰੂਆ, ਸੁਖਵਿੰਦਰ ਸਿੰਘ ਸਰਪੰਚ, ਅਰਸ਼ ਡਰੋਲੀ, ਮੱਖਣ ਸਰਪੰਚ, ਸਰਨਜੀਤ ਸਿੰਘ ਸਮੇਤ ਵੱਖ-ਵੱਖ ਆਗੂ ਤੇ ਸਕੂਲੀ ਵਿਦਿਆਰਥੀ, ਲੋਕਲ ਪ੍ਰਬੰਧਕ ਤੇ ਵੱਡੀ ਗਿਣਤੀ ਸੰਗਤ ਵੀ ਹਾਜ਼ਰ ਸੀ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ 126 ਪੈਨਸ਼ਨ ਤੇ 11 ਮੈਡੀਕਲ ਚੈੱਕ ਵੰਡੇ



ਸੰਗਰੂਰ (ਪ੍ਰਵੀਨ ਸਿੰਘ) ਡਾ. (ਪ੍ਰੋ) ਐਸ.ਪੀ. ਸਿੰਘ ਓਬਰਾਏ ਮੈਨੇਜਿੰਗ ਟਰੱਸਟ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਨੂੰ ਪੈਨਸ਼ਨ ਤੇ ਹੋਰ ਭਲਾਈ ਸਕੀਮਾਂ ਲਈ ਹਰਮਨ ਹੋਟਲ ਵਿਖੇ ਸਮਾਗਮ ਦਾ ਆਯੋਜਨ ਕੀਤਾ ਗਿਆ।ਇਸ ਦੌਰਾਨ 126 ਲੋੜਵੰਦਾਂ ਨੂੰ ਮਹੀਨਾਵਾਰ ਪੈਨਸ਼ਨ ਦੇ ਚੈੱਕ ਦਿੱਤੇ ਗਏ।ਇਸ ਸਮੇਂ ਟਰੱਸਟ ਵੱਲੋਂ 11 ਮੈਡੀਕਲ ਸਹਾਇਤਾ ਦੇ ਚੈੱਕ ਵੀ ਲੋੜਵੰਦਾਂ ਨੂੰ ਦਿੱਤੇ ਗਏ। ਟਰੱਸਟ ਦੀ ਜ਼ਿਲ੍ਹਾ ਟੀਮ ਮੈਂਬਰ 'ਚੋਂ ਫ਼ਤਿਹ ਪ੍ਰਭਾਕਰ, ਹਰਮੇਲ ਸਿੰਘ ਲੱਡਾ, ਸੁਖਵਿੰਦਰ ਸ਼ਰਮਾ, ਕੁਲਵੰਤ ਬਾਜਵਾ ਜ਼ਿਲ੍ਹਾ ਕਮੇਟੀ ਮੈਂਬਰ ਹਾਜ਼ਰ ਸਨ।ਟਰੱਸਟ ਦੇ ਮੈਂਬਰ ਫ਼ਤਿਹ ਪ੍ਰਭਾਕਰ ਨੇ ਦੱਸਿਆ ਕਿ ਜ਼ਿਲ੍ਹਾ ਸੰਗਰੂਰ ਦੇ ਪਿੰਡ ਖੇੜੀ ਜੱਟਾਂ ਵਿਖੇ ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ 1 ਸਤੰਬਰ 2015 ਤੋਂ ਕੰਪਿਊਟਰ ਸੈਂਟਰ ਚੱਲ ਰਿਹਾ।ਵਰਣਨਯੋਗ ਹੈ ਕਿ ਪਿੰਡ ਖੇੜੀ ਜੱਟਾਂ ਵਿੱਖੇ ਨੇੜੇ ਦੇ 7-8 ਪਿੰਡਾਂ ਦੇ ਮੁੰਡੇ ਤੇ ਕੁੜੀਆਂ ਇਸ ਕੰਪਿਊਟਰ ਸੈਂਟਰ ਦਾ ਲਗਾਤਾਰ ਲਾਹਾ ਲੈ ਕੇ ਰੁਜ਼ਗਾਰ ਦੇ ਯੋਗ ਹੋ ਰਹੇ ਹਨ।ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਸੁਖਮਿੰਦਰ ਸਿੰਘ ਹਰਮਨ ਨੇ ਦੱਸਿਆ ਕਿ ਡਾ. (ਪ੍ਰੋ) ਐਸ.ਪੀ. ਸਿੰਘ ਓਬਰਾਏ ਕਿਸੇ ਤੋਂ ਆਰਥਕ ਮਦਦ ਲਏ ਬਿਨਾਂ ਆਪਣੇ ਸੋਮੇ ਸਾਧਨਾਂ ਵਿੱਚੋਂ 98 ਪ੍ਰਤੀਸ਼ਤ ਲੋਕ ਭਲਾਈ ਦੇ ਕੰਮਾਂ ਲਈ ਖਰਚ ਕਰਦੇ ਆ ਰਹੇ ਹਨ।

# ਮਾਤਾ ਗੁਜਰੀ ਕਾਲਜ ਦੇ ਪੱਤਰਕਾਰੀ ਵਿਭਾਗ ਨੇ ਮਨਾਇਆ ਰਾਸ਼ਟਰੀ ਪ੍ਰੈੱਸ ਦਿਵਸ



ਫ਼ਤਹਿਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ) ਮਾਤਾ ਗੁਜਰੀ ਕਾਲਜ ਦੇ ਪੋਸਟ ਗ੍ਰੈਜੂਏਟ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਵੱਲੋਂ ਰਾਸ਼ਟਰੀ ਪ੍ਰੈਸ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਵਿਭਾਗ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਪ੍ਰੈੱਸ ਦੀ ਆਜ਼ਾਦੀ, ਜ਼ਿੰਮੇਵਾਰੀ ਤੇ ਨੈਤਿਕਤਾ ਵਰਗੇ ਅਹਿਮ ਮੁੱਦਿਆਂ 'ਤੇ ਆਪਣੇ ਮਹੱਤਵਪੂਰਨ ਵਿਚਾਰ ਪੇਸ਼ ਕੀਤੇ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਪੱਤਰਕਾਰੀ ਵਿਭਾਗ ਦੇ ਇਸ ਉਸਾਰੂ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅਜੋਕੇ ਸੂਚਨਾ ਤਕਨਾਲੋਜੀ ਤੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਸੂਚਨਾ ਦਾ ਸਹੀ ਪ੍ਰਚਾਰ-ਪ੍ਰਸਾਰ ਕਰਨ, ਪੱਤਰਕਾਰੀ ਦੀਆਂ ਨੈਤਿਕ ਕਦਰਾਂ-ਕੀਮਤਾਂ ਬਣਾਈ ਰੱਖਣ ਤੇ ਵਿਕਾਸ ਦੇ ਮੁੱਖ ਮਸਲਿਆਂ ਨੂੰ ਲੋਕਾਂ ਤੱਕ ਪੁਚਾਉਣ ਵਿੱਚ ਪੱਤਰਕਾਰੀ ਨਾਲ ਜੁੜੀ ਨੌਜਵਾਨ ਪੀੜ੍ਹੀ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਪੱਤਰਕਾਰੀ ਵਿਭਾਗ ਦੇ ਮੁਖੀ ਡਾ. ਹਰਗੁਣਪ੍ਰੀਤ ਸਿੰਘ ਨੇ ਰਾਸ਼ਟਰੀ ਪ੍ਰੈੱਸ ਦਿਵਸ ਦੀ ਵਧਾਈ ਦਿੰਦਿਆਂ ਦੱਸਿਆ ਕਿ ਵਿਭਾਗ ਵੱਲੋਂ ਵਿਦਿਆਰਥੀਆਂ ਨੂੰ ਆਧੁਨਿਕ ਪੱਤਰਕਾਰੀ ਦੇ ਰੁਝਾਨਾਂ, ਮੀਡੀਆ ਨੈਤਿਕਤਾ ਅਤੇ ਤਕਨੀਕੀ ਕੁਸ਼ਲਤਾਵਾਂ ਨਾਲ ਜੋੜਨ ਲਈ ਵੱਖ-ਵੱਖ ਵਰਕਸ਼ਾਪਾਂ, ਸੈਮੀਨਾਰਾਂ ਤੇ ਗੈਸਟ ਲੈਕਚਰਾਂ ਦਾ ਨਿਰੰਤਰ ਆਯੋਜਨ ਕੀਤਾ ਜਾਂਦਾ ਹੈ।ਇਸ ਮਗਰੋਂ ਪੱਤਰਕਾਰੀ ਵਿਭਾਗ ਦੇ ਪ੍ਰੋ. ਭਗਵੰਤ ਸਿੰਘ, ਪ੍ਰੋ. ਲਵਨੀਤ ਵਸ਼ਿਸ਼ਠ, ਪ੍ਰੋ. ਨਾਦਿਸ਼, ਪ੍ਰੋ. ਰੰਜਿਤਾ ਸ਼ਰਮ ਤੇ ਪ੍ਰੋ. ਅਮਨਦੀਪ ਕੌਰ ਨੇ ਵੀ ਰਾਸ਼ਟਰੀ ਪ੍ਰੈੱਸ ਦਿਵਸ ਸਬੰਧੀ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ।

# ਫ਼ੱਕਰ ਫ਼ਕੀਰ ਵੈੱਲਫ਼ੇਅਰ ਸੰਸਥਾ ਪੰਜਾਬ ਦੀ ਮੀਟਿੰਗ



ਜਗਰਾਉਂ (ਅਮਿਤ ਖੰਨਾ) ਪੀਰ ਬਾਬਾ ਮੋਹਕਮਦੀਨ ਦੀ ਦਰਗਾਹ ਤੇ ਫ਼ੱਕਰ ਫ਼ਕੀਰ ਵੈਲਫ਼ੇਅਰ ਸੰਸਥਾ ਰਜਿ. ਵੱਲੋਂ ਅਹਿਮ ਮੀਟਿੰਗ ਵਿੱਚ ਦਰਬਾਰ ਮੇਲੇ ਸ਼ਾਹ ਪਿੰਡ ਪਰਜੀਆਂ ਮੁੱਖ ਸੇਵਾਦਾਰ ਪ੍ਰਧਾਨ ਸਾਈਂ ਤਿਲਕ ਰਾਜ ਤੇ ਵਾਈਸ ਚੇਅਰਮੈਨ ਬਾਬਾ ਨਰਦੀਨ ਨੇ ਦੱਸਿਆ ਕਿ ਮੀਟਿੰਗ 'ਚ ਕੁਝ ਅਹਿਮ ਫੈਸਲੇ ਗਏ ਲਏ ਗਏ, ਜਿਸ ਵਿੱਚ ਨਵੇਂ ਫਕੀਰਾਂ ਦੀ ਆਮਦ ਹੋਈ ਨਸ਼ੇ ਤੋਂ ਦੂਰ ਰਹਿਣ ਵਾਸਤੇ ਸੁਝਾਅ ਦਿੱਤੇ, ਜਿਸ ਵਿੱਚ ਜ਼ਰੂਰਤਮੰਦ ਲੜਕੀਆਂ ਦੀਆਂ ਸ਼ਾਦੀਆਂ ਕਰਾਈਆਂ ਜਾਣਗੀਆਂ ਤੇ ਅੱਖਾਂ ਦੇ ਕੈਂਪ ਵੀ ਲਗਾਏ ਜਾਣਗੇ। ਖ਼ੂਨਦਾਨ ਕੈਂਪ ਵੀ ਲਗਾਏ ਜਾਣਗੇ ਅਤੇ ਹੋਰ ਵੀ ਸਮਾਜਿਕ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ ਜਾਵੇਗਾ, ਜਿਸ 'ਚ ਚੇਅਰਮੈਨ ਨੂਰਦੀਨ ਜੀ ਨਕਸ਼ਬੰਦੀ, ਵਾਇਸ ਚੇਅਰਮੈਨ ਸੇਮੇ ਸ਼ਾਹ ਜੀ, ਪ੍ਰਧਾਨ ਤਿਲਕ ਰਾਜ, ਸੈਕਟਰੀ ਬਾਬਾ ਚੰਨੀ, ਬਾਬਾ ਜੰਗ ਸਿੰਘ, ਰਾਜਾ ਬਰਮਾ, ਸੁੰਗਾ ਸਾਈਂ, ਸੁੰਦਰ ਦਾਸ, ਕੈਸ਼ੀਅਰ ਗੁਰਨਾਮ ਸਿੰਘ, ਵਿਸ਼ਾਲ ਸਾਈਂ ਭਗਵੰਤ ਸਿੰਘ, ਨਿਰਮਲ ਦਾਸ, ਬੀਬੀ ਬੇਅੰਤ ਕੌਰ ਨੇ ਜ਼ਿੰਮੇਵਾਰ ਅਹੁਦਿਆਂ ਦੀ ਵੰਡ ਕੀਤੀ।

# ਪਬਲਿਕ ਸਕੂਲ ਹਾਮਝੇੜੀ ਦੇ ਵਿਦਿਆਰਥੀਆਂ ਵੱਲੋਂ ਵਿੱਦਿਅਕ ਟੂਰ



ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ) ਪਬਲਿਕ ਸੀਨੀਅਰ ਸੈਕੰਡਰੀ ਸਕੂਲ ਹਾਮਝੇੜੀ ਦੇ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਟਰੱਸਟ ਵੱਲੋਂ ਵਿਦਿਅਕ ਟੂਰ ਉੱਤੇ ਲਿਜਾਇਆ ਗਿਆ। ਪ੍ਰਿੰਸੀਪਲ ਗੁਰਤੇਜ ਸਿੰਘ ਨੇ ਦੱਸਿਆ ਕਿ ਟੂਰ ਦੌਰਾਨ ਵਿਦਿਆਰਥੀਆਂ ਨੂੰ ਇਤਿਹਾਸਿਕ ਤੇ ਧਾਰਮਿਕ ਜਾਣਕਾਰੀ ਦੇਣ ਦੇ ਮਕਸਦ ਨਾਲ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਕਪੂਰਥਲਾ ਤੇ ਇਤਿਹਾਸਕ ਅੰਮ੍ਰਿਤਸਰ ਦੇ ਜਲ੍ਹਿਆਂ ਵਾਲਾ ਬਾਗ ਦੇ ਨਾਲ ਨਾਲ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ, ਸ੍ਰੀ ਅਕਾਲ ਤਖਤ ਸਾਹਿਬ, ਗੋਬਿੰਦਵਾਲ ਸਾਹਿਬ ਤੇ ਸੁਲਤਾਨਪੁਰ ਲੋਧੀ ਦੇ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਕਰਾਏ ਗਏ।ਉਨ੍ਹਾਂ ਦੱਸਿਆ ਕਿ ਜਿੱਥੇ ਇੱਕ ਟੂਰ ਦਾ ਮਕਸਦ ਬੱਚਿਆਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਇਤਿਹਾਸਿਕ ਥਾਵਾਂ 'ਤੇ ਲਿਜਾ ਕੇ ਉਨ੍ਹਾਂ ਬਾਰੇ ਜਾਣਕਾਰੀ ਦੇਣਾ ਸੀ।

# ਪੁਲਸ ਪ੍ਰਸ਼ਾਸਨ ਨੇ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ ਕਰਾਇਆ



ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਥਾਣਾ ਨਿਹਾਲ ਸਿੰਘ ਵਾਲਾ ਵਿਖੇ ਥਾਣਾ ਮੁੱਖ ਅਫ਼ਸਰ ਪੂਰਨ ਸਿੰਘ ਧਾਲੀਵਾਲ ਤੇ ਸਮੁੱਚੇ ਸਟਾਫ਼ ਵੱਲੋਂ ਵਿਸ਼ੇਸ਼ ਧਾਰਮਿਕ ਸਮਾਗਮ ਕਰਾਇਆ ਗਿਆ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ ਤੇ ਅਰਦਾਸ ਉਪਰੰਤ ਕਵੀਸ਼ਰੀ ਜਥਿਆਂ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਹਲਕਾ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਨੇ ਥਾਣਾ ਨਿਹਾਲ ਸਿੰਘ ਵਾਲਾ ਦੇ ਸਮੁੱਚੇ ਪੁਲਸ ਪ੍ਰਸ਼ਾਸਨ ਵੱਲੋਂ ਕਰਾਏ ਇਸ ਧਾਰਮਿਕ ਸਮਾਗਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਪੁਲਿਸ ਅਤੇ ਆਮ ਪਬਲਿਕ ਲਈ ਪਿਆਰ ਤੇ ਆਪਸੀ ਮਿਲਵਰਤਣ ਦੀ ਸਾਂਝ ਪੈਦਾ ਕਰਦੇ ਹਨ।ਇਸ ਮੌਕੇ ਥਾਣਾ ਨਿਹਾਲ ਸਿੰਘ ਵਾਲਾ ਦੇ ਮੁੱਖ ਅਫ਼ਸਰ ਪੂਰਨ ਸਿੰਘ ਧਾਲੀਵਾਲ ਵੱਲੋਂ ਇਲਾਕੇ ਭਰ ਦੀਆਂ ਧਾਰਮਿਕ, ਰਾਜਸੀ ਅਤੇ ਸਮਾਜ ਸੇਵੀ ਸਖ਼ਸ਼ੀਅਤਾਂ ਦੇ ਵਿਸ਼ੇਸ਼ ਧੰਨਵਾਦ ਕੀਤਾ।

**COURT NOTICE**

(U/o 5 Rule 20 CPC)
In the Court of
**Sh. Supinder Singh**
Civil Judge (Junior Division), Ludhiana
CNR No. PBLD02-015659-2023
Next Date :- 03-12-2025
Punjab State Power Corporation Ltd.
Vs.
Roshan Lal
Publication Issued to :
Roshan Lal
: Near Aara New Shakti Nagar, Ludhiana

In above titled case, the defendant (s)/respondent (s) could not be served. It is ordered that defendant(s)/ respondent(s) should appear in person or through counsel on 03.12.2025 at 10:00 a.m.

For details logon to https://highcourtchd.gov.in/?mod=district_notice&district=mogacourt

Civil Judge (Junior Division), Ludhiana
Dated this day of 14-11-2025

# ਰਸਾਇਣ ਵਿਗਿਆਨ 'ਚ ਕਰੀਅਰ ਮੌਕਿਆਂ ਬਾਰੇ ਤਿੰਨ ਰੋਜ਼ਾ ਵਰਕਸ਼ਾਪ ਸੰਪੰਨ



ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਰਸਾਇਣ ਵਿਗਿਆਨ ਵਿਭਾਗ ਵੱਲੋਂ ਸੈਂਟਰ ਫਾਰ ਸਾਇੰਟਿਫਿਕ ਰਿਸਰਚ ਐਂਡ ਇਨੋਵੇਸ਼ਨ ਸੈੱਲ ਦੇ ਤਹਿਤ 10 ਤੋਂ 12 ਨਵੰਬਰ ਤੱਕ ਰਸਾਇਣ ਵਿਗਿਆਨ ਵਿੱਚ ਕਰੀਅਰ ਮੌਕੇ ਸਿਰਲੇਖ ਹੇਠ ਤਿੰਨ ਦਿਵਸੀ ਵਰਕਸ਼ਾਪ ਸਫਲਤਾਪੂਰਵਕ ਆਯੋਜਤ ਕੀਤੀ ਗਈ।ਵਰਕਸ਼ਾਪ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰਸਾਇਣ ਵਿਗਿਆਨ ਦੇ ਖੇਤਰ ਵਿੱਚ ਉਪਲਬਧ ਵੱਖ-ਵੱਖ ਰੋਜ਼ਗਾਰ ਮੌਕਿਆਂ ਨਾਲ ਜਾਣੂ ਕਰਾਉਣਾ ਅਤੇ ਪ੍ਰਯੋਗਸ਼ੀਲ ਸਿਖਲਾਈ ਰਾਹੀਂ ਸਵਰੋਜ਼ਗਾਰ ਤੇ ਉਦਯਮਸ਼ੀਲਤਾ ਵੱਲ ਉਤਸ਼ਾਹਤ ਕਰਨਾ ਸੀ।ਸੀਆਸਆਰਆਈ ਮੈਂਬਰ ਤੇ ਰਸਾਇਣ ਵਿਗਿਆਨ ਵਿਭਾਗ ਦੇ ਮੁਖੀ ਡਾ. ਰਾਹੁਲ ਬਦਰੂ ਨੇ ਵਰਕਸ਼ਾਪ ਦਾ ਉਦਘਾਟਨ ਕੀਤਾ ਤੇ ਹਾਜ਼ਰੀਨ ਦਾ ਸਵਾਗਤ ਕਰਦੇ ਹੋਏ ਸਰੋਤ ਵਿਅਕਤੀਆਂ ਦਾ ਪਰਚਿਆ ਕਰਾਇਆ।ਪਹਿਲੇ ਦਿਨ ਵੱਖ ਵੱਖ ਸਰੀਰ ਸੰਭਾਲ ਸਮਾਨ ਬਣਾਉਣ ਦੀ ਪ੍ਰਯੋਗਸ਼ੀਲ ਸਿਖਲਾਈ ਦਾ ਸੈਸ਼ਨ ਡਾ. ਰੁਪਿੰਦਰ ਕੌਰ, ਗੁਰੂ ਨਾਨਕ ਦੇਵ ਪਾਲੀਟੈਕਨਿਕ ਕਾਲਜ, ਲੁਧਿਆਣਾ ਵੱਲੋਂ ਕਰਵਾਇਆ ਗਿਆ, ਜਿਸ ਨੇ ਵਿਦਿਆਰਥੀਆਂ ਨੂੰ ਹਸਤ-ਪ੍ਰਯੋਗ ਰਾਹੀਂ ਮਹੱਤਵਪੂਰਨ ਗਿਆਨ ਪ੍ਰਦਾਨ ਕੀਤਾ।

ਦੂਜੇ ਦਿਨ ਵਰਕਸ਼ਾਪ ਦਾ ਧਿਆਨ ਰਸਾਇਣ ਵਿਗਿਆਨ ਵਿੱਚ ਹੋ ਰਹੇ ਨਵੇਂ ਖੋਜਕਾਰੀ ਰੁਝਾਨਾਂ ਵੱਲ ਕੇਂਦਰਤ ਰਿਹਾ।ਡਾ. ਰਿਪਨੀਲ ਕੌਰ ਨੇ ਰਸਾਇਣ ਵਿਗਿਆਨ ਵਿੱਚ ਕ੍ਰਿਤ੍ਰਿਮ ਬੁੱਧੀ ਦੇ ਸਾਧਨਾਂ ਦੀ ਵਰਤੋਂ ਵਿਸ਼ੇ 'ਤੇ ਚਰਚਾ ਕੀਤੀ।ਇਸ ਤੋਂ ਬਾਅਦ ਸੁਸ਼੍ਰੀ ਓਪਿੰਦਰ ਕੌਰ ਨੇ ਮੋਲਿਕਿਊਲਰ ਡਾਕਿੰਗ ਅਤੇ ਰਸਾਇਣ ਵਿਗਿਆਨ ਵਿੱਚ ਕ੍ਰਿਤ੍ਰਿਮ ਬੁੱਧੀ ਦੀ ਭੂਮਿਕਾ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਦੋਵਾਂ ਵਿਦਵਾਨਾਂ ਨੇ ਕਿਹਾ ਕਿ ਕ੍ਰਿਤ੍ਰਿਮ ਬੁੱਧੀ ਰਸਾਇਣ ਵਿਗਿਆਨ ਦੇ ਆਧੁਨਿਕ ਖੋਜ ਖੇਤਰ ਵਿੱਚ ਤੇਜ਼ੀ ਨਾਲ ਮਹੱਤਵਪੂਰਨ ਬਣ ਰਹੀ ਹੈ।ਤੀਜੇ ਤੇ ਆਖਰੀ ਦਿਨ ਡਾ. ਬਦਰੂ ਨੇ ਰਸਾਇਣ ਵਿਗਿਆਨ ਦੇ ਖੇਤਰ ਵਿੱਚ ਉਪਲਬਧ ਵੱਖ ਵੱਖ ਰੋਜ਼ਗਾਰ ਮਾਰਗਾਂ ਖੋਜ, ਉਦਯੋਗ ਅਤੇ ਅਕਾਦਮਿਕ ਖੇਤਰ ਬਾਰੇ ਵਿਸਥਾਰਪੂਰਵਕ ਦਿਸ਼ਾ-ਨਿਰਦੇਸ਼ ਦਿੱਤੇ।ਸਮਾਪਨ ਸਮਾਰੋਹ ਦੀ ਅਗਵਾਈ ਡਾ. ਰਿਪਨੀਲ ਕੌਰ ਨੇ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ ਦੀ ਪ੍ਰਸ਼ੰਸਾ ਕੀਤੀ।ਸਮਾਪਨ ਮੌਕੇ ਵਾਈਸ-ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਤੇ ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ ਨੇ ਰਸਾਇਣ ਵਿਗਿਆਨ ਅਤੇ ਸੰਬੰਧਿਤ ਪਾਠਕ੍ਰਮਾਂ ਦੇ 100 ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰਮਾਣ ਪੱਤਰ ਸੌਂਪੇ।ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਆਯੋਜਕ ਮੰਡਲ, ਸਰੋਤ ਵਿਅਕਤੀਆਂ ਤੇ ਵਿਦਿਆਰਥੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਇਸ ਪਹਲ ਨੂੰ ਬਹੁਤ ਮਹੱਤਵਪੂਰਨ ਕਰਾਰ ਦਿੱਤਾ।ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੇ ਕਰੀਅਰ-ਕੇਂਦ੍ਰਿਤ ਸਮਾਗਮ ਵਿਦਿਆਰਥੀਆਂ ਦੇ ਭਵਿੱਖ ਨੂੰ ਮਜ਼ਬੂਤ ਬਣਾਉਂਦੇ ਹਨ।

# ਵਿਧਾਇਕ ਰਾਏ ਨੇ ਵਿਕਾਸ ਕਾਰਜਾਂ ਲਈ ਕੰਮ ਸ਼ੁਰੂ ਕਰਾਇਆ



ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) ਵਿਧਾਇਕ ਲਖਬੀਰ ਸਿੰਘ ਰਾਏ ਵੱਲੋਂ ਨਗਰ ਕੌਂਸਲ ਸਰਹਿੰਦ ਦੇ ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਵਿੱਚ ਕਰੀਬ 36 ਲੱਖ ਰੁਪਏ ਦੀ ਲਾਗਤ ਦੇ ਨਾਲ ਵਿਕਾਸ ਕਾਰਜ ਸ਼ੁਰੂ ਕਰਾਏ ਗਏ।ਵਿਧਾਇਕ ਨੇ ਕਿਹਾ ਕਿ ਅਮਰ ਇਨਕਲੇਵ ਵਿਖੇ 20 ਲੱਖ 21 ਹਜਾਰ ਦੀ ਲਾਗਤ ਨਾਲ ਵਿਕਾਸ ਕਾਰਜ ਸ਼ੁਰੂ ਕਰਾਏ ਗਏ ਹਨ, ਇਸੇ ਤਰ੍ਹਾਂ ਹਮਾਯੂਪੁਰ ਵਿਖੇ 15 ਲੱਖ 40 ਹਜਾਰ ਦੀ ਲਾਗਤ ਨਾਲ ਕੰਮ ਕਰਾਇਆ ਗਿਆ।ਜਲਦ ਹੀ 37 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਕੰਮ ਸ਼ੁਰੂ ਕਰਾਏ ਜਾਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਿਕਾਸ ਕਾਰਜ ਕਰਾਉਣ ਦੇ ਲਈ ਵਚਨਬੱਧ ਹੈ ਵਿਕਾਸ ਪੱਖੋਂ ਸ਼ਹਿਰ ਦੀ ਨੁਹਾਰ ਬਦਲੀ ਜਾਵੇਗੀ। ਉਨ੍ਹਾਂ ਕਿਹਾ ਕਿ ਰੇਲਵੇ ਰੋਡ ਹਮਾਯੂਪੁਰ ਦੇ ਦੁਕਾਨਦਾਰਾਂ ਦੀ ਮੰਗ ਹੈ ਕਿ ਸਾਨੀਪਰ ਚੌਕ ਵਿਖੇ ਬੱਸਾਂ ਰੁਕਵਾਈਆਂ ਜਾਣ, ਇਹ ਮੰਗ ਜਲਦ ਮਨਜ਼ੂਰ ਹੋ ਜਾਵੇਗੀ।ਉਨ੍ਹਾਂ ਕਿਹਾ ਕਿ ਤਰਨਤਾਰਨ ਵਾਸੀਆਂ ਨੇ ਪੰਜਾਬ ਸਰਕਾਰ ਵੱਲੋਂ ਕੀਤੇ ਕੰਮਾਂ ਦੇ ਉੱਤੇ ਮੋਹਰ ਲਗਾ ਦਿੱਤੀ ਹੈ।ਇਸ ਦੇ ਨਾਲ ਸਰਕਾਰ ਦਾ ਹੌਸਲਾ ਹੋਰ ਵਧਿਆ ਹੈ।ਪੰਜਾਬ ਸਰਕਾਰ ਹੋਰ ਦੁੱਗਣੀ ਤਾਕਤ ਨਾਲ ਵਿਕਾਸ ਕਾਰਜ ਕਰਾਉਂਦੀ ਰਹੇਗੀ।

**COURT NOTICE**

(U/o 5 Rule 20 CPC)
In the Court of
**Mandeep Kaur**
Civil Judge (Junior Division), Amritsar
CNR No. PBAS02-002803-2024
Next Date :- 01-12-2025
Punjab National Bank
Vs.
R.S. Fashion Point
Publication Issued to :
Sandeep Panday
Spouse :
Near Tiwari New Preet Nagar, Near Lawrence School, Batala Road, Amritsar.

In above titled case, the defendant (s)/respondent (s) could not be served. It is ordered that defendant(s)/ respondent(s) should appear in person or through counsel on 01.12.2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division), Amritsar
Dated this day of 03-10-2025

**COURT NOTICE**

(U/o 5 Rule 20 CPC)
In the Court of
**Sh. Vineet Kumar Narang**
Additional Principal Judge Family Court, Nakodar
DMC/137/2025
CNR No. PBJLF2-000327-2025
Next Date :- 08-12-2025
Amritpal Kaur
Vs.
Harsimranjit Singh
Divorce Petition
Publication Issued to :
Harsimranjit Singh
Father : Gurmail Singh R/o 410, Lala Lajpat Rai Street, Goal Bagh, Amritsar, Presently at 8 Cooma, Court Taigum Queensland 4018, Australia.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 08.12.2025 at 10:00 a.m.

For details logon to https://highcourtchd.gov.in/?mod=district_notice&district=Jalandhar

Additional Principal Judge Family Court-1, Nakodar
Dated this day of 11-11-2025

**COURT NOTICE**

(U/o 5 Rule 20 CPC)
In the Court of
**Ms. Harpreet Kaur Randhawa**
District and Sessions Judge, Ludhiana
CNR No. PBLD01-002909-2025
Next Date :- 27-11-2025
Maksuda Khatoon
Vs.
Vinder Kaur
Publication Issued to :
Paramjit Singh S/o Late Jaswinder Singh alias Bindra Son of Teja Singh R/o Village Raipur Bet, Tehsil and District Ludhiana.

In above titled case, the defendant (s)/respondent (s) could not be served. It is ordered that defendant(s)/ respondent(s) should appear in person or through counsel on 27.11.2025 at 10:00 a.m.

For details logon to https://highcourtchd.gov.in/?mod=district_notice&district=mogacourt

District and Sessions Judge, Ludhiana
Dated this day of 14-11-2025

# ਪਿੰਡ ਦੇਹਲਾ ਸੀਂਹਾਂ ਵਾਸੀ ਗਗਨਦੀਪ ਨੂੰ ਹੱਕ ਦਿਵਾਉਣ ਲਈ ਆਏ ਅੱਗੇ, ਸਥਿਤੀ ਤਣਾਅਪੂਰਨ




ਮੂਨਕ, (ਰਾਜਪਾਲ ਸਿੰਗਲਾ) ਪੈਂਦੇ ਪਿੰਡ ਦੇਹਲਾ ਸੀਹਾ ਵਿੱਚ ਨੂੰਹ ਨੂੰ ਉਸ ਦੇ ਹਿੱਸਾ ਦਾ ਹੱਕ ਨਾ ਦੇਣ ਅਤੇ ਉਸ ਨੂੰ ਘਰ ਤੋਂ ਬਾਹਰ ਕੱਢ ਕੇ ਘਰ ਦੇ ਗੇਟ ਕੱਧ ਕੱਢ ਕੇ ਬੰਦ ਕਰਨ ਦੇ ਮਾਮਲੇ ਨੂੰ ਲੈ ਕੇ ਪਿੰਡ ਵਿਚ ਸਥਿਤੀ ਕਾਫੀ ਤਣਾਅਪੂਰਨ ਹੋ ਗਈ ਤੇ ਪੁਲਸ ਦੇ ਪੱਖਪਾਤੀ ਰਵੱਈਏ ਕਰਕੇ ਪਿੰਡ ਵਾਸੀ ਤੇ ਪੁਲਸ ਆਹਮੋ-ਸਾਹਮਣੇ ਹੋ ਗਈ।ਜਦੋਂ ਪੁਲਸ ਧੱਕੇਸ਼ਾਹੀ ਤੋਂ ਬਾਜ਼ ਨਾ ਆਈ, ਤਦ ਭੀੜ ਵਿਚੋਂ ਕਿਸੇ ਨੇ ਪੁਲਸ ਦੀ ਗੱਡੀ ਦਾ ਸ਼ੀਸ਼ਾ ਵੀ ਭੰਨ ਦਿੱਤਾ।ਪੁਲਸ ਦੀ ਇਸ ਤਾਨਾਸ਼ਾਹੀ ਨਜ਼ਰੀਏ ਤੋਂ ਬਾਅਦ ਥਾਣਾ ਮੂਨਕ ਦੇ ਐਸ. ਐਚ. ਓ ਸੌਰਵ ਸੱਭਰਵਾਲ ਤੇ ਡੀ. ਐਸ ਪੀ. ਗੁਰਿੰਦਰ ਸਿੰਘ ਬੱਲ ਨੂੰ ਥਾਣਾ ਮੂਨਕ ਤੋਂ ਲਾਂਭੇ ਕਰਕੇ ਉਨ੍ਹਾਂ ਦੀ ਥਾਂ ਰਾਤੋ-ਰਾਤ ਨਵਾਂ ਐਸ ਐਚ ਓ ਗੁਰਮੇਤ ਸਿੰਘ ਤੇ ਡੀਐਸਪੀ ਨਿਯੁਕਤ ਕਰ ਦਿੱਤੇ ਗਏ।ਪੀੜਤ ਗਗਨਦੀਪ ਕੌਰ ਵਿਧਵਾ ਗੋਗੀ ਸਿੰਘ ਪੁੱਤਰ ਗੁਰਚਰਨ ਸਿੰਘ ਪੁੱਤਰ ਬਚਨ ਸਿੰਘ ਵਾਸੀ ਦੇਹਲਾ ਸੀਹਾਂ ਨੇ ਦੱਸਿਆ ਕਿ ਮੇਰੇ ਪਿਤਾ ਨੇ ਆਪਣੇ ਰੀਤੀ ਰਿਵਾਜਾਂ ਅਨੁਸਾਰ ਚੰਗੇ ਪੈਸੇ ਲਾ ਕੇ ਮੇਰਾ ਵਿਆਹ ਗੋਗੀ ਸਿੰਘ ਨਾਲ, ਚੰਗਾ ਦਾਜ ਦੇ ਕੇ ਕੀਤਾ ਸੀ। 11 ਤੋਲੇ ਸੋਨਾ ਮੇਰੇ ਸਹੁਰੇ ਪਰਵਾਰ ਨੂੰ ਦਿੱਤਾ ਗਿਆ। ਮੇਰੇ ਸਹੁਰਾ ਪਰਵਾਰ ਨੇ ਮੇਰੇ ਪਿਤਾ ਨੂੰ ਰਿਸ਼ਤਾ ਸਵਾ 9 ਕਿੱਲੇ ਜ਼ਮੀਨ ਦੱਸ ਕੇ ਕੀਤਾ ਸੀ, ਪ੍ਰੰਤੂ ਮੇਰਾ ਪਤੀ ਨਸ਼ੇੜੀ ਨਿਕਲਿਆ। ਨਸ਼ਾ ਕਰਕੇ ਉਹ ਮੇਰੀ ਕੁੱਟ ਮਾਰ ਕਰਕੇ ਮੈਨੂੰ ਘਰੋਂ ਵੀ ਕੱਢ ਦਿੰਦਾ ਸੀ।ਇਸੇ ਦੌਰਾਨ ਮੇਰੇ ਦੋ ਬੱਚੀਆਂ ਨੇ ਜਨਮ ਲੈ ਲਿਆ, ਪਰ ਉਹ ਨਾ ਸੁਧਰਿਆ ਤੇ ਮੈਨੂੰ ਮੇਰੇ ਪੇਕੇ ਭੇਜ ਦਿੱਤਾ।

ਮੈਨੂੰ ਮੇਰੇ ਮਾਪਿਆਂ ਨੇ ਫਿਰ ਏਥੇ ਤੋਰ ਦਿੱਤਾ। ਜਦੋਂ ਮੇਰੇ ਪਤੀ ਦੀ ਮੌਤ ਹੋ ਗਈ, ਤਦ ਮੈਨੂੰ ਮੇਰੀ ਸੱਸ, ਸਹੁਰਾ ਜ਼ਲੀਲ ਕਰਨ ਲੱਗ ਗਏ ਅਤੇ ਮੈਨੂੰ ਇੱਕ ਕਮਰਾ ਵੱਖਰਾ ਦੇ ਦਿੱਤਾ। ਮੇਰੀਆਂ ਬੱਚੀਆਂ ਜਵਾਨ ਹੋ ਗਈਆਂ। ਜਦੋਂ ਮੈਂ ਮੇਰੇ ਸਹੁਰਾ ਸਾਹਿਬ ਕੋਲੋਂ ਆਪਣਾ ਹਿੱਸਾ ਮੰਗਿਆ, ਤਦ ਉਨ੍ਹਾਂ ਮੇਰੇ ਕੋਲੋਂ ਉਹ ਕਮਰਾ ਵੀ ਖੋਹ ਲਿਆ। ਮੈਂ ਦਰ ਦੇ ਧੱਕੇ ਖਾਧੇ, ਪਰ ਮੈਨੂੰ ਇਨਸਾਫ਼ ਨਹੀਂ ਮਿਲਿਆ।ਮੈਂ ਪਿੰਡ ਦੀ ਪੰਚਾਇਤ ਤੇ ਪਿੰਡ ਦੇ ਪਤਵਿੰਤਿਆਂ ਨੂੰ ਵੀ ਆਪਣਾ ਘਰ ਦਿਵਾਉਣ ਲਈ ਬੇਨਤੀਆਂ ਕੀਤੀਆਂ, ਜਿਨ੍ਹਾਂ ਨੇ ਮੇਰੇ ਨਾਲ ਹੋਏ ਅਨਿਆ ਨੂੰ ਦੇਖਦੇ ਹੋਏ ਮੇਰਾ ਸਾਥ ਦਿੱਤਾ।ਹੁਣ ਜਦੋਂ ਮੈਂ ਜ਼ਮੀਨ ਦਾ ਹਿੱਸਾ ਮੰਗ ਰਹੀ ਰਹੀ ਅਤੇ ਆਪਣੇ ਨਾਲ ਹੋ ਰਹੀਆਂ ਜ਼ਿਆਦਤੀਆਂ ਨੂੰ ਲੈ ਕੇ ਮੂਨਕ ਪੁਲਸ ਕੋਲ ਗਈ ਪਰ ਮੇਰੀ ਉਥੇ ਵੀ ਨਹੀਂ ਸੁਣੀ ਗਈ, ਸਗੋਂ ਮੇਰੇ ਉਲਟ ਘਰਦਾ ਕਬਜ਼ਾ ਮੇਰੇ ਸਹੁਰੇ ਨੂੰ ਦਿਵਾ ਦਿੱਤਾ।ਪੁਲਸ ਨੇ ਇਥੇ ਵੀ ਬੱਸ ਨਹੀਂ ਕੀਤਾ, ਸਗੋਂ ਮੇਰੇ ਪਿੰਡ ਦੇ ਮੋਹਤਬਰ ਵਿਅਕਤੀਆਂ ਸਮੇਤ 8 'ਤੇ ਪਰਚਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ। ਪਿੰਡ ਦੇ ਸਰਪੰਚ ਨੇ ਦੱਸਿਆ ਕਿ ਪੁਲਸ ਨੇ ਗਗਨਦੀਪ ਕੌਰ ਨੂੰ ਇਨਸਾਫ਼ ਦੇਣ ਦੀ ਥਾਂ ਪੰਚਾਇਤ ਤੇ ਪਿੰਡ ਦੇ ਲੋਕਾਂ ਦੀ ਬੇਇਜ਼ਤੀ ਕੀਤੀ। ਖ਼ਬਰ ਲਿਖੇ ਜਾਣ ਤੱਕ ਪਿੰਡ ਦੇ ਲੋਕਾਂ ਦੇ ਦਬਾਅ ਅੱਗੇ ਝੁਕਦਿਆਂ ਪੁਲਸ ਨੇ ਪਰਚੇ ਰੱਦ ਕਰਨ ਦਾ ਵਿਸ਼ਵਾਸ ਦਿਵਾਉਣ ਤੋਂ ਬਾਅਦ ਇੱਕ ਦਫ਼ਾ ਪਿੰਡ ਵਾਸੀਆਂ ਨੇ ਇੱਕ ਦਫਾ ਅਗਲਾ ਐਕਸ਼ਨ ਮੁਲਤਵੀ ਕਰ ਦਿੱਤਾ ਹੈ।

# ਕਲਾਸੀਫਾਈਡ ਇਸ਼ਤਿਹਾਰ

## Change of Name

I, Muskaan wife of Rohit Kundal resident of H.No. W.N. 49, Main Adda Basti Danishmanda, Jalandhar, Punjab have changed my name from Muskaan to Muskaan Kundal. All concerned please note.

I, Gursewak Singh S/o Mehal Singh R/o Buh, Distt. Kapurthala have changed my name to Given Name as Gursewak & Surname as Singh. All concerned please note.

I, Manjit Kaur w/o Jasveer Singh R/o VPO. Kang Sahbu, Teh. Nakodar, Distt. Jalandhar have changed my name to Manjeet Kaur. All Please Note.

I, Saleem S/o Jagan Nath R/o ?.?o. 177, Sansarpur, Distt. Jalandhar, Punjab-144024 have changed my name to Saleem Grewal. All Please Note.

I, hitherto known as Ghumman Pritipal Kaur W/o Ranjit Singh R/o 165 C, Urban Estate Phase - 2, Tehsil Jalandhar, Distt. Jalandhar, Punjab - 144001 have changed my name and shall hereafter be known as Pritipal Kaur.

## ਆਮ ਸੂਚਨਾ

ਮੈਂ, ਦਵਿੰਦਰ ਕੁਮਾਰ ਪੁੱਤਰ ਕਿਸ਼ਨ ਚੰਦ ਵਾਸੀ ਪਿੰਡ ਢੰਡਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੀ ਲੜਕੀ ਸੁਖਵੀਰ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 29-05-2025 ਨੂੰ ਨਵਾਂ ਜ਼ਮਾਨਾ ਅਖ਼ਬਾਰ ਰਾਹੀਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖ਼ਲ ਕੀਤਾ ਸੀ। ਹੁਣ ਮੇਰੀ ਲੜਕੀ ਸੁਖਵੀਰ ਕੌਰ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਦਿੱਤੀ ਹੋਈ ਉਕਤ ਬੇਦਖ਼ਲੀ ਵਾਪਸ ਲੈਂਦਾ ਹਾਂ। ਸੰਬੰਧਿਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏਪੀ05/1091 ਡਬਲਯੂ (3003384373) ਜੋ ਹਜਾਰਾ ਸਿੰਘ ਪੁੱਤਰ ਮੰਗਲ ਸਿੰਘ ਵਾਸੀ ਪਿੰਗ ਬਾਜਵਾ ਦੇ ਨਾਮ ਚਲਦਾ ਹੈ ਜਿਸ ਦੀ ਹਾਰਸ ਪਾਵਰ (3) ਹੈ ਤੇ ਇਸ ਨੂੰ ਬਦਲ ਕੇ ਜੋਬਨਜੀਤ ਸਿੰਘ ਪੁੱਤਰ ਮਨਜੀਤ ਸਿੰਘ ਦੇ ਨਾਮ ਕੀਤਾ ਜਾਣਾ ਹੈ। ਇਤਰਾਜਕਰਤਾ 15 ਦਿਨ ਅੰਦਰ ਐੱਸ.ਡੀ.ਓ. ਪਾਵਰਕਾਮ ਸਬ ਡਵੀਜਨ ਰਮਦਾਸ ਨਾਲ ਸੰਪਰਕ ਕਰ ਸਕਦਾ ਹੈ।

## ਬੇਦਖਲੀ ਨੋਟਿਸ

ਮੈਂ, ਅਵਤਾਰ ਸਿੰਘ ਪੁੱਤਰ ਸ਼੍ਰੀ ਤੀਰਥ ਸਿੰਘ ਵਾਸੀ ਪਿੰਡ ਫਤਿਹਗੜ੍ਹ ਨਿਆੜਾ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਤੇਜ ਸਿੰਘ ਅਤੇ ਮੇਰੀ ਨੂੰਹ ਗੁਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਤਿਲਕ ਰਾਜ ਪੁੱਤਰ ਸ੍ਰੀ ਕਰਮ ਚੰਦ ਅਤੇ ਜੋਤੀ ਪਤਨੀ ਤਿਲਕ ਰਾਜ, ਵਾਸੀਆਨ ਮਕਾਨ ਨੰ: 38, ਪਿੰਡ ਮੱਲੀਆਂ, ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਪੁੱਤਰ ਸਰਵਨ ਕੁਮਾਰ ਜੋ ਕਿ ਕੁਆਰਾ ਹੈ ਸਾਡੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਅੰਜੂ ਬਾਲਾ ਪਤਨੀ ਰਕੇਸ਼ ਕੁਮਾਰ, ਵਾਸੀ ਪਿੰਡ ਮਿਰਜਾਪੁਰ ਖਡਿਆਲਾ, ਤਹਿ./ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਮੇਰੀ ਨੂੰਹ ਜੋਤੀ ਪਤਨੀ ਚਰਨਜੀਤ ਜਸਵਾਲ, ਜੋ ਮੇਰੀ ਕੋਈ ਗੱਲ ਨਹੀਂ ਮੰਨਦੀ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੀ ਹੈ, ਜਿਸ ਕਰਕੇ ਮੈਂ ਇਸ ਨੂੰ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਇਸ ਨਾਲ ਮੇਰਾ ਕੋਈ ਸੰਬੰਧ ਨਹੀਂ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਵਿਸ਼ਾਲ ਕੁਮਾਰ ਪੁੱਤਰ ਮੱਖਣ ਲਾਲ ਵਾਸੀ ਪਿੰਡ ਤੇ ਡਾਕ: ਕੰਗ ਸਾਹਬੂ, ਜ਼ਿਲ੍ਹਾ ਜਲੰਧਰ-144630, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਵਿਸ਼ਾਲ ਤੋਂ ਬਦਲ ਕੇ ਵਿਸ਼ਾਲ ਕੁਮਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਦੀ ਰੋਡੇ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਰੋਡੇ

ਪਿੰਡ ਰੋਡੇ, ਤਹਿ: ਬਾਘਾ ਪੁਰਾਣਾ (ਜ਼ਿਲ੍ਹਾ ਮੋਗਾ)

ਦੀ ਰੋਡੇ ਬਹੁਮੰਤਵੀ ਸਹਿਕਾਰੀ ਸੇਵਾ ਸਭਾ ਲਿਮ., ਰੋਡੇ ਵਿੱਚ ਡੀ.ਸੀ. ਰੇਟ ਉੱਤੇ ਸੇਵਾਦਾਰ ਕਮ ਚੌਕੀਦਾਰ ਭਰਤੀ ਕਰਨ ਸੰਬੰਧੀ ਬੇਨਤੀ ਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ।

1. ਉਮੀਦਵਾਰ ਦੀ ਉਮਰ 18 ਤੋਂ 37 ਸਾਲ ਹੋਣੀ ਚਾਹੀਦੀ ਹੈ।(ਕੈਟਾਗਿਰੀ ਛੋਟ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਹੋਵੇਗੀ।), 2. ਉਮੀਦਵਾਰ ਪੰਜਾਬੀ ਲਿਖਣ ਪੜ੍ਹਨ ਜਾਣਦਾ ਹੋਵੇ, 3. ਉਮੀਦਵਾਰ ਸਭਾ ਦੇ ਦਾਇਰਾ ਕਾਰੋਬਾਰ ਦਾ ਨਿਵਾਸੀ ਹੋਵੇ, 4. ਉਮੀਦਵਾਰ ਇੰਟਰਵਿਊ ਸਮੇਂ ਅਸਲੀ ਦਸਤਾਵੇਜ਼ ਅਰਜ਼ੀਆਂ ਮਿਤੀ 03 ਦਸੰਬਰ 2025 ਤੱਕ ਸਭਾ ਦੇ ਦਫ਼ਤਰ ਵਿੱਚ ਜਾਂ ਸਭਾ ਦੇ ਪ੍ਰਧਾਨ ਕੋਲ ਸ਼ਾਮ 05 ਵਜੇ ਤੱਕ ਜਮ੍ਹਾਂ ਕਰਵਾ ਸਕਦੇ ਹਨ। ਸੇਵਾਦਾਰ ਕਮ ਚੌਕੀਦਾਰ ਦੀ ਪੋਸਟ ਲਈ ਇੰਟਰਵਿਊ ਦੀ ਮਿਤੀ 04 ਦਸੰਬਰ 2025 ਦਿਨ ਵੀਰਵਾਰ ਨੂੰ ਸਭਾ ਦੇ ਦਫ਼ਤਰ 11 ਵਜੇ ਤੋਂ 01 ਵਜੇ ਤੱਕ ਹੋਵੇਗੀ। ਸਿਲੈਕਸ਼ਨ ਕਮੇਟੀ ਵੱਲੋਂ ਮੈਰਿਟ ਮੌਕੇ 'ਤੇ ਬਣਾਈ ਜਾਵੇਗੀ। ਸਿਲੈਕਸ਼ਨ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ।

ਪ੍ਰਧਾਨ 98147-80924 ਸਕੱਤਰ 98889-79308

ਸਹੀ /-ਸਕੱਤਰ
ਦੀ ਰੋਡੇ ਬਹੁਮੰਤਵੀ ਸਹਿਕਾਰੀ ਖੇਤੀਬਾੜੀ ਸੇਵਾ ਸਭਾ ਲਿਮ. ਰੋਡੇ

## Punjab & Sind Bank

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
Punjab & Sind Bank
(A Govt. of India Undertaking)
B/O:- BhamianKhurd Ludhiana (B1342)
E-mail:b1342@psb.co.in

### ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨ ਹਸਤਾਖਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 ਤਹਿਤ ਪੰਜਾਬ ਐਂਡ ਸਿੰਧ ਬੈਂਕ, ਭਾਮੀਆਂ ਖੁਰਦ ਲੁਧਿਆਣਾ ਦੇ ਅਧਿਕਾਰਤ ਅਫਸਰ ਵਜੋਂ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13/2 ਅਤੇ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰਾਂ/ਗਰੰਟਰਾਂ ਨੂੰ ਨੋਟਿਸ 'ਚ ਦਰਸਾਈ ਰਕਮ, ਉਕਤ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਸੈਕਸ਼ਨ 13 (2) ਹੇਠਾਂ ਦਰਸਾਈ ਮਿਤੀ ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਅਤੇ ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਜਾਇਦਾਦ ਦੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 ਅਤੇ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਸਾਈ ਮਿਤੀ 'ਤੇ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰਾਂ, ਰਹਿਣਕਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਕਰਨ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਪੰਜਾਬ ਐਂਡ ਸਿੰਧ ਬੈਂਕ, ਭਾਮੀਆਂ ਖੁਰਦ ਲੁਧਿਆਣਾ ਦੀ ਹੇਠਾਂ ਦਰਸਾਈ ਕੁੱਲ ਰਕਮ ਜਮ੍ਹਾਂ ਇਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ/ਰਹਿਣਕਾਰਾਂ/ਗਰੰਟਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ਾ ਨੋਟਿਸ ਦੀ ਮਿਤੀ | ਕਬਜ਼ੇ ਦੀ ਕਿਸਮ / ਬਕਾਇਆ ਰਕਮ |
|---|---|---|---|---|
| ਕਰਜ਼ਦਾਰ (ਐੱਸ) :- ਸ੍ਰੀ ਜਸਵਿੰਦਰ ਸਿੰਘ ਪੁੱਤਰ ਸ੍ਰੀ ਸਰਵਨ ਸਿੰਘ ਵਾਸੀ ਮਕਾਨ ਨੰ: 1356 ਗਲੀ ਨੰ: 1, ਤਾਜਪੁਰ ਰੋਡ ਨੇੜੇ ਵਿਕੀ ਕਰਿਆਨਾ ਸਟੋਰ, ਵਾਰਡ ਨੰ: 9, ਵਿਸ਼ਕਰਮਾ ਨਗਰ, ਲੁਧਿਆਣਾ 141008, 2. (ਕਰਜ਼ਦਾਰ) :- ਸ੍ਰੀ ਅਮ੍ਰਿਤ ਪਾਲ ਸਿੰਘ ਪੁੱਤਰ ਸ੍ਰੀ ਜਸਵਿੰਦਰ ਸਿੰਘ ਵਾਸੀ ਮਕਾਨ ਨੰ: 1356 ਗਲੀ ਨੰ: 1, ਤਾਜਪੁਰ ਰੋਡ ਵਿਸ਼ਕਰਮਾ ਨਗਰ, ਕਾਕਾ ਲੁਧਿਆਣਾ 141007, 3. (ਗਰੰਟਰ) :- ਸ੍ਰੀਮਤੀ ਸ਼ਾਂਤੀ ਦੇਵੀ ਪਤਨੀ ਸ੍ਰੀ ਚਰਨ ਦਾਸ ਵਾਸੀ ਮਕਾਨ ਨੰ. 1359, ਗਲੀ ਨੰ: 1/2, ਵਾਰਡ ਨੰ: 9, ਵਿਸ਼ਕਰਮਾ ਨਗਰ ਸੈਂਟਰਲ ਪੋਸਟ ਆਫਿਸ ਲੁਧਿਆਣਾ 141008 ਇਥੇ ਵੀ, ਮਕਾਨ ਨੰ: 1356, ਗਲੀ ਨੰ: 1, ਵਿਸ਼ਕਰਮਾ ਨਗਰ, ਨੇੜੇ ਲਾਲੀ ਜਿਊਜ਼ਲਰ ਤਾਜਪੁਰ ਰੋਡ, ਲੁਧਿਆਣਾ 141008 | ਜਾਇਦਾਦ/ਮਕਾਨ ਰਕਬਾ 50 ਵਰਗ ਗਜ਼ ਖਸਰਾ ਨੰ:776, 749, 750 ਖਤਾ ਨੰ: 697.756, 698/757, ਜਮ੍ਹਾਂਬੰਦੀ ਸਾਲ 2002-03 (ਖਾਤਾ ਨੰ: 709/765, 710/766, ਜਮ੍ਹਾਂਬੰਦੀ ਸਾਲ 2007-08 ਅਨੁਸਾਰ) ਵਾਕਿਆ ਰਕਬਾ ਤਾਰਫ ਸੈਦਾਂ, ਹਦਬਸਤ ਨੰ: 172 ਮੁਹੱਲਾ ਵਿਸ਼ਕਰਮਾ ਨਗਰ, ਤਹਿ. ਤੇ ਜ਼ਿਲ੍ਹਾ ਲੁਧਿਆਣਾ, ਸੇਲ ਡੀਡ ਅਨੁਸਾਰ ਸਬ ਰਜਿਸਟਰਾਰ, ਲੁਧਿਆਣਾ ਦਫ਼ਤਰ ਨਾਲ ਰਜਿਸਟਰਡ, ਵਸੀਕਾ ਨੰ: 17344 ਮਿਤੀ 11.02.2010 ਜੋ ਕਿ ਸ੍ਰੀ ਜਸਵਿੰਦਰ ਸਿੰਘ ਪੁੱਤਰ ਸ੍ਰੀ ਸਰਵਣ ਸਿੰਘ ਦੇ ਨਾਂਅ 'ਤੇ ਹੈ। | 19.08.2025 | 11.11.2025 | ਸੰਕੇਤਕ ਕਬਜ਼ਾ / ਰੁਪਏ 2,36,254.86/- (ਦੋ ਲੱਖ ਛੱਤੀ ਹਜ਼ਾਰ ਦੋ ਸੌ ਚਰੰਜਾ ਤੇ ਛਿਆਛੀ ਪੈਸੇ ਕੇਵਲ) ਅਤੇ 01.08.2025 ਤੋਂ ਇਸ ਉਪਰ ਭਵਿੱਖੀ ਵਿਆਜ/ਹੋਰ ਚਾਰਜਿਜ਼। |

ਮਿਤੀ : 16.11.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

17 Nov Page 8.qxd 11/16/2025 10:53 PM Page 1



# ਪੰਜਾਬ ਸਰਕਾਰ ਨੇ ਸੇਵਾ ਕੇਂਦਰਾਂ ਦੀ ਕਾਰਜ ਪ੍ਰਣਾਲੀ 'ਚ ਕੀਤੇ ਵੱਡੇ ਸੁਧਾਰ : ਚੱਬੇਵਾਲ



**ਹੁਸ਼ਿਆਰਪੁਰ/ਚੱਬੇਵਾਲ, (ਓਮ ਪ੍ਰਕਾਸ਼ ਰਾਣਾ)**- ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਵਾਸੀਆਂ ਨੂੰ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਇਸੇ ਸੋਚ ਦੇ ਤਹਿਤ ਸੂਬੇ ਵਿਚ ਚੱਲ ਰਹੇ ਸੇਵਾ ਕੇਂਦਰਾਂ ਦੀ ਕਾਰਜ ਪ੍ਰਣਾਲੀ ਵਿਚ ਵੱਡੇ ਸੁਧਾਰ ਕੀਤੇ ਗਏ ਹਨ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਵੱਲੋਂ ਹਲਕੇ ਦੇ ਪਿੰਡ ਜੈਜੋਂ ਵਿਖੇ 6 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤੇ ਗਏ ਸੇਵਾ ਕੇਂਦਰ ਦਾ ਉਦਘਾਟਨ ਕਰਨ ਸਮੇਂ ਕੀਤਾ। ਉਨ੍ਹਾਂ ਇਸ ਮੌਕੇ ਕਿਹਾ ਕਿ ਇਸ ਸੇਵਾ ਕੇਂਦਰ ਨਾਲ ਜਿਥੇ ਜੈਜੋਂ ਵਾਸੀਆਂ ਨੂੰ ਸਹੂਲਤਾਂ ਮਿਲਣਗੀਆਂ, ਉੱਥੇ ਹੀ ਆਸਪਾਸ ਦੇ ਪਿੰਡਾਂ ਦੇ ਲੋਕ ਵੀ ਇਥੇ ਪਹੁੰਚ ਕੇ ਆਪਣੇ ਕੰਮ ਆਸਾਨੀ ਨਾਲ ਕਰਵਾ ਸਕਣਗੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸੇਵਾ ਕੇਂਦਰਾਂ ਵਿਚ ਪਹਿਲਾਂ ਮਿਲਣ ਵਾਲੀਆਂ ਸੇਵਾਵਾਂ ਦੀ ਗਿਣਤੀ ਜਿਥੇ ਲਗਾਤਾਰ ਵਧਾਈ ਜਾ ਰਹੀ ਹੈ, ਉਥੇ ਹੀ ਵੱਖ-ਵੱਖ ਸਰਟੀਫਿਕੇਟ ਲੋਕਾਂ ਨੂੰ ਸਮੇਂ ਸਿਰ ਮਿਲਣ, ਇਸ ਲਈ ਵੀ ਫੈਸਲੇ ਲਾਗੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸਾਡੇ ਬਜ਼ੁਰਗ ਤਾਂ ਹੁਣ ਘਰ ਬੈਠੇ ਆਪਣੇ ਕੰਮ ਕਰਵਾ ਸਕਦੇ ਹਨ, ਜਿਸ ਲਈ ਸੇਵਾ ਕੇਂਦਰ ਦੇ ਮੁਲਾਜ਼ਮਾਂ ਨੂੰ ਘਰ ਬੁਲਾਇਆ ਜਾ ਸਕਦਾ ਹੈ।

# ਪੰਜਾਬ ਸਰਕਾਰ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾਣ ਵਾਲੇ ਸਮਾਗਮਾਂ ਦਾ ਵਿਸਥਾਰਤ ਪ੍ਰੋਗਰਾਮ ਜਾਰੀ : ਸੌਂਦ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 23, 24 ਅਤੇ 25 ਨਵੰਬਰ ਨੂੰ ਖਾਲਸੇ ਦੀ ਧਰਤੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਕਰਵਾਏ ਜਾ ਰਹੇ ਵਿਸ਼ੇਸ਼ ਸਮਾਗਮਾਂ ਦਾ ਵਿਸਥਾਰਤ ਪ੍ਰੋਗਰਾਮ ਜਾਰੀ ਕਰ ਦਿੱਤਾ ਗਿਆ ਹੈ। ਇਨ੍ਹਾਂ ਸਮਾਗਮਾਂ ਦੀ ਕਾਮਯਾਬੀ ਅਤੇ ਵਿਉਂਤਬੰਦੀ ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਸੂਬਾ ਸਰਕਾਰ ਨੇ ਨੋਡਲ ਵਿਭਾਗ ਨਿਯੁਕਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵਿਸ਼ੇਸ਼ ਸਮਾਗਮਾਂ ਦੀ ਸ਼ੁਰੂਆਤ 23 ਨਵੰਬਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਨਾਲ ਹੋਵੇਗੀ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੀ ਹਾਜ਼ਰ ਰਹਿਣਗੇ। ਦੁਪਿਹਰ 12 ਵਜੇ ਤੋਂ ਬਾਬਾ ਬੁੱਢਾ ਦਲ ਛਾਉਣੀ ਦੇ ਮੁੱਖ ਪੰਡਾਲ ਵਿਖੇ ਸਰਬ ਧਰਮ ਸੰਮੇਲਨ ਕਰਵਾਇਆ ਜਾਵੇਗਾ। ਸ਼ਾਮੀ 5 ਵਜੇ ਵਿਰਾਸਤ-ਏ-ਖਾਲਸਾ ਵਿਖੇ ਡਰੋਨ ਸ਼ੋਅ ਹੋਵੇਗਾ ਅਤੇ 6 ਵਜੇ ਮੁੱਖ ਪੰਡਾਲ ਵਿੱਚ ਕਥਾ ਅਤੇ ਕੀਰਤਨ ਦਰਬਾਰ ਹੋਵੇਗਾ। ਉਨ੍ਹਾਂ ਅੱਗੇ ਦੱਸਿਆ ਕਿ 24 ਨਵੰਬਰ ਸਵੇਰੇ 8 ਵਜੇ ਸੀਸ ਭੇਟ ਨਗਰ ਕੀਰਤਨ ਕੀਰਤਪੁਰ ਸਾਹਿਬ ਤੋਂ ਆਰੰਭ ਹੋਵੇਗਾ, ਜੋ ਭਾਈ ਜੈਤਾ ਜੀ ਸਮਾਰਕ ਤੱਕ ਜਾਵੇਗਾ।



ਸੌਂਦ ਨੇ ਦੱਸਿਆ ਕਿ ਦੁਪਹਿਰ 1 ਵਜੇ ਤੋਂ ਭਾਈ ਜੈਤਾ ਜੀ ਮੈਮੋਰੀਅਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਪੰਜਾਬ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਹੋਵੇਗਾ। ਪੂਰੇ ਦਿਨ ਵੱਖ-ਵੱਖ ਧਾਰਮਿਕ ਸਮਾਗਮਾਂ ਤੋਂ ਇਲਾਵਾ ਸ਼ਾਮੀ 5 ਤੇ 6 ਵਜੇ ਡਰੋਨ ਸ਼ੋਅ ਅਤੇ ਕਥਾ ਤੇ ਕੀਰਤਨ ਦਰਬਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ।25 ਨਵੰਬਰ ਸਵੇਰੇ 10 ਵਜੇ ਬਾਬਾ ਬੁੱਢਾ ਦਲ ਛਾਉਣੀ ਦੇ ਮੁੱਖ ਪੰਡਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸੰਪੂਰਨ ਹੋਣਗੇ, ਜਿਸ ਦੌਰਾਨ ਮੁੱਖ ਮੰਤਰੀ ਪੰਜਾਬ ਵੀ ਸੰਗਤ ਸਮੇਤ ਹਾਜ਼ਰ ਰਹਿਣਗੇ। ਦੁਪਹਿਰ 12 ਵਜੇ ਤੋਂ ਮੁੱਖ ਪੰਡਾਲ ਵਿਖੇ ਸਰਬੱਤ ਦਾ ਭਲਾ ਇਕੱਤਰਤਾ ਹੋਵੇਗੀ ਜਿਸ ਵਿੱਚ ਉੱਘੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖ਼ਸੀਅਤਾਂ ਹਿੱਸਾ ਲੈਣਗੀਆਂ। ਸ਼ਾਮ 5 ਵਜੇ ਡਰੋਨ ਸ਼ੋਅ ਨਾਲ ਤਿੰਨਾਂ ਦਿਨਾਂ ਦੇ ਮਹਾਨ ਸਮਾਗਮਾਂ ਦੀ ਸਮਾਪਤੀ ਹੋਵੇਗੀ।

# ਫਤਿਹਗੜ੍ਹ ਸਕੂਲ ਨੇ ਵਿਗਿਆਨ ਤੇ ਗਣਿਤ ਪ੍ਰਦਰਸ਼ਨੀ 'ਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਿੱਖਿਆ ਵਿਭਾਗ ਦੀ ਅਗਵਾਈ ਹੇਠ, ਰਾਸ਼ਟਰੀ ਵਿਗਿਆਨ ਪ੍ਰਦਰਸ਼ਨੀ ਲਈ ਕਾਢਾਂ ਦੇ ਹਿੱਸੇ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਸਰਾਲਾ (ਜ਼ਿਲ੍ਹਾ ਹੁਸ਼ਿਆਰਪੁਰ - ਬਲਾਕ 2ਏ) ਵਿਖੇ ਗਣਿਤ ਅਤੇ ਵਿਗਿਆਨ ਵਿਸ਼ਿਆਂ ਵਿੱਚ ਮਿਡਲ ਅਤੇ ਹਾਈ-ਲੈਵਲ ਮੁਕਾਬਲੇ ਕਰਵਾਏ



ਗਏ। ਬਲਾਕ 2ਏ ਦੇ ਸਾਰੇ ਸਕੂਲਾਂ ਨੇ ਇਸ ਮੁਕਾਬਲੇ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸਰਕਾਰੀ ਸੈਕੰਡਰੀ ਸਮਾਰਟ ਸਕੂਲ, ਫਤਿਹਗੜ੍ਹ ਦੇ ਮੁੱਖ ਅਧਿਆਪਕ ਮਨੋਜ ਕੁਮਾਰ (ਕੈਨੇਡੀ) ਨੇ ਕਿਹਾ ਕਿ ਫਤਿਹਗੜ੍ਹ ਸਕੂਲ ਦੀ ਸ਼ਾਨਦਾਰ ਸਫਲਤਾ ਸਕੂਲ ਦੇ ਸਮਰਪਿਤ ਅਤੇ ਮਿਹਨਤੀ ਅਧਿਆਪਕਾਂ: ਬਲਵਿੰਦਰ ਕੌਰ, ਰੇਣੂ ਭਾਟੀਆ, ਨਰੇਸ਼ ਸ਼ਰਮਾ ਅਤੇ ਆਰਤੀ ਰਾਣਾ ਦੇ ਅਣਥੱਕ ਯਤਨਾਂ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀ ਅਗਵਾਈ ਹੇਠ, ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨਾਲ ਸਕੂਲ ਦਾ ਨਾਂਅ ਰੌਸ਼ਨ ਹੋਇਆ।ਮਿਡਲ ਪੱਧਰ ਦੇ ਮੁਕਾਬਲੇ ਵਿੱਚ ਅਭਿਸ਼ੇਕ ਯਾਦਵ ਨੇ ਗਣਿਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉੱਚ ਪੱਧਰੀ ਵਿਗਿਆਨ ਮੁਕਾਬਲੇ ਵਿੱਚ, ਸਨੇਹਾ, ਦਰਾਕਸ਼ਾ ਮਰੀਅਮ ਅਤੇ ਕੁੰਦਨ ਨੇ ਪਹਿਲਾ ਸਥਾਨ, ਸ਼ੁਭਮ ਨੇ ਦੂਜਾ ਅਤੇ ਪ੍ਰਿੰਸ ਰਾਮ ਤਰਬੇ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦਾ ਨਾਮ ਰੌਸ਼ਨ ਹੋਇਆ।ਸਵੇਰ ਦੀ ਸਭਾ ਦੌਰਾਨ ਆਪਣੇ ਸੰਬੋਧਨ ਵਿੱਚ, ਪ੍ਰਿੰਸੀਪਲ ਮਨੋਜ ਕੁਮਾਰ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਬੱਚਿਆਂ ਨੂੰ ਸਖ਼ਤ ਮਿਹਨਤ ਕਰਦੇ ਰਹਿਣ ਅਤੇ 26 ਨਵੰਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਗਪੁਰ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਉਣ ਲਈ ਉਤਸ਼ਾਹਿਤ ਕੀਤਾ। ਸਕੂਲ ਦਾ ਸਮੁੱਚਾ ਸਟਾਫ਼ - ਬਲਵਿੰਦਰ ਕੌਰ, ਰੇਣੂ ਭਾਟੀਆ, ਪਰਮਿੰਦਰ ਕੌਰ, ਨਰੇਸ਼ ਸ਼ਰਮਾ, ਗੁਰਪ੍ਰੀਤ ਕੌਰ, ਪੂਜਾ ਰਾਣੀ, ਅਮੀਸ਼ਾ ਠਾਕੁਰ, ਸਿਮਰਨਜੀਤ ਕੌਰ, ਸੌਰਵ, ਅਤੇ ਹੋਰ - ਮੌਜੂਦ ਸਨ ਅਤੇ ਵਿਦਿਆਰਥੀਆਂ ਦੀ ਸਫਲਤਾ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ।

# ਪਰਲ ਗਰੁੱਪ, ਚਿੱਟ ਫੰਡ ਕੰਪਨੀਆਂ ਵਿਰੁੱਧ ਰੋਸ ਮੁਜ਼ਾਹਰਾ 26 ਨੂੰ : ਕੋਟਲੀ

**ਫਗਵਾੜਾ (ਡਾ. ਰਮਨ)**- ਇਨਸਾਫ ਦੀ ਆਵਾਜ਼ ਜੱਥੇਬੰਦੀ ਦੀ ਇੱਕ ਹੰਗਾਮੀ ਮੀਟਿੰਗ ਫਗਵਾੜਾ ਵਿਧਾਨ ਸਭਾ ਹਲਕੇ ਦੇ ਪ੍ਰਧਾਨ ਪਰਮਜੀਤ ਸਿੰਘ ਕੋਟਲੀ ਦੀ ਪ੍ਰਧਾਨਗੀ ਹੇਠ ਸਥਾਨਕ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸਕੀਮ ਨੰਬਰ 3, ਹੁਸ਼ਿਆਰਪੁਰ ਰੋਡ, ਫਗਵਾੜਾ ਵਿਖ ਹੋਈ। ਜਿਸ ਵਿੱਚ ਸਟੇਟ ਕਮੇਟੀ ਮੈਂਬਰ ਜੋਧ ਸਿੰਘ ਥਾਂਦੀ, ਜਨਰਲ ਸਕੱਤਰ ਪੰਜਾਬ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਮੀਟਿੰਗ ਦੌਰਾਨ ਪਰਲ ਗਰੁੱਪ ਅਤੇ ਹੋਰ ਚਿੱਟ ਫੰਡ ਕੰਪਨੀਆਂ ਵਿੱਚ ਫਸੇ ਆਮ ਲੋਕਾਂ ਦੇ ਪੈਸੇ ਦੀ ਵਸੂਲੀ ਲਈ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਤੇਜ਼ ਕਰਨ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਮੀਟਿੰਗ ਉਪਰੰਤ ਗੱਲਬਾਤ ਕਰਦੇ ਹੋਏ ਡਾ. ਪਰਮਜੀਤ ਸਿੰਘ ਕੋਟਲੀ ਨੇ ਦੱਸਿਆ ਕਿ ਇਨਸਾਫ ਦੀ ਆਵਾਜ਼ ਜੱਥੇਬੰਦੀ ਦੇ ਕੌਮੀ ਪ੍ਰਧਾਨ ਮਹਿੰਦਰ ਪਾਲ ਸਿੰਘ ਦਾਨਗੜ੍ਹ ਦੇ ਸੱਦੇ 'ਤੇ, ਦੇਸ਼ ਭਰ ਦੇ ਪਰਲ ਪੀੜ੍ਹਤ ਨਿਵੇਸ਼ਕ 26 ਨਵੰਬਰ ਦਿਨ ਬੁੱਧਵਾਰ ਨੂੰ ਦਿੱਲੀ ਵਿੱਚ ਵਿੱਤ ਮੰਤਰਾਲੇ ਦੇ ਸਾਹਮਣੇ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕਰਨਗੇ। ਉਨ੍ਹਾਂ ਕਿਹਾ ਕਿ ਸੰਗਠਨ ਦੇ ਸਾਰੇ ਮੈਂਬਰ ਮੀਟਿੰਗ ਵਿੱਚ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲੈਣ ਲਈ ਸਹਿਮਤ ਹੋਏ ਹਨ। ਡਾ. ਕੋਟਲੀ ਦੇ ਅਨੁਸਾਰ, ਪੰਜਾਬ ਦੇ ਪਟਿਆਲਾ ਤੋਂ ਸੰਸਦ ਮੈਂਬਰ ਧਰਮਵੀਰ ਗਾਂਧੀ ਨੇ ਪਿਛਲੇ ਸਾਲ ਸੰਸਦ ਵਿੱਚ ਪਰਲ ਗਰੁੱਪ ਦਾ ਮੁੱਦਾ ਉਠਾਇਆ ਸੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਨਿਵੇਸ਼ਕਾਂ ਨੂੰ ਵੱਡੀ ਰਕਮ ਵਾਪਸ ਕਰਨ ਬਾਰੇ ਸਵਾਲ ਕੀਤਾ ਸੀ। ਜਵਾਬ ਵਿੱਚ, ਕੇਂਦਰੀ ਵਿੱਤ ਮੰਤਰੀ ਨੇ ਝੂਠ ਕਿਹਾ ਕਿ ਉਨ੍ਹਾਂ ਕੋਲ ਪੈਸੇ ਹਨ ਪਰ ਇਸ ਦਾ ਕੋਈ ਲੈਣਦਾਰ ਦਾਅਵਾ ਨਹੀਂ ਕਰ ਰਿਹਾ, ਹਾਲਾਂਕਿ ਪਰਲ ਗਰੁੱਪ ਦੇ ਸਾਰੇ ਨਿਵੇਸ਼ਕਾਂ ਦਾ



ਡਾਟਾ ਆਨਲਾਈਨ ਉਪਲਬਧ ਹੈ। 26 ਨਵੰਬਰ ਨੂੰ ਦਿੱਲੀ ਵਿੱਚ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਮੌਕੇ ਬਿਮਲਾ ਦੇਵੀ ਚੱਕ ਹਕੀਮ, ਡਾ. ਕੁਲਵਿੰਦਰ ਜੱਸਲ ਭਾਖੜੀਆਣਾ, ਸੱਤਿਆ ਖਾਟੀ, ਕੁਲਵੀਰ ਸਿੰਘ ਖਲਿਆਣ, ਮਨਜੀਤ ਕੌਰ ਮਾਣਕ, ਹਰਭਜਨ ਲਾਲ ਮੁਕੰਦਪੁਰ, ਅਸ਼ੋਕ ਕੁਮਾਰ ਰਾਵਲਪਿੰਡੀ, ਜਸਵਿੰਦਰ ਕੌਰ ਵਿਰਕ, ਮਨਜੀਤ ਕੌਰ ਵਿਰਕ, ਸੁਖਦੇਵ ਕੁਮਾਰੀ ਆਦਿ ਮੌਜੂਦ ਸਨ।

# ਵਿਧਾਨ ਸਭਾ ਹਲਕਾ ਚੱਬੇਵਾਲ 'ਚ 5.12 ਕਰੋੜ ਨਾਲ ਹੋਣਗੇ ਵਿਕਾਸ ਕਾਰਜ : ਵਿਧਾਇਕ



**ਹੁਸ਼ਿਆਰਪੁਰ/ਚੱਬੇਵਾਲ (ਬਲਵੀਰ ਸਿੰਘ ਸੈਣੀ)**- ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਸੂਬੇ ਦੇ ਹਰ ਪਿੰਡ ਤੇ ਕਸਬੇ ਵਿਚ ਵਿਕਾਸ ਕਰਵਾਉਣ ਲਈ ਵਚਨਬੱਧ ਹੈ ਅਤੇ ਇਸੇ ਤਹਿਤ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਵੱਖ-ਵੱਖ ਪਿੰਡਾਂ ਵਿਚ ਵਿਕਾਸ ਕਾਰਜਾਂ ਲਈ 5 ਕਰੋੜ 12 ਲੱਖ ਰੁਪਏ ਦੀ ਰਾਸ਼ੀ ਵੰਡੀ ਗਈ ਹੈ, ਆਉਣ ਵਾਲੇ ਸਮੇਂ ਦੌਰਾਨ ਵੀ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਵਿਕਾਸ ਕਾਰਜਾਂ ਲਈ ਰਾਸ਼ੀ ਦੀ ਵੰਡ ਕਰਨ ਸਮੇਂ ਕੀਤਾ ਅਤੇ ਇਸ ਮੌਕੇ ਅਧਿਕਾਰੀਆਂ ਤੇ ਪਿੰਡਾਂ ਦੇ ਮੋਹਤਬਰਾਂ ਨੂੰ ਅਪੀਲ ਕੀਤੀ ਕਿ ਵਿਕਾਸ ਲਈ ਜਾਰੀ ਕੀਤੇ ਗਏ ਇਹ ਫੰਡ ਪੂਰੇ ਪਾਰਦਰਸ਼ੀ ਤਰੀਕੇ ਨਾਲ ਖਰਚ ਕੀਤੇ ਜਾਣ ਅਤੇ ਵਿਕਾਸ ਕਾਰਜ ਕਰਨ ਸਮੇਂ ਨਾ ਤਾਂ ਕਿਸੇ ਤਰ੍ਹਾਂ ਦਾ ਭੇਦਭਾਵ ਕੀਤਾ ਜਾਵੇ ਤੇ ਨਾ ਹੀ ਕੁਆਲਿਟੀ ਦੇ ਪੱਖ ਤੋਂ ਕੋਈ ਸਮਝੌਤਾ ਕੀਤਾ ਜਾਵੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਉਹ ਸਾਰੇ ਵਾਅਦੇ ਇਕ-ਇਕ ਕਰਕੇ ਪੂਰੇ ਕਰ ਰਹੀ ਹੈ ਜੋ ਕਿ ਸਰਕਾਰ ਬਣਾਉਣ ਤੋਂ ਪਹਿਲਾ ਅਸੀਂ ਆਪਣੇ ਲੋਕਾਂ ਨਾਲ ਕੀਤੇ ਸਨ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਹਲਕਾ ਚੱਬੇਵਾਲ ਵਿਚ ਪਹਿਲਾ ਵੀ ਕਰੋੜਾਂ ਰੁਪਏ ਖਰਚ ਕਰਕੇ ਵੱਖ-ਵੱਖ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ ਅਤੇ ਭਵਿੱਖ ਵਿਚ ਵੀ ਵਿਕਾਸ ਕਾਰਜਾਂ ਵਿਚ ਕਿਸੇ ਤਰ੍ਹਾਂ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਚੱਬੇਵਾਲ ਹਲਕੇ ਨੂੰ ਸੂਬੇ ਦਾ ਮਾਡਲ ਹਲਕਾ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਦੀ ਝਲਕ ਹਲਕੇ ਦੇ ਪਿੰਡਾਂ-ਕਸਬਿਆਂ ਵਿਚ ਹੋਏ ਵਿਕਾਸ ਤੋਂ ਸਾਫ਼ ਦਿਖਾਈ ਵੀ ਦੇ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਕੋਲ ਮੌਜੂਦਾ ਸਮੇਂ ਕੋਈ ਵੀ ਠੋਸ ਮੁੱਦਾ ਨਹੀਂ ਹੈ ਜਦੋਂਕਿ ਆਮ ਆਦਮੀ ਪਾਰਟੀ ਵਿਕਾਸਮਈ ਵਿਜ਼ਨ ਨਾਲ ਅੱਗੇ ਵੱਧ ਰਹੀ ਹੈ।

## ਸਰ ਮਾਰਸ਼ਲ ਸਕੂਲ ਬੈਂਸ ਅਵਾਨ 'ਚ ਬਾਲ ਦਿਵਸ ਮਨਾਇਆ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਰ ਮਾਰਸ਼ਲ ਗਰੁੱਪ ਆਫ ਸਕੂਲ ਵੱਲੋਂ ਚਲਾਏ ਜਾ ਰਹੇ ਮਾਰਸ਼ਲ ਸਕੂਲ ਬੈਂਸ ਅਵਾਨ ਵਿੱਚ ਬਾਲ ਦਿਵਸ ਬੜੀ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਰ ਮਾਰਸ਼ਲ ਗਰੁੱਪਸ ਆਫ ਸਕੂਲ ਦੇ ਚੇਅਰਮੈਨ ਰਜਿੰਦਰ ਸਿੰਘ ਮਾਰਸ਼ਲ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਤੇ ਪ੍ਰਿੰਸਿਪਲ ਮੈਡਮ ਗਾਇਤਰੀ ਦੀ ਅਗਵਾਈ ਚ ਹੋਏ ਸਮਾਗਮ ਦੌਰਾਨ ਵੱਖ-ਵੱਖ ਕਲਾਸਾਂ ਦੇ ਵਿਦਿਆਰਥੀਆਂ ਨੇ ਭਾਗ ਲੈਂਦੇ ਹੋਏ ਸਕੂਲ ਪ੍ਰਬੰਧਕੀ ਟੀਮਾਂ ਦਵਾਇਤਾਂ



ਅਨੁਸਾਰ ਵਿਦਿਆਰਥੀਆਂ ਦੇ ਖੇਡ ਮੁਕਾਬਲੇ, ਸਾਂਝਾ ਮਨੋਰੰਜਨ ਅਤੇ ਰੰਗਾ ਰੰਗ ਗਤੀਵਿਧੀਆਂ ਕਰਵਾਈਆਂ ਗਈਆਂ ਜਿਸ ਵਿੱਚ ਬੱਚਿਆਂ ਨੇ ਬੜੀ ਹੀ ਦਿਲਚਸਪੀ ਅਤੇ ਉਤਸ਼ਾਹ ਨਾਲ ਭਾਗ ਲੈਂਦੇ ਹੋਏ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਗਟਾਵਾ ਕੀਤਾ। ਇਸ ਮੌਕੇ ਪ੍ਰਿੰਸੀਪਲ ਗਾਇਤਰੀ ਨੇ ਬੱਚਿਆਂ ਨੂੰ ਬਾਲ ਦਿਵਸ ਦੀ ਮਹੱਤਤਾ ਸੰਬੰਧੀ ਜਾਣਕਾਰੀ ਦਿੱਤੀ ਅਤੇ ਚਿਲਡਰਨ ਡੇ ਤੇ ਮੁਬਾਰਕਬਾਦ ਦਿੱਤੀ। ਇਸ ਸਮੇਂ ਵਾਈਸ ਪ੍ਰਿੰਸਿਪਲ ਕੁਲਵੀਰ ਸਿੰਘ ਤੋਂ ਇਲਾਵਾ ਸਟਾਫ ਮੈਂਬਰਾਂ ਵਿੱਚ ਮੈਡਮ ਕੁਲਦੀਪ ਕੌਰ,ਬਲਦੇਵ ਸਿੰਘ, ਓਂਕਾਰ ਸਿੰਘ ਮੈਡਮ ਭਾਵਨਾ, ਨਿਸ਼ਾ, ਸੰਦੀਪ ਕੌਰ ਤੋਂ ਇਲਾਵਾ ਬੱਚਿਆਂ ਦੇ ਮਾਪੇ ਆਦਿ ਹਾਜ਼ਰ ਸਨ।

## ਸ੍ਰੀ ਰਾਮ ਤੀਰਥ ਦੇ ਦਰਸ਼ਨਾਂ ਲਈ ਤਿੰਨ ਬੱਸਾਂ ਰਵਾਨਾ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਚਲਾਈ ਧਾਰਮਿਕ ਸਥਾਨਾਂ ਲਈ ਯਾਤਰਾ ਯੋਜਨਾ ਤਹਿਤ ਐਮ ਐਲ ਏ ਮੈਡਮ ਇੰਦਰਜੀਤ ਕੌਰ ਮਾਨ ਨੇ ਮੁਹੱਲਾ ਫਲਾਈਵਾਲਾ ਨੇੜੇ ਜਲੰਧਰੀ ਗੇਟ ਨੂਰਮਹਿਲ ਤੋਂ ਸ੍ਰੀ ਵਾਲਮੀਕਿ ਜੀ ਦੇ ਧਰਮ ਸਥਲ ਸ੍ਰੀ ਰਾਮ ਤੀਰਥ ਦੇ ਦਰਸ਼ਨ ਲਈ ਯਾਤਰੀਆਂ ਦੀਆਂ ਭਰੀਆਂ ਤਿੰਨ ਬੱਸਾਂ ਨੂੰ ਰਵਾਨਾ ਕੀਤਾ ਅਤੇ ਕਾਮਨਾ ਕੀਤੀ ਕਿ ਨੂਰਮਹਿਲ ਤੋਂ ਗਏ ਯਾਤਰੀ ਸ੍ਰੀ ਰਾਮ ਤੀਰਥ ਦੀ ਯਾਤਰਾ ਕਰਕੇ ਸੁੱਖ ਸ਼ਾਂਤੀ ਨਾਲ ਆਪਣੇ ਘਰ ਵਾਪਸ ਆਉਣ ਇਸ ਤੋਂ ਬਾਅਦ ਵਿਧਾਨ ਸਭਾ ਹਲਕਾ ਤਰਨਤਾਰਨ ਦੀ ਜਿਮਨੀ ਚੋਣ ਚ ਮਿਲੀ ਸ਼ਾਨਦਾਰ ਜਿੱਤ ਦੇ ਮੱਦੇ ਨਜ਼ਰ ਪੁਰਾਣਾ ਬੱਸ ਅੱਡਾ ਨੂਰਮਹਿਲ ਵਿਖੇ ਲੱਡੂ ਵੰਡ ਕੇ ਵੋਟਰਾਂ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ





ਟਾਹਲੀ, ਪ੍ਰਮੋਦ ਸੇਖੜੀ, ਲਖਵੀਰ ਸਿੰਘ ਉੱਪਲ ਚੇਅਰਮੈਨ ਮਾਰਕੀਟ ਕਮੇਟੀ ਨੂਰਮਹਿਲ, ਗੁਰਪ੍ਰੀਤ ਸਿੰਘ ਰੰਧਾਵਾ ਸੋਸ਼ਲ ਮੀਡੀਆ ਇੰਚਾਰਜ ਹਲਕਾ ਨਕੋਦਰ, ਰਕੇਸ਼ ਅਰੋੜਾ ਸਿਟੀ ਪ੍ਰਧਾਨ, ਮਨੋਜ ਬਤਰਾ ਬਲਾਕ ਪ੍ਰਧਾਨ, ਦਵਿੰਦਰ ਸੰਧੂ ਸਾਬਕਾ ਬਲਾਕ ਪ੍ਰਧਾਨ, ਰਜੀਵ ਮਿਸਰ ਐਮ ਸੀ ਨੂਰਮਹਿਲ, ਪ੍ਰੇਮ ਕੁਮਾਰ ਰਾਜੂ ਕੋਡੀਨੇਟਰਸਵਿੰਗ ਨਕੋਦਰ, ਰਜਨੀਸ਼ ਬੱਬਰ ਕੋਡੀਨੇਟਰ ਨਕੋਦਰ, ਸੰਦੀਪ ਤਕਿਆਰ ਕੋਆਡੀਨੇਟਰ ਨੂਰ ਮਹਿਲ, ਰਕੇਸ਼ ਸ਼ਰਮਾ ਸੋਸ਼ਲ ਮੀਡੀਆ ਇੰਚਾਰਜ ਨੂਰਮਹਿਲ, ਸਾਹਿਲ ਮੈਹਨ, ਸੰਦੀਪ ਬਤਰਾ ਸੰਜੀਵ ਵਰਮਾ, ਸ਼ਿਵਮ ਸੇਤੀਆ, ਨਰਿੰਦਰ ਕੌਰ,ਸਰਬਜੀਤ ਕੋਟਲਾ, ਕਰਨ ਨਾਹਰ ਪ੍ਰਧਾਨ ਵਾਲਮੀਕ ਨੌਜਵਾਨ ਸਭਾ ਨੂਰਮਹਿਲ, ਅਜੀਤ ਸਿੱਧਮ ਮਨਜੀਤ ਸਿੰਘ ਕੰਦੋਲਾ ਆਦਿ ਹਾਜ਼ਰ ਸਨ।



# ਡਾਇਰੈਕਟਰ ਪਨਬਸ ਨੇ 'ਆਪ' ਦੀ ਜਿੱਤ ਦੀ ਖੁਸ਼ੀ 'ਚ ਵੰਡੇ ਲੱਡੂ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਆਮ ਆਦਮੀ ਪਾਰਟੀ ਦੀ ਤਰਨਤਾਰਨ ਵਿਧਾਨ ਸਭਾ ਹਲਕੇ ਵਿਚ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਇਤਿਹਾਸਕ ਜਿੱਤ ਦੀ ਖੁਸ਼ੀ ਵਿਚ ਭੋਗਪੁਰ ਵਿਖੇ ਜੀਤ ਲਾਲ ਭੱਟੀ ਡਾਇਰੈਕਟਰ ਪਨਬਸ ਪੰਜਾਬ ਅਤੇ ਸਮੂਹ ਆਮ ਆਦਮੀ ਪਾਰਟੀ ਦੇ ਵਰਕਰਾਂ ਨਾਲ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ। ਇਸ ਮੌਕੇ ਆਦਮਪੁਰ ਰੋਡ ਦੇ ਮੇਨ ਬਾਜ਼ਾਰ 'ਚ ਸਮੂਹ ਦੁਕਾਨਦਾਰਾਂ ਨੂੰ ਲੱਡੂ ਵੰਡੇ ਗਏ। ਇਸ ਮੌਕੇ ਜੀਤ ਲਾਲ ਭੱਟੀ ਨੇ ਕਿਹਾ ਕਿ ਇਤਿਹਾਸ ਦੇ ਵਿੱਚ ਇਹ ਪਹਿਲੀ ਵਾਰ ਹੋਇਆ ਹੈ ਕਿ ਲੋਕਾਂ ਦੀ ਆਪਣੀ ਚੁਣੀ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਪੰਜਾਬ ਦੇ ਇਮਾਨਦਾਰ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਗਰੀਬ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਕਰਕੇ ਅਤੇ ਪੰਜਾਬ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਦੇਖਦੇ ਹੋਏ ਇਹ ਜਿੱਤ ਮਿਲੀ ਹੈ। ਉਨ੍ਹਾਂ ਨਾਲ ਸੂਬੇਦਾਰ ਹੰਸ ਰਾਜ ਕੋਰਡੀਨੇਟਰ ਐਕਸ ਸਰਵਿਸਮੈਨ ਵਿੰਗ, ਸੁਖਦੇਵ ਰਾਜ ਕੋਰਡੀਨੇਟਰ ਬੁੱਧੀਜੀਵੀ ਵਿੰਗ, ਸਤਨਾਮ ਸਿੰਘ ਮਨਕੋਟੀਆ ਬਲਾਕ ਪ੍ਰਧਾਨ, ਰਮੇਸ਼ ਚੰਦਰ ਜਿਲ੍ਹਾ ਜੁਆਇੰਟ ਸਕੱਤਰ ਟਰੇਡ ਵਿੰਗ, ਬੂਟਾ ਸਿੰਘ ਟੀਟੂ ਕੋਰਡੀਨੇਟਰ ਐੱਸ ਸੀ ਵਿੰਗ, ਗੁਰਦੀਪ ਸਿੰਘ ਗਿੱਲ ਕੋਰਡੀਨੇਟਰ ਯੂਥ ਵਿੰਗ, ਬਾਬਾ ਸੁਰਜੀਤ ਸਿੰਘ ਕੋਰਡੀਨੇਟਰ ਟਰਾਂਸਪੋਰਟ ਵਿੰਗ, ਡਾਕਟਰ ਕਮਲ ਸਿੰਘ ਐਸ.ਸੀ, ਹਰਮੇਲ ਸਿੰਘ ਜਿਲ੍ਹਾ ਜੁਆਇਟ ਸਕੱਤਰ ਐੱਸ ਸੀ ਵਿੰਗ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

# ਮਹਾਨ ਨਗਰ ਕੀਰਤਨ ਦਾ ਪੋਸਟਰ ਜਾਰੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਵਿੱਤਰ ਚਰਨਾਂ ਦੀ ਛੋਹ ਪ੍ਰਾਪਤ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਮੂਨਕਾਂ ਤੋਂ ਨੌਵੇਂ ਪਾਤਸ਼ਾਹ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਮਨਾਉਂਦੇ ਹੋਏ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਵੱਲੋਂ ਮਹਾਨ ਨਗਰ ਕੀਰਤਨ 23 ਨਵੰਬਰ ਨੂੰ ਸਜਾਇਆ ਜਾਵੇਗਾ।ਇਸ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਸਜਾਏ ਜਾਣ ਵਾਲੇ ਮਹਾਨ ਨਗਰ ਕੀਰਤਨ ਦਾ ਪੋਸਟਰ ਜਾਰੀ ਕੀਤਾ ਗਿਆ। ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਵੇਲਾਂ ਵਾਲਿਆਂ ਦੇ ਮੌਜੂਦਾ ਮੁਖੀ ਪੰਥ ਰਤਨ ਸਿੰਘ ਸਾਹਿਬ ਜ਼ਿੰਦਾ ਸਿੰਘ ਸਾਹਿਬ ਸੰਤ ਬਾਬਾ ਨਿਹਾਲ ਸਿੰਘ ਜੀ ਦੀ ਅਗਵਾਈ ਵਿਚ ਸਜਾਏ ਜਾਣ ਵਾਲੇ ਨਗਰ ਕੀਰਤਨ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੁਆਰਾ ਟਾਹਲੀ ਸਾਹਿਬ ਮੂਨਕਾਂ ਦੇ ਮੁੱਖ ਸੇਵਾਦਾਰ ਸੰਤ ਬਾਬਾ ਕੁਲਦੀਪ ਸਿੰਘ ਜੀ ਤੇ ਪ੍ਰਬੰਧਕ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਸੀਕਰੀ ਨੇ ਦੱਸਿਆ ਗ੍ਰਾਮ ਪੰਚਾਇਤ ਮੂਨਕ ਕਲਾ, ਮੂਨਕ ਖੁਰਦ , ਬੋਲੇਵਾਲ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਿ ਮਹਾਨ ਨਗਰ ਕੀਰਤਨ ਦੀਆਂ ਤਿਆਰੀਆਂ ਗੁਰੂ ਘਰ ਵਿਚ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਪ੍ਰਬੰਧਕ ਸੇਵਾਦਾਰਾਂ ਨੇ ਹੋਰ ਦੱਸਿਆ ਕਿ 23 ਨਵੰਬਰ ਨੂੰ ਸਵੇਰੇ ਸਵੇਰੇ 9 ਵਜੇ ਖਾਲਸਾਈ ਸ਼ਾਨੋ-ਸ਼ੌਕਤ ਨਾਲ ਸਜਾਏ ਜਾ ਰਹੇ ਮਹਾਨ ਨਗਰ ਕੀਰਤਨ ਦੌਰਾਨ ਸਭਤੋਂ ਪਹਿਲਾਂ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ।ਇਸ ਮੌਕੇ ਸਰਪੰਚ ਸੁਖਨਿੰਦਰ ਸਿੰਘ ਕੁਰਾਲਾ, ਸਾਬਕਾ ਸਰਪੰਚ ਹਰਬੰਸ ਸਿੰਘ ਮੂਨਕਾਂ, ਜਸਪ੍ਰੀਤ ਸਿੰਘ ਸੈਣੀ, ਸਰਪੰਚ ਮਨਵੀਰ ਸਿੰਘ ਖਾਲਸਾ, ਸੰਦੀਪ ਸਿੰਘ ਕੁਰਾਲਾ, ਪ੍ਰਭਕਰਨ ਸਿੰਘ, ਜਸ਼ਨ ਸਿੰਘ, ਸਾਜਨ ਸਿੰਘ, ਤਜਿੰਦਰ ਸਿੰਘ, ਕਮਲ ਬਖਸ਼ੀ, ਗੁਰਪ੍ਰੀਤ ਸਿੰਘ, ਮਨਪ੍ਰੀਤ ਸਿੰਘ ਵੀ ਹਾਜ਼ਰ ਸਨ।



# ਹਰਦੀਪ ਸੰਧੂ ਦੀ ਜਿੱਤ ਨੇ 2027 ਦੀ ਜਿੱਤ ਨੂੰ ਯਕੀਨੀ ਬਣਾਇਆ : ਪ੍ਰਦੀਪ ਦੁੱਗਲ



**ਗੁਰਾਇਆ (ਬਿੰਦਰ ਸੁੰਮਨ)**- ਤਰਨ ਤਾਰਨ ਹਲਕੇ ਦੀ ਜਿਮਨੀ ਚੋਣ ਵਿੱਚ ਹੋਈ ਸ਼ਾਨਦਾਰ ਜਿੱਤ ਨੇ ਸਿੱਧ ਕਰ ਦਿੱਤਾ ਹੈ ਕਿ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸਰਕਾਰ ਆਮ ਆਦਮੀ ਪਾਰਟੀ ਦੀ ਹੀ ਹੋਵੇਗੀ ਇਹ ਵਿਚਾਰ ਜਿਲ੍ਹਾ ਜਲੰਧਰ ਦੇ ਦਿਹਾਤੀ ਪ੍ਰਧਾਨ ਪ੍ਰਦੀਪ ਦੁੱਗਲ ਅਤੇ ਹਲਕਾ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਜਿੱਤ ਦੀ ਖੁਸ਼ੀ ਵਿੱਚ ਪੱਤਰਕਾਰਾਂ ਨਾਲ ਲੱਡੂ ਵੰਡਦਿਆਂ ਸਾਂਝੇ ਕੀਤੇ ਇਸ ਚੋਣ ਵਿੱਚ ਜਿੱਤ ਨੇ ਲੋਕਾਂ ਦੇ ਭਰੋਸੇ ਨੂੰ ਹੋਰ ਮਜਬੂਤ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿੱਤ ਸਿਰਫ ਤਰਨ ਤਾਰਨ ਵਿਜੇ ਨਹੀਂ ਹੈ ਸਗੋਂ ਪੰਜਾਬ ਦੇ ਭਵਿੱਖ ਵਾਰੇ ਵੀ ਇੱਕ ਸੰਕੇਤ ਹੈ ਆਮ ਆਦਮੀ ਪਾਰਟੀ ਨੇ ਵਿਕਾਸ, ਸਿਕਸ਼ਾ ਅਤੇ ਸਿਹਤ ਵਰਗੇ ਮੁੱਦਿਆਂ ਤੇ ਕੰਮ ਕਰਕੇ ਲੋਕਾਂ ਦੇ ਦਿਲ ਜਿੱਤ ਲਏ ਹਨ। ਪਾਰਟੀ ਦੀ ਜਿੱਤ ਦੀ ਖੁਸ਼ੀ ਤੇ ਆਮ ਆਦਮੀ ਪਾਰਟੀ ਦੇ ਜਿਲ੍ਹਾ ਜਲੰਧਰ ਦੇ ਮੀਡੀਆ ਇੰਚਾਰਜ ਮੇਲਾ ਸਿੰਘ ਰੁੜਕਾ ਅਤੇ ਹਲਕਾ ਪਾਰਟੀ ਸੰਗਠਨ ਇੰਚਾਰਜ ਸੰਜੇ ਅਟਵਾਲ ਨੇ ਕਿਹਾ ਕਿ ਪਾਰਟੀ 2027 ਵਿੱਚ ਵੀ ਪੂਰੇ ਪੰਜਾਬ ਨੂੰ ਇਸੇ ਤਰ੍ਹਾਂ ਵਿਕਸਤ ਅਤੇ ਖੁਸ਼ਹਾਲ ਬਣਾਵੇਗੀ ਅਤੇ ਵਿਕਾਸ ਕਾਰਜਾਂ ਨੂੰ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ ਪਾਰਟੀ ਦੇ ਬਲਾਕ ਪ੍ਰਧਾਨ ਸਾਹਿਬਾਨ ਅਤੇ ਦਰਜਾ ਬਦਰਜਾ ਆਗੂ ਸ਼ਾਮਲ ਸਨ।

## ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

**ਅਲਾਵਲਪੁਰ (ਮਦਨ ਬੰਗੜ)**- ਸਥਾਨਕ ਏ ਐਸ ਸੀਨੀਅਰ ਸੈਕੰਡਰੀ ਸਕੂਲ, ਅਲਾਵਲਪੁਰ ਵਿਖੇ ਸਕੂਲ ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਦੀ ਦੇਖ-ਰੇਖ ਹੇਠ ਸਕੂਲ ਵਿਦਿਆਰਥੀਆਂ ਦੇ ਵੱਖ ਵੱਖ ਵੰਨਗੀਆਂ ਚ ਵਿਦਿਆਕ ਅਤੇ ਕਲਾ ਮੁਕਾਬਲੇ ਕਰਵਾਏ ਗਏ।ਜਿਨ੍ਹਾਂ ਵਿੱਚ ਰਹਿੰਦ-ਖੂੰਹਦ ਤੋਂ ਕਾਰਡ ਬਣਾਉਣਾ, ਰੰਗੋਲੀ, ਨਾਚ, ਕਵਿਤਾ,ਲੇਖ ਆਦਿ ਸ਼ਾਮਲ ਸਨ। ਇਸ ਮੌਕੇ ਲੇਖ - ਲਕਸ਼ਮੀ ਫਾਊਂਡੇਸ਼ਨ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨੂੰ ਵੱਖ-ਵੱਖ ਮੁਕਾਬਲਿਆਂ ਵਿੱਚ ਵਧੀਆ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ ਗਏ। ਇਸ ਮੌਕੇ ਮੁੱਖ



ਮਹਿਮਾਨ ਵਜੋਂ ਉਚੇਚੇ ਤੌਰ ਤੇ ਸ਼ਾਮਲ ਹੋਏ ਸ਼੍ਰੀਮਤੀ ਪਰਮਜੀਤ ਕੌਰ ਢਿੱਲੋਂ ਅਤੇ ਉਪੇਂਦਰ ਸ਼ਰਮਾ ਨੇ ਬੱਚਿਆਂ ਨੂੰ ਇਨਾਮ ਤਕਸੀਮ ਕੀਤੇ।ਪ੍ਰਿੰਸੀਪਲ ਸੰਜੀਵ ਕੁਮਾਰ ਸ਼ਰਮਾ ਨੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ, ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸਕੂਲ ਦਾ ਸਮੁੱਚਾ ਸਟਾਫ਼ ਜੈ ਪ੍ਰਕਾਸ਼ ਸ਼ਾਸਤਰੀ, ਮੁਕੇਸ਼ ਕੁਮਾਰ ਸ਼ਰਮਾ, ਲਾਲਜੀ ਦਾਸ, ਮੈਡਮ ਸੀਮਾ ਸੂਦ, ਮੈਡਮ ਸੁਨੀਤਾ ਰਾਣੀ, ਮੈਡਮ ਸੀਮਾ ਚੋਡਾ, ਮੈਡਮ ਸੁਮਨ ਬਾਲਾ, ਮੈਡਮ ਰਜਨੀ ਚੋਡਾ ਅਤੇ ਮੈਡਮ ਨੀਰੂ ਹਾਜ਼ਰ ਸਨ ।

## ਮੇਹਰ ਚੰਦ ਪਾਲੀਟੈਕਨਿਕ ਕਾਲਜ ਨੇ ਜਿੱਤੀ ਓਵਰਆਲ ਫਸਟ ਰਨਰ-ਅੱਪ ਟ੍ਰਾਫੀ

**ਜਲੰਧਰ (ਸ਼ੈਲੀ ਐਲਬਰਟ)** ਮੇਹਰ ਚੰਦ ਪਾਲੀਟੈਕਨਿਕ ਕਾਲਜ ਜਲੰਧਰ ਨੇ ਇੰਟਰ-ਪਾਲੀਟੈਕਨਿਕ ਪੀ ਟੀ ਆਈ ਐਸ ਯੂਥ ਫੈਸਟੀਵਲ ਵਿੱਚ ਉਮਦਾ ਪ੍ਰਦਰਸ਼ਨ ਕਰਦਿਆਂ ਕੋਰਿਓਗ੍ਰਾਫੀ ਵਿੱਚ ਗੋਲਡ ਮੈਡਲ, ਭੰਗੜੇ ਵਿੱਚ ਗੋਲਡ ਮੈਡਲ ਅਤੇ ਲੋਕ ਗੀਤ ਲੜਕੇ ਅਤੇ ਲੜਕੀਆਂ ਦੋਵਾਂ ਦੇ ਮੁਕਾਬਲਿਆਂ ਵਿੱਚ ਤੀਜਾ ਸਥਾਨ ਹਾਸਲ ਕਰਕੇ ਕਾਂਸੇ ਦਾ ਤਗਮਾ ਜਿੱਤਿਆ। ਇਸਦੇ ਨਾਲ ਹੀ ਕਾਲਜ ਨੇ ਫਸਟ ਰਨਰ-ਅੱਪ ਟ੍ਰਾਫੀ 'ਤੇ ਵੀ ਕਬਜ਼ਾ ਕੀਤਾ।ਇਹ ਯੂਥ ਫੈਸਟਿਵਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਦਸ਼ਮੇਸ਼ ਆਡੀਟੋਰੀਅਮ



ਵਿੱਚ ਹੋਇਆ, ਜੋ ਕਿ ਸਰਕਾਰੀ ਪਾਲੀਟੈਕਨਿਕ ਕਾਲਜ ਅੰਮ੍ਰਿਤਸਰ ਦੀ ਦੇਖ-ਰੇਖ ਵਿੱਚ ਆਯੋਜਿਤ ਕੀਤਾ ਗਿਆ।ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸੱਭਿਆਚਾਰਕ ਵਿਭਾਗ ਦੇ ਮੈਂਬਰਾਂ ਮੇਜਰ ਪੰਕਜ ਗੁਪਤਾ, ਮੈਡਮ ਪ੍ਰੀਤ ਕਨਵਲ, ਮਨੀਸ਼ ਸਚਦੇਵਾ ਅਤੇ ਮੈਡਮ ਦੇਵਿਕਾ ਨੂੰ ਮੁਬਾਰਕਬਾਦ ਦਿੱਤੀ।ਕਾਲਜ ਦੇ ਵਿਦਿਆਰਥੀ ਗਲ ਵਿੱਚ ਮੈਡਲ ਪਾ ਕੇ ਅਤੇ ਟ੍ਰਾਫੀਆਂ ਹੱਥ ਵਿੱਚ ਫੜਕੇ ਢੋਲ ਦੀ ਤਾਪ 'ਤੇ ਭੰਗੜਾ ਪਾਂਦੇ ਹੋਏ ਕਾਲਜ ਵਿੱਚ ਦਾਖਲ ਹੋਏ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸੰਬੰਧਤ ਸਟਾਫ ਅਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ।

# ਫਤਿਹਗੜ੍ਹ ਸਕੂਲ ਨੇ ਵਿਗਿਆਨ ਤੇ ਗਣਿਤ ਪ੍ਰਦਰਸ਼ਨੀ 'ਚ ਮਹੱਤਵਪੂਰਨ ਸਫਲਤਾ ਪ੍ਰਾਪਤ ਕੀਤੀ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਿੱਖਿਆ ਵਿਭਾਗ ਦੀ ਅਗਵਾਈ ਹੇਠ, ਰਾਸ਼ਟਰੀ ਵਿਗਿਆਨ ਪ੍ਰਦਰਸ਼ਨੀ ਲਈ ਕਾਢਾਂ ਦੇ ਹਿੱਸੇ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਸਰਾਲਾ (ਜ਼ਿਲ੍ਹਾ ਹੁਸ਼ਿਆਰਪੁਰ - ਬਲਾਕ 2ਏ) ਵਿਖੇ ਗਣਿਤ ਅਤੇ ਵਿਗਿਆਨ ਵਿਸ਼ਿਆਂ ਵਿੱਚ ਮਿਡਲ ਅਤੇ ਹਾਈ-ਲੈਵਲ ਮੁਕਾਬਲੇ ਕਰਵਾਏ ਗਏ। ਬਲਾਕ 2ਏ ਦੇ ਸਾਰੇ ਸਕੂਲਾਂ ਨੇ ਇਸ ਮੁਕਾਬਲੇ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਸਰਕਾਰੀ ਸੈਕੰਡਰੀ ਸਮਾਰਟ ਸਕੂਲ, ਫਤਿਹਗੜ੍ਹ ਦੇ ਮੁੱਖ ਅਧਿਆਪਕ ਮਨੋਜ ਕੁਮਾਰ (ਕੈਨੇਡੀ) ਨੇ ਕਿਹਾ ਕਿ ਫਤਿਹਗੜ੍ਹ ਸਕੂਲ ਦੀ ਸ਼ਾਨਦਾਰ ਸਫਲਤਾ ਸਕੂਲ ਦੇ ਸਮਰਪਿਤ ਅਤੇ ਮਿਹਨਤੀ ਅਧਿਆਪਕਾਂ: ਬਲਵਿੰਦਰ ਕੌਰ, ਰੇਣੂ ਭਾਟੀਆ, ਨਰੇਸ਼ ਸ਼ਰਮਾ ਅਤੇ ਆਰਤੀ ਰਾਣਾ ਦੇ ਅਣਥੱਕ ਯਤਨਾਂ ਨੂੰ ਦਰਸਾਉਂਦੀ ਹੈ। ਉਨ੍ਹਾਂ ਦੀ ਅਗਵਾਈ ਹੇਠ, ਬੱਚਿਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨਾਲ ਸਕੂਲ ਦਾ ਨਾਂਅ ਰੌਸ਼ਨ ਹੋਇਆ।ਮਿਡਲ ਪੱਧਰ ਦੇ ਮੁਕਾਬਲੇ ਵਿੱਚ ਅਭਿਸ਼ੇਕ ਯਾਦਵ ਨੇ ਗਣਿਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ। ਉੱਚ ਪੱਧਰੀ ਵਿਗਿਆਨ ਮੁਕਾਬਲੇ ਵਿੱਚ, ਸਨੇਹਾ, ਦਰਾਕਸ਼ਾ ਮਰੀਅਮ ਅਤੇ ਕੁੰਦਨ ਨੇ ਪਹਿਲਾ ਸਥਾਨ, ਸ਼ੁਭਮ ਨੇ ਦੂਜਾ ਅਤੇ ਪ੍ਰਿੰਸ ਰਾਮ ਤਰਬੇ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਜਿਸ ਨਾਲ ਸਕੂਲ ਦਾ ਨਾਮ ਰੌਸ਼ਨ ਹੋਇਆ।ਸਵੇਰ ਦੀ ਸਭਾ ਦੌਰਾਨ ਆਪਣੇ ਸੰਬੋਧਨ ਵਿੱਚ, ਪ੍ਰਿੰਸੀਪਲ ਮਨੋਜ ਕੁਮਾਰ ਨੇ ਸਾਰੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਦਿਲੋਂ ਵਧਾਈ ਦਿੱਤੀ। ਉਨ੍ਹਾਂ ਨੇ ਬੱਚਿਆਂ ਨੂੰ ਸਖ਼ਤ ਮਿਹਨਤ ਕਰਦੇ ਰਹਿਣ ਅਤੇ 26 ਨਵੰਬਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਬਾਗਪੁਰ ਵਿਖੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਉਣ ਲਈ ਉਤਸ਼ਾਹਿਤ ਕੀਤਾ। ਸਕੂਲ ਦਾ ਸਮੁੱਚਾ ਸਟਾਫ਼ - ਬਲਵਿੰਦਰ ਕੌਰ, ਰੇਣੂ ਭਾਟੀਆ, ਪਰਮਿੰਦਰ ਕੌਰ, ਨਰੇਸ਼ ਸ਼ਰਮਾ, ਗੁਰਪ੍ਰੀਤ ਕੌਰ, ਪੂਜਾ ਰਾਣੀ, ਅਮੀਸ਼ਾ ਠਾਕੁਰ, ਸਿਮਰਨਜੀਤ ਕੌਰ, ਸੌਰਵ, ਅਤੇ ਹੋਰ - ਮੌਜੂਦ ਸਨ ਅਤੇ ਵਿਦਿਆਰਥੀਆਂ ਦੀ ਸਫਲਤਾ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ।

# ਬੈਂਸ ਨੇ ਰੱਖਿਆ ਪੁਲੀ ਦਾ ਨੀਂਹ ਪੱਥਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਨੇੜਲੇ ਪਿੰਡ ਬੱਢਲ ਹੇਠਲਾ ਦੀ 25 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਪੁਲੀ ਦਾ ਨੀਂਹ ਪੱਥਰ ਰੱਖਿਆ ਗਿਆ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਵਿਕਾਸ ਕਾਰਜ ਸ਼ੁਰੂ ਹੋ ਚੁੱਕੇ ਹਨ ਤੇ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਸ਼ਹਿਰਾਂ ਦੀ ਤਰਜ ਤੇ ਵਿਕਾਸ ਕਰਾਂਗੇ ਤਾਂ ਜੋ ਵਿਕਾਸ ਦੀ ਨਵੀਂ ਇਬਾਰਤ ਲਿਖੀ ਜਾ ਸਕੇ।ਇਸ ਮੌਕੇ ਭਗਤ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ ਦੇ ਚੇਅਰਮੈਨ ਡਾ. ਸੰਜੀਵ ਗੌਤਮ, ਸੋਹਣ ਸਿੰਘ ਨਿੱਕੂਵਾਲ, ਡਾ. ਅਜਮੇਰ ਸਿੰਘ ਕੁਨਰ, ਸੋਨੀ ਸੈਣੀ, ਸਰਪੰਚ ਜਰਨੈਲ ਸਿੰਘ ਮੀਢਵਾਂ, ਕੇਸ਼ਰ ਸਿੰਘ ਰਾਮ ਲਾਲ, ਗੁਰਮੀਤ ਸਿੰਘ, ਇਕਬਾਲ ਸਿੰਘ, ਕਰਮ ਸਿੰਘ, ਰਣਬੀਰ ਸਿੰਘ, ਤਰਲੋਚਨ ਸਿੰਘ, ਗਿਆਨ ਸਿੰਘ, ਸਵਰਨ ਸਿੰਘ ਦਿਆਲ ਸਿੰਘ, ਚੂਹੜ ਸਿੰਘ, ਕੁਲਵੀਰ ਸਿੰਘ, ਜ਼ੋਰਿੰਦਰ ਸਿੰਘ, ਹਰਮਨਜੀਤ ਸਿੰਘ, ਚਰਨਜੀਤ ਸਿੰਘ, ਨਵਜੋਤ ਸਿੰਘ, ਪਰਮਜੀਤ ਆਦਿ ਹਾਜਰ ਸਨ।

# ਕਾਮਰੇਡ ਕੁਲਦੀਪ ਸਿੰਘ ਦੀ ਬਰਸੀ ਮਨਾਈ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਪੰਜਾਬ ਪੈਨਸ਼ਨਰਜ਼ ਯੂਨੀਅਨ ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਓਂਕਾਰ ਸਿੰਘ ਦੀ ਪ੍ਰਧਾਨਗੀ ਹੇਠ ਪਾਰਟੀ ਦਫਤਰ ਵਿਖੇ ਹੋਈ। ਜਿਸ ਵਿੱਚ ਕਾਮਰੇਡ ਕੁਲਦੀਪ ਸਿੰਘ ਦੀ ਬਰਸੀ ਸਬੰਧੀ ਸਮਾਗਮ ਮਨਾਏ ਗਏ। ਕਾਮਰੇਡ ਕੁਲਦੀਪ ਸਿੰਘ ਦੇ ਜੀਵਨ ਸਬੰਧੀ ਅਮਰੀਕ ਸਿੰਘ ਜਨਰਲ ਸਕੱਤਰ ਨੇ ਜਾਣਕਾਰੀ ਸਾਂਝੀ ਕੀਤੀ। ਇਸ ਉਪਰੰਤ ਯੂਨੀਅਨ ਦੇ ਮੈਂਬਰ ਬੂਟਾ ਸਿੰਘ (75) ਅਤੇ ਕੇਵਲ ਕ੍ਰਿਸ਼ਨ ਨੂੰ ਲੋਈ ਦੇ ਕੇ ਸਨਮਾਨਤ ਕੀਤਾ ਗਿਆ। ਇਸ ਉਪਰੰਤ ਯੂਨੀਅਨ ਦੇ ਮੁੱਖ ਬੁਲਾਰੇ ਅਮਰੀਕ ਸਿੰਘ ਜਨਰਲ ਸਕੱਤਰ, ਓਕਾਰ ਸਿੰਘ ਪ੍ਰਧਾਨ ਅਤੇ ਬਿੱਕਰ ਸਿੰਘ ਨੇ ਸਰਕਾਰ ਨੂੰ ਘੇਰਦਿਆਂ ਕਿਹਾ ਕਿ ਸਰਕਾਰ ਨੇ ਪੈਨਸ਼ਨਰਜ਼ ਅਤੇ ਮੁਲਾਜ਼ਮ ਅਣਗੌਲੇ ਕਰ ਦਿੱਤੇ ਹਨ। ਜਿਸ ਕਾਰਨ ਪੈਨਸ਼ਨਰਜ਼ ਅਤੇ ਮੁਲਾਜ਼ਮਾਂ ਨੂੰ ਇਸ ਸਾਲ ਕਾਲੀ ਦਿਵਾਲੀ ਮਨਾਉਣੀ ਪਈ। ਮੀਟਿੰਗ ਵਿੱਚ ਬਲਵੀਰ ਸਿੰਘ, ਕ੍ਰਿਸ਼ਨ ਦਾਸ, ਗੁਰਦੇਵ ਸਿੰਘ, ਗੁਰਮੀਤ ਸਿੰਘ, ਹਰਬੰਸ ਲਾਲ, ਸੁਰਜੀਤ ਸਿੰਘ, ਦਲਵਿੰਦਰ ਸਿੰਘ, ਨੱਥੂ ਰਾਮ, ਅਰਜਨ ਸਿੰਘ, ਓਂਕਾਰ ਸਿੰਘ, ਸੁਰਜੀਤ ਸਿੰਘ ਕੈਸ਼ੀਅਰ ਆਦਿ ਹਾਜ਼ਰ ਸਨ।



# ਬਾਲ ਦਿਵਸ 'ਤੇ ਡਰਾਇੰਗ ਮੁਕਾਬਲੇ ਕਰਵਾਏ




**ਜਲੰਧਰ (ਨ ਜ ਸ)**- ਬਾਲ ਦਿਵਸ ਤੇ ਥਿੰਦ ਆਈ ਹਸਪਤਾਲ ਜਲੰਧਰ ਵਿਖੇ 'ਸਕਰੀਨ ਟਾਈਮ ਬਨਾਮ ਗ੍ਰੀਨ ਟਾਈਮ' ਥੀਮ 'ਤੇ ਇੱਕ ਡਰਾਇੰਗ ਮੁਕਾਬਲੇ ਨਾਲ ਕਰਵਾਇਆ ਗਿਆ। ਜਲੰਧਰ ਦੇ 15 ਸਕੂਲਾਂ ਦੇ 400 ਤੋਂ ਵੱਧ ਵਿਦਿਆਰਥੀਆਂ ਨੇ ਇਸ ਡਰਾਇੰਗ ਮੁਕਾਬਲੇ ਵਿੱਚ ਹਿੱਸਾ ਲਿਆ। ਡਾ. ਜਸਵੰਤ ਸਿੰਘ ਥਿੰਦ, ਚੇਅਰਮੈਨ ਅਤੇ ਮੈਨੇਜਿੰਗ ਡਾਇਰੈਕਟਰ, ਥਿੰਦ ਆਈ ਹਸਪਤਾਲ, ਨੇ ਬੱਚਿਆਂ ਵਿੱਚ ਸਕਰੀਨ ਟਾਈਮ ਘਟਾਉਣ ਲਈ ਜਾਗਰੂਕਤਾ 'ਤੇ ਭਾਸ਼ਣ ਦਿੱਤਾ। ਇਸ ਸਮਾਗਮ ਦਾ ਉਦੇਸ਼ ਕਲਾ ਵਰਗੇ ਦਿਲਚਸਪ ਮਾਧਿਅਮ ਰਾਹੀਂ ਬੱਚਿਆਂ ਵਿੱਚ ਅੱਖਾਂ ਦੀ ਦੇਖਭਾਲ ਬਾਰੇ ਸਮਝ ਨੂੰ ਉਤਸ਼ਾਹਿਤ ਕਰਨਾ ਸੀ। ਸੰਦੀਪ ਰਿਸ਼ੀ, ਕਮਿਸ਼ਨਰ ਮਿਉਂਸਪਲ ਕਾਰਪੋਰੇਸ਼ਨ ਜਲੰਧਰ ਸਮਾਗਮ ਦੇ ਮੁੱਖ ਮਹਿਮਾਨ ਸਨ, ਜਿਨ੍ਹਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ। ਉਨ੍ਹਾਂ ਇਸ ਮੌਕੇ ਤੇ ਕਿਹਾ ਕਿ ਥਿੰਦ ਆਈ ਹਸਪਤਾਲ ਨੂੰ ਇਸ ਸਮਾਗਮ ਦੇ ਆਯੋਜਨ ਲਈ ਬਹੁਤ ਬਹੁਤ ਵਧਾਈ ਕਿ ਉਨ੍ਹਾਂ ਨੇ ਬਾਲ ਦਿਵਸ ਨਾਲ ਜੋੜ ਕੇ ਇਸ ਪ੍ਰੋਗਰਾਮ ਨੂੰ ਕੀਤਾ। ਸਟੇਜ 'ਤੇ ਮੌਜੂਦ ਹੋਰ ਪਤਵੰਤਿਆਂ ਵਿੱਚ ਡਾ. ਐੱਸ. ਐੱਸ. ਮਾਨ , ਡਾ. ਰੁਚੀ ਗੌੜ, ਰਮਨ ਨੇਹਰਾ, ਰਾਜੇਸ਼ ਥਾਪਾ ਸੀਨੀਅਰ ਮੀਤ ਪ੍ਰਧਾਨ, ਪੰਜਾਬ ਪ੍ਰੈਸ ਕਲੱਬ ਜਲੰਧਰ ਸ਼ਾਮਲ ਸਨ। ਵਿਦਿਆਰਥੀਆਂ ਦੇ ਇਸ ਡਰਾਇੰਗ ਮੁਕਾਬਲੇ ਦੇ ਜੇਤੂਆਂ ਦੀ ਚੋਣ ਰੁਚੀ ਚੋਪੜਾ, ਅੰਜਨਾ ਗੁਪਤਾ, ਸਵਰਾਜ ਕੌਰ, ਨੀਤਿਕਾ ਗੁਪਤਾ ਜੱਜਾਂ ਵਲੋਂ ਕੀਤੀ ਗਈ। ਡਾ. ਸੌਰਭ ਮਿੱਤਲ, ਥਿੰਦ ਆਈ ਹਸਪਤਾਲ ਦੇ ਬਾਲ ਅੱਖਾਂ ਦੇ ਸਰਜਨ, ਨੇ ਬੱਚਿਆਂ ਨਾਲ ਜਾਣਕਾਰੀ ਭਰਪੂਰ ਗੱਲਬਾਤ ਕੀਤੀ ਕਿ ਉਹ ਇਸ ਡਿਜੀਟਲ ਯੁੱਗ ਵਿੱਚ ਆਪਣੀਆਂ ਅੱਖਾਂ ਦੀ ਦੇਖਭਾਲ ਕਿਵੇਂ ਕਰ ਸਕਦੇ ਹਨ ।

# ਹੜ੍ਹ ਪੀੜ੍ਹਤ, 84 ਦੇ ਦੰਗਾ ਪੀੜਤਾਂ ਤੇ ਸ਼ਹੀਦ ਸਿੰਘਾਂ ਪਰਵਾਰਾਂ ਦੀ ਸਪੇਨ ਦੀ ਸੰਗਤ ਵੱਲੋਂ ਕੀਤੀ ਆਰਥਿਕ ਮਦਦ

**ਕਾਲਾ ਸੰਘਿਆਂ (ਮਨਜੀਤ ਮਾਨ)** ਜ਼ਿਲ੍ਹਾ ਕਪੂਰਥਲਾ ਦੇ ਅਧੀਨ ਪੈਂਦੇ ਕਸਬਾ ਕਾਲਾ ਸੰਘਿਆਂ ਦੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਵਿਖੇ ਤੀਰਥ ਸਿੰਘ ਸਪੇਨ ਪ੍ਰਧਾਨ ਗੁਰਦੁਆਰਾ ਬਾਰ ਸਲੋਨਾ ਸਪੇਨ ਤੇ ਭਾਈ ਬਲਵੀਰ ਸਿੰਘ ਸੈਦੋਵਾਲ ਸਪੇਨ ਤੇ ਸਪੇਨ ਦੀ ਸਮੂਹ ਸਾਧ ਸੰਗਤ ਵੱਲੋਂ ਹੜ੍ਹ ਪੀੜ੍ਹਤ, 84 ਦੇ ਦੰਗਾ ਪੀੜ੍ਹਤ ਤੇ ਸ਼ਹੀਦ ਸਿੰਘਾਂ ਦੇ ਪਰਿਵਾਰਾਂ ਵਾਸਤੇ ਆਰਥਿਕ ਮਦਦ ਲੈਕੇ ਪਹੁੰਚੇ ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਮੁੱਖ ਸੰਚਾਲਕ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜ ਸਿੰਘਾਂ ਦੀ ਆਰਥਿਕ ਮਦਦ ਕਰਨ ਲਈ ਸਪੇਨ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਸੀ ਉਨ੍ਹਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਪ੍ਰਧਾਨ ਤੀਰਥ ਸਿੰਘ ਸਪੇਨ ਤੇ ਭਾਈ ਬਲਵੀਰ ਸਿੰਘ ਸੈਦੋਵਾਲ ਸਪੇਨ ਨੂੰ ਆਰਥਿਕ ਮਦਦ ਕਰਨ ਵਾਸਤੇ ਪਹੁੰਚੇ ਅੱਜ ਗੁਰਦੁਆਰਾ ਸੰਤ ਬਾਬਾ



ਕਾਹਨ ਦਾਸ ਜੀ ਵਿਖੇ ਗਿਆਨੀ ਲਾਲ ਸਿੰਘ ਗੁਰਦਾਸਪੁਰ ਪੁਰ ਨੂੰ 35 ਹਜ਼ਾਰ ਰੁਪਏ, ਗਿਆਨੀ ਗੁਰਵਿੰਦਰ ਸਿੰਘ ਮੱਖੂ 35 ਹਜ਼ਾਰ ਰੁਪਏ, ਗਿਆਨੀ ਗੁਰਬਚਨ ਸਿੰਘ ਕਪੂਰਥਲਾ 35 ਹਜ਼ਾਰ ਰੁਪਏ, ਬੀਬੀ ਬਚਨੀ ਪਿੰਡ ਉੱਗੀ 35 ਹਜ਼ਾਰ ਰੁਪਏ, ਬੀਬੀ ਮਨਜੀਤ ਕੌਰ ਅੰਮ੍ਰਿਤਸਰ ਨੂੰ 20 ਹਜ਼ਾਰ ਰੁਪਏ ਦੀ ਆਰਥਿਕ ਮਦਦ ਕੀਤੀ ਗਈ ਪ੍ਰਧਾਨ ਤੀਰਥ ਸਿੰਘ ਸਪੇਨ ਤੇ ਭਾਈ ਬਲਵੀਰ ਸਿੰਘ ਸਪੇਨ ਨੇ ਇਸ ਨਿਸ਼ਕਾਮ ਸੇਵਾ ਨੂੰ ਨਿਰੰਤਰ ਜਾਰੀ ਰੱਖਣ ਦਾ ਬੀੜਾ ਚੁੱਕਿਆ ਹੋਇਆ ਹੈ ਉਨ੍ਹਾਂ ਕਿਹਾ ਕਿ ਇਸ ਨਿਸ਼ਕਾਮ ਸੇਵਾ ਨੂੰ ਨਿਰੰਤਰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਗੁਰਦੁਆਰਾ ਸੰਤ ਬਾਬਾ ਕਾਹਨ ਦਾਸ ਜੀ ਕਾਲਾ ਸੰਘਿਆਂ ਦੇ ਹੈੱਡ ਗ੍ਰੰਥੀ ਭਾਈ ਸੁਰਜੀਤ ਸਿੰਘ ਸੋਹਲ, ਭਾਈ ਅਵਤਾਰ ਸਿੰਘ ਸਿੱਧਵਾਂ ਦੋਨਾਂ ਵਾਲੇ ਸੇਵਾਦਾਰ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ, ਦਿਲਪ੍ਰੀਤ ਸਿੰਘ ਖੇਮਕਰਨ, ਆਤਮਾ ਸਿੰਘ ਬਨਵਾਲੀਪੁਰ ਪੁਰ ਵਾਲਿਆ ਵੱਲੋਂ ਸਾਂਝੇ ਤੌਰ 'ਤੇ ਤੀਰਥ ਸਿੰਘ ਸਪੇਨ ਪ੍ਰਧਾਨ ਗੁਰਦੁਆਰਾ ਬਾਰ ਸਲੋਨਾ ਸਪੇਨ ਤੇ ਭਾਈ ਬਲਵੀਰ ਸਿੰਘ ਸੈਦੋਵਾਲ ਸਪੇਨ ਵਾਲਿਆ ਦਾ ਗੁਰੂ ਦੀ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

# ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਕਾਰਵਾਈ ਸੰਜੀਵ ਅਰੋੜਾ ਸਰਪ੍ਰਸਤ ਵੱਲੋਂ ਕੀਤੀ ਗਈ। ਵੱਖ ਵੱਖ ਬੁਲਾਰਿਆ ਨੇ ਆਪਣੇ ਭਾਸ਼ਣ ਵਿਚ ਨਗਰ



ਨਿਗਮ ਵਲੋਂ ਉਹਨਾਂ ਦੀ ਮੰਗਾਂ ਮੰਨ ਲਈਆਂ ਗਈਆ ਹਨ, ਜਿਸ ਦਾ ਉਹਨਾਂ ਵਲੋਂ ਧੰਨਵਾਦ ਕੀਤਾ ਗਿਆ। ਬਾਕੀ ਬੁਲਾਰੇ ਅਤੇ ਕੁਲਵੰਤ ਸਿੰਘ ਸੈਣੀ ਚੇਅਰਮੈਨ ਵਲੋਂ ਸਰਕਾਰ ਦੇ ਖਿਲਾਫ ਬੋਲਦਿਆ ਕਿਹਾ ਗਿਆ, ਇਹ ਸਰਕਾਰ ਜਦ ਦੀ ਆਈ ਹੈ, ਜਿਹਨਾਂ ਮੁੱਦਿਆ ਉਪਰ ਇਹ ਆਈ ਹੈ ਉਹਨਾਂ ਮੁੱਦਿਆ ਤੋਂ ਭਟਕ ਗਈ ਹੈ, ਕਿਉਂਕਿ ਪਹਿਲਾ ਮੁੱਦਾ ਕੱਚੇ ਮੁਲਾਜਮਾਂ ਨੂੰ ਪੱਕਾ ਕਰਨਾ, ਪੱਕੇ ਮੁਲਾਜਮਾਂ ਦੇ ਸਾਰੇ ਹੱਕ ਦੇਣੇ ਅਤੇ ਆਮ ਲੋਕਾਂ ਦੀਆਂ ਸਮੱਸਿਆਵਾ ਪਹਿਲ ਦੇ ਅਧਾਰ ਤੇ ਹੱਲ ਕਰਨੀਆ ਜੋ ਮੁੱਖ ਸਨ, ਪਰ ਇਹਨਾਂ ਨੇ ਕੱਚੇ ਮੁਲਾਜਮਾਂ ਦੀ ਕੋਈ ਸਾਰ ਨਹੀਂ ਲਈ।ਪੱਕੇ ਮੁਲਾਜਮ ਜਿਹਨਾਂ ਦੇ ਨਵੇਂ ਸਕੇਲ ਦਾ ਏਰੀਅਰ ਅਤੇ ਡੀ.ਏ ਜੋ ਕਿ 16 ਪ੍ਰਤੀਸ਼ਤ ਘੱਟ ਦੇ ਰਹੀ ਹੈ ਉਹ ਦੀਵਾਲੀ ਉਪਰ ਵੀ ਕੋਈ ਕਿਸ਼ਤ ਨਾ ਦੇ ਕੇ ਮੁਲਾਜਮਾਂ ਪ੍ਰਤੀ ਆਪਣਾ ਵਤੀਰਾ ਜਾਹਿਰ ਕੀਤਾ ਹੈ, ਆਓ ਸਾਰੇ ਰਲ ਕੇ ਇਸ ਸਰਕਾਰ ਨੂੰ ਚੱਲਦਾ ਕਰੀਏ, ਤਾਂ ਜੋ ਅਸੀਂ ਆਪਣੇ ਪੁਰਾਣੇ ਰਹਿੰਦੇ ਹੱਕ ਅਤੇ ਪਿੱਛੇ 25 ਸਾਲ ਤੋਂ ਚੱਲਦੇ ਆਉਂਦੇ ਕੱਚੇ ਮੁਲਾਜਮਾ ਦਾ ਕੋਈ ਹੱਲ ਕਰ ਸਕੀਏ। ਮੀਟਿੰਗ ਵਿਚ ਅਮਰਜੀਤ ਸਿੰਘ, ਮੋਹਨ ਸਿੰਘ, ਮਨਜਿੰਦਰ ਸਿੰਘ, ਕੇਵਲ ਲਾਲ ਹੀਰ, ਰਵਿੰਦਰ ਕਾਕਾ, ਦਸ਼ਰਤ ਲਾਲ, ਬਲਵਿੰਦਰ ਸਿੰਘ, ਹਰੀਸ਼ ਕੁਮਾਰ, ਤਰਲੋਚਨ ਸਿੰਘ, ਨਛੱਤਰ ਲਾਲ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਦਰਸ਼ਨ ਸਿੰਘ, ਸੀਤਾ ਰਾਮ, ਬੋਧ ਰਾਜ, ਮਦਨ ਲਾਲ, ਅਸ਼ਵਨੀ ਸ਼ਰਮਾ ਜੇ.ਈ, ਸੁਰਜੀਤ ਬਹਿਲ, ਸੁਰਿੰਦਰ ਕੁਮਾਰ, ਅਵਤਾਰ ਸਿੰਘ, ਏ.ਡੀ.ਐਫ.ਓ, ਨਰੇਸ਼ ਕੁਮਾਰ, ਰਮੇਸ਼ ਕੁਮਾਰ, ਅਸ਼ਵਨੀ ਐਸ.ਡੀ.ਓ ਆਦਿ ਸ਼ਾਮਿਲ ਸਨ।

# ਫੂਡ ਵਿਭਾਗ 'ਚ ਵੱਡੇ ਪੱਧਰ 'ਤੇ ਘਪਲਾ ਕਰਨ ਵਾਲਾ ਮੁਲਜ਼ਮ ਗ੍ਰਿਫ਼ਤਾਰ

**ਫਗਵਾੜਾ (ਡਾ. ਰਮਨ)** ਸ੍ਰੀਮਤੀ ਮਾਧਵੀ ਸ਼ਰਮਾ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਨੇ ਇੱਕ ਪ੍ਰੈਸ ਕਾਨਫਰੰਸ ਕਰਕੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਭੂਸ਼ਣ ਉੱਪ ਪੁਲਸ ਕਪਤਾਨ ਸਬ ਡਵੀਜਨ ਫਗਵਾੜਾ ਦੀ ਨਿਗਰਾਨੀ ਹੇਠ ਐਸ ਆਈ



ਕਿਰਪਾਲ ਸਿੰਘ ਮੁੱਖ ਅਫਸਰ ਥਾਣਾ ਸਦਰ ਫਗਵਾੜਾ ਵੱਲੋਂ ਮੁਕੱਦਮਾ ਨੰਬਰ 95 ਮਿਤੀ 01.09.2025 ਅ/ਧ 316(5) ਬੀ ਐਨ ਐਸ ਵਾਧਾ ਜੁਰਮ 13 ਪੀ ਸੀ ਐਕਟ ਥਾਣਾ ਸਦਰ ਫਗਵਾੜਾ ਜਿਲ੍ਹਾ ਕਪੂਰਥਲਾ, ਮੁਕੱਦਮਾ ਨੰਬਰ 103 ਮਿਤੀ 12.09.2025 ਅ/ਧ 316(5) ਬੀ.ਐਨ. ਐਸ ਵਾਧਾ ਜੁਰਮ 13 ਪੀ ਸੀ ਐਕਟ ਥਾਣਾ ਸਦਰ ਫਗਵਾੜਾ ਜਿਲ੍ਹਾ ਕਪੂਰਥਲਾ, ਮੁਕੱਦਮਾ ਨੰਬਰ 230 ਮਿਤੀ 28.09.2025 ਅ/ਧ 316(5) ਬੀ.ਐਨ.ਐਸ ਵਾਧਾ ਜੁਰਮ 13 ਪੀ ਸੀ ਐਕਟ ਥਾਣਾ ਸਿਟੀ ਫਗਵਾੜਾ, ਮੁਕੱਦਮਾ ਨੰਬਰ 70 ਮਿਤੀ 12.09.2025 ਅ/ਧ 316(5) ਬੀ.ਐਨ.ਐਸ ਵਾਧਾ ਜੁਰਮ 13 ਪੀ ਸੀ ਐਕਟ ਥਾਣਾ ਰਾਵਲਪਿੰਡੀ ਜਿਲ੍ਹਾ ਕਪੂਰਥਲਾ ਅਤੇ ਮੁਕੱਦਮਾ ਨੰਬਰ 124 ਮਿਤੀ 03.09.2025 ਅ/ਧ 316(5) ਬੀ.ਐਨ. ਐਸ ਵਾਧਾ ਜੁਰਮ 13 ਪੀ ਸੀ ਐਕਟ ਥਾਣਾ ਸਤਨਾਮਪੁਰਾ ਜਿਲ੍ਹਾ ਕਪੂਰਥਲਾ ਵਿੱਚ ਨਾਮਜਦ ਸੱਤਪਾਲ ਸਿੰਘ ਵਾਸੀ ਬੀ-704 ਗਿਲਕੋ ਗ੍ਰੀਨ ਹੁਸ਼ਿਆਰਪੁਰ ਰੋਡ ਥਾਣਾ ਸਦਰ ਫਗਵਾੜਾ ਨੂੰ ਗ੍ਰਿਫਤਾਰ ਕਰਕੇ ਇਸ ਪਾਸੋਂ 1500 ਖਾਲੀ ਬੋਰੀਆਂ (ਬਾਰਦਾਨਾ) ਬ੍ਰਾਮਦ ਕੀਤੀਆਂ ਗਈਆਂ ਹਨ, ਜਿਸ ਵਿੱਚੋਂ ਇੱਕ ਵੱਲੋਂ ਕਣਕ ਆਟਾ ਬਣਾ ਕੇ ਵੇਚੀ ਗਈ ਸੀ ਜਿਸ ਦੀ ਪੁੱਛਗਿੱਛ ਦੌਰਾਨ ਇਸ ਵੱਲੋਂ ਕਬੂਲ ਕੀਤਾ ਗਿਆ ਕਿ ਇਹ ਕਣਕ ਤੇ ਚਾਵਲ ਵੇਚੇ ਗਏ ਸਨ, ਜਿਸ 'ਤੇ ਮੁਕੱਦਮਾ ਨੰਬਰ 95 ਮਿਤੀ 01.09.2025 ਅ/ਧ 316(5) ਬੀ.ਐਨ. ਐਸ ਵਾਧਾ ਜੁਰਮ 13 ਪੀ ਸੀ ਐਕਟ ਥਾਣਾ ਸਦਰ ਫਗਵਾੜਾ ਜਿਲ੍ਹਾ ਕਪੂਰਥਲਾ ਵਿੱਚ ਦੋਸ਼ੀ ਸੋਨਿਕ ਕਲੂਚਾ ਪੁੱਤਰ ਸੱਤਪਾਲ ਕਲੂਚਾ ਵਾਸੀ ਮਕਾਨ ਨੰਬਰ 226 ਮੁਹੱਲਾ ਸ਼ਹੀਦ ਭਗਤ ਸਿੰਘ ਨਗਰ ਨੇੜੇ ਸੰਜੀਵਨੀ ਹਸਪਤਾਲ ਫਗਵਾੜਾ ਨੂੰ ਨਾਮਜਦ ਕੀਤਾ ਗਿਆ, ਜਿਸ ਦੀ ਗ੍ਰਿਫਤਾਰੀ ਬਾਕੀ ਹੈ, ਉਕਤਾਨ ਮੁਕੱਦਮਾ ਵਿੱਚ ਤਫਤੀਸ਼ ਜਾਰੀ ਹੈ ਬਾਕੀ ਰਹਿੰਦੇ ਮੁਕੱਦਮਿਆਂ ਵਿੱਚ ਵੀ ਦੋਸ਼ੀ ਦੀ ਗ੍ਰਿਫਤਾਰੀ ਕਰਕੇ ਪੁੱਛਗਿੱਛ ਕੀਤੀ ਜਾ ਰਹੀ ਹੈ ਦੋਸ਼ੀ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਿਲ ਕੀਤਾ ਗਿਆ ਹੈ ਤੇ ਪੁੱਛਗਿੱਛ ਕੀਤੀ ਜਾ ਰਹੀ ਹੈ।

# ਸਥਾਨਕ ਇਲਾਕੇ ਅੰਦਰ ਦਿਨ ਰਾਤ ਧੜੱਲੇ ਨਾਲ ਹੋ ਰਹੀ ਨਜਾਇਜ਼ ਮਾਈਨਿੰਗ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸਥਾਨਕ ਇਲਾਕੇ ਗੜ੍ਹਸ਼ੰਕਰ ਦੀ ਗੱਲ ਕੀਤੀ ਜਾਵੇ ਤਾਂ ਇਸ ਥਾਂ 'ਤੇ ਹਰ ਦਿਨ ਮਾਈਨਿੰਗ ਦੀਆਂ ਸ਼ਰੇਆਮ ਧੱਜੀਆਂ ਉਡ ਰਹੀਆਂ ਹਨ। ਦੱਸਣ ਯੋਗ ਹੈ ਕਿ ਇਸ ਇਲਾਕੇ ਵਿੱਚੋਂ 10 ਫੁੱਟ ਤੋਂ ਲੈ ਕੇ 30-35 ਫੁੱਟ ਤੱਕ ਮਿੱਟੀ ਚੁੱਕੀ ਜਾ ਰਹੀ ਹੈ ਜੋ ਆਉਣ ਵਾਲੇ ਸਮੇਂ ਵਿੱਚ ਘਾਤਿਕ ਸਾਬਤ ਹੋਵੇਗੀ ਅਤੇ ਸਥਾਨਕ ਪ੍ਰਸ਼ਾਸਨ ਸਮੇਤ ਮੌਜੂਦਾ ਸਰਕਾਰ ਵੀ ਇਸ ਵੱਲ ਧਿਆਨ ਦੇਣ ਤੋਂ ਚੁੱਕੀ ਹੈ ਕਿਉਂਕਿ ਇਲਾਕੇ ਅੰਦਰ ਮਿੱਟੀ ਢੋਣ ਵਾਲੇ ਵਾਹਨਾਂ ਦੀ ਗਿਣਤੀ ਇਸ ਦਿਨ ਸਥਿਤੀ ਬਣ ਚੁੱਕੀ ਹੈ ਦਿਨ ਰਾਤ ਇਸ ਇਲਾਕੇ ਵਿੱਚੋਂ ਵੱਡੇ ਪੱਧਰ 'ਤੇ ਮਿੱਟੀ ਚੁੱਕ ਕੇ ਦੂਜਿਆਂ ਸ਼ਹਿਰਾਂ ਜਾ ਪਿੰਡਾਂ ਵਿੱਚ ਭੇਜੀ ਜਾ ਰਹੀ ਹੈ ਅਤੇ ਸਕੂਲ ਦੇ ਸਮੇਂ ਵੀ ਇਹ ਮਿੱਟੀ ਢੋਣ ਵਾਲੇ ਵਾਹਨ ਨਹੀਂ ਰੁਕ ਰਹੇ ਜਿਸ ਨਾਲ ਹਰ ਸਮੇਂ ਕਿਸੇ ਨਾ ਕਿਸੇ ਹਾਦਸਾ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਕਿਉਂਕਿ ਮਿੱਟੀ ਢੋਣ ਵਾਲੇ ਵਾਹਨਾਂ ਨਾਲ ਪਹਿਲਾਂ ਵੀ ਇਸ ਇਲਾਕੇ ਵਿੱਚ ਕਈ ਜਾਨਲੇਵਾ ਹਾਦਸੇ ਵਾਪਰ ਚੁੱਕੇ ਹਨ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਜ਼ਦੀਕੀ ਪਿੰਡ ਬੀਰਮਪੁਰ, ਲਹਿਰੇ ਤੇ ਖਾਨਪੁਰ, ਕੁਨੈਲ ਸਮੇਤ ਹੋਰ ਦਰਜਨਾ ਪਿੰਡਾ 'ਚ ਜਿਆਦਾ ਮਾਈਨਿੰਗ ਹੋ ਰਹੀ ਹੈ ਜਿਸ ਦੀ ਪ੍ਰਸ਼ਾਸਨ ਨੂੰ ਕੋਈ ਜਾਣਕਾਰੀ ਨਹੀਂ ਹੈ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸਥਾਨਕ



ਸ਼ਹਿਰ ਅੰਦਰੋਂ ਪੁਲਸ ਨਾਕਿਆ ਅਤੇ ਭਰੇ ਬਜ਼ਾਰ ਵਿੱਚੋਂ ਸ਼ਰੇਆਮ ਮਿੱਟੀ ਨਾਲ ਨੱਕੋ ਨੱਕ ਭਰੀਆਂ ਟਰਾਲੀਆ ਲਗਾਤਾਰ ਲੰਘਦੀਆ ਹਨ ਜੋ ਕਿ ਪੁਲਿਸ ਪ੍ਰਸ਼ਾਸਨ ਵੱਲੋਂ ਕਿਸੇ ਵੀ ਤਰ੍ਹਾਂ ਦੀ ਕਾਰਵਾਈ ਨਹੀਂ ਕੀਤੀ ਜਾਂਦੀ ਜਦਕਿ ਪੁਲਸ ਪ੍ਰਸ਼ਾਸਨ ਨੂੰ ਦੋ ਚੱਕੀ ਵਾਹਨਾਂ ਦੀ ਚੇਕਿੰਗ ਕਰਦਿਆਂ ਆਮ ਦੇਖਿਆ ਜਾ ਸਕਦਾ ਹੈ। ਇਸ ਸਬੰਧੀ ਸਬੰਧਤ ਵਿਭਾਗ ਐਸਡੀਓ ਹਰਕਮਲ ਹੀਰ ਨੇ ਜਵਾਬ ਦਿੰਦਿਆਂ ਕਿਹਾ ਹੈ ਕਿ ਉਹਨਾਂ ਨੂੰ ਇਹਨਾਂ ਪਿੰਡਾਂ ਵਿੱਚ ਹੋ ਰਹੀ ਮਾਈਨਿੰਗ ਸਬੰਧੀ ਕੋਈ ਜਾਣਕਾਰੀ ਨਹੀਂ ਹੈ ਪਰ ਉਹ ਵਿਭਾਗ ਵੱਲੋਂ ਜਲਦੀ ਹੀ ਟੀਮ ਭੇਜ ਕੇ ਦੇਖਣਗੇ ਅਤੇ ਬਣਦੀ ਕਾਰਵਾਈ ਕਰਨਗੇ।ਇਸ ਸਬੰਧੀ ਗੱਲਬਾਤ ਕਰਦਿਆਂ ਗੜ੍ਹਸ਼ੰਕਰ ਤੋਂ ਕਾਂਗਰਸ ਦੇ ਹਲਕਾ ਇੰਚਾਰਜ ਅਮਰਪ੍ਰੀਤ ਸਿੰਘ ਲਾਲੀ ਨੇ ਕਿਹਾ ਕਿ ਗੜ੍ਹਸ਼ੰਕਰ ਇਲਾਕੇ ਵਿੱਚ ਸਰਕਾਰ ਦੀ ਮਿਲੀ ਭੁਗਤ ਨਾਲ ਵੱਡੇ ਪੱਧਰ 'ਤੇ ਮਾਈਨਿੰਗ ਹੋ ਰਹੀ ਹੈ ਅਤੇ ਇਹਨਾਂ ਵਾਹਨਾਂ ਨਾਲ ਹੁਣ ਤੱਕ ਕਰੀਬ 17 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਜੇਕਰ ਹਜੇ ਵੀ ਪ੍ਰਸ਼ਾਸਨ ਜਾ ਸਰਕਾਰ ਨੂੰ ਹੋ ਰਹੀ ਮਾਈਨਿੰਗ ਬਾਰੇ ਨਹੀਂ ਜਾਣਕਾਰੀ ਤਾਂ ਇਸ ਤੋਂ ਵੱਧ ਗੜ੍ਹਸ਼ੰਕਰ ਦੀ ਮਾੜੀ ਕਿਸਮਤ ਹੋਰ ਕੀ ਹੋ ਸਕਦੀ ਹੈ।ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਲਾਕੇ ਦੇ ਲੋਕਾਂ ਨੇ ਇਸ ਮਾਈਨਿੰਗ ਪ੍ਰਤੀ ਗੱਲਬਾਤ ਕਰਦਿਆਂ ਅਨੇਕਾਂ ਵਾਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਇਲਾਕੇ ਵਿੱਚੋਂ ਹੋ ਰਹੀ ਮਾਈਨਿੰਗ ਨੂੰ ਬੰਦ ਕੀਤਾ ਜਾਵੇ ਪਰ ਅਜੇ ਤੱਕ ਇਸ ਦਾ ਸਰਕਾਰ ਜਾ ਪ੍ਰਸ਼ਾਸਨ ਦੇ ਕੋਈ ਅਸਰ ਦਿਖਾਈ ਨਹੀਂ ਦਿੱਤਾ ਹੈ।

# ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਗੁਰੂ ਨਗਰੀ 'ਚ ਬਣੀਆਂ ਖਿੱਚ ਦਾ ਕੇਂਦਰ




**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ ਦੀ ਸ਼ਤਾਬਦੀ ਦੇ ਸਮਾਗਮਾਂ ਮੌਕੇ ਗੁਰੂ ਨਗਰੀ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨ ਨੂੰ ਜਾਣ ਵਾਲੇ ਮਾਰਗਾਂ/ਗਲੀਆਂ ਵਿੱਚ ਦੀਵਾਰਾਂ 'ਤੇ ਸਿੱਖ ਇਤਿਹਾਸ ਨੂੰ ਦਰਸਾਉਂਦੀਆਂ ਤਸਵੀਰਾਂ ਸ਼ਰਧਾਲੂਆਂ/ਸੰਗਤਾਂ ਲਈ ਖਿੱਚ ਦਾ ਕੇਂਦਰ ਬਣ ਰਹੀਆਂ ਹਨ।ਇਹਨਾਂ ਤਸਵੀਰਾਂ ਵਿੱਚ ਸਿੱਖ ਇਤਿਹਾਸ ਬਹੁਤ ਹੀ ਸ਼ਾਨਦਾਰ ਤਰੀਕੇ ਨਾਲ ਖੂਬਸੂਰਤ ਆਇਲ ਪੇਂਟ ਰੰਗਾਂ ਨਾਲ ਤਿਆਰ ਕੀਤਾ ਜਾ ਰਿਹਾ ਹੈ। ਇਹਨਾਂ ਤਸਵੀਰਾਂ ਵਿੱਚ ਸ਼ਸਤਰ, ਗੁਰੂਕਾਲ ਦੀ, ਘੋੜ ਸਵਾਰੀ, ਪੰਜਾਬ ਦਾ ਸੱਭਿਆਚਾਰ, ਪੰਜਾਬੀ ਲਿਪੀ ਅਤੇ ਸ਼ਹਾਦਤ ਦੇ 350 ਸਾਲ ਦੇ ਲੋਗੋਂ ਬਣਾਏ ਜਾ ਰਹੇ ਹਨ।ਇਹ ਤਸਵੀਰਾਂ ਕਚਿਹਰੀ ਰੋਡ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ, ਕਿਲ੍ਹਾ ਫਤਿਹਗੜ੍ਹ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ ਤੱਕ, ਕਚਿਹਰੀ ਰੋਡ ਅਤੇ ਹੋਰ ਕਈ ਮਾਰਗਾਂ ਤੇ ਚਿੱਤਰਕਾਰੀ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ।ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਇਸ ਕਾਰਜ ਲਈ ਨਿੱਜੀ ਰੁਚੀ ਦਿਖਾਉਂਦਿਆਂ ਸਾਰੇ ਕੰਮ ਦੀ ਆਪ ਦੇਖ ਰੇਖ ਕਰ ਰਹੇ ਹਨ। ਸ਼ਹਿਰ ਵਾਸੀ ਵੀ ਇਨਾਂ ਚਿੱਤਰਕਾਰੀਆਂ ਦੇ ਚੱਲ ਰਹੇ ਕੰਮ ਦੀ ਸ਼ਲਾਘਾ ਕਰ ਰਹੇ ਹਨ।

# ਡੀ ਟੀ ਐੱਫ ਨੇ ਬੀ ਐੱਲ ਓਜ਼ ਨੂੰ ਉਚਿਤ ਸਿਖਲਾਈ ਦੇਣ ਲਈ ਡਿਪਟੀ ਕਮਿਸ਼ਨਰ ਨੂੰ ਦਿੱਤਾ ਮੰਗ ਪੱਤਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ.ਟੀ.ਐੱਫ਼.) ਨੇ ਚੋਣ ਕਮਿਸ਼ਨ ਵਲੋਂ ਕਰਵਾਈ ਜਾ ਰਹੀ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.) ਦੇ ਕੰਮ ਲਈ ਬੀ.ਐੱਲ.ਓਜ਼. ਨੂੰ ਲੋੜੀਂਦੀ ਸਿਖਲਾਈ ਦੇਣ ਦੀ ਮੰਗ ਕੀਤੀ ਹੈ। ਇਸ ਸੰਬੰਧੀ ਯੂਨੀਅਨ ਦੇ ਇੱਕ ਵਫ਼ਦ ਜਿਸ ਵਿੱਚ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਇੰਦਰ ਸੁਖਦੀਪ ਸਿੰਘ ਓਢਰਾ ਅਤੇ ਪ੍ਰੈੱਸ ਸਕੱਤਰ ਬਲਜੀਤ ਸਿੰਘ ਮਹਿਮੋਵਾਲ ਆਦਿ ਆਗੂ ਸ਼ਾਮਿਲ ਸਨ, ਨੇ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਹੁਸ਼ਿਆਰਪੁਰ ਵਿੱਚ ਸਹਾਇਕ ਕਮਿਸ਼ਨਰ (ਜਨਰਲ) ਪਰਮਪ੍ਰੀਤ ਸਿੰਘ ਪੀ.ਸੀ.ਐੱਸ. ਨਾਲ਼ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਕਮ ਜ਼ਿਲ੍ਹਾ ਚੋਣਕਾਰ ਅਫ਼ਸਰ ਹੁਸ਼ਿਆਰਪੁਰ ਦੇ ਨਾਂ ਇੱਕ ਮੰਗ ਪੱਤਰ ਸੌਂਪਿਆ ਜਿਸ ਰਾਹੀਂ ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਵਲੋਂ ਦਿੱਤਾ ਇਹ ਐੱਸ.ਆਈ.ਆਰ. ਦਾ ਕੰਮ ਬਹੁਤ ਹੀ ਗੁੰਝਲਦਾਰ ਅਤੇ ਪੇਚੀਦਾ ਹੈ ਅਤੇ ਜ਼ਿਲ੍ਹੇ ਦੇ ਸਮੂਹ ਬੀ.ਐੱਲ.ਓਜ਼. ਇਸ ਪ੍ਰਤੀ ਬਹੁਤ ਫ਼ਿਕਰਮੰਦ ਹਨ ਕਿ ਇਸ ਵਿੱਚ ਕਿਤੇ ਕੋਈ ਗ਼ਲਤੀ ਨਾ ਹੋ ਜਾਵੇ ਕਿਉਂਕਿ ਜ਼ਿਲ੍ਹੇ ਦੇ ਕਿਸੇ ਵੀ ਵਿਧਾਨ ਸਭਾ ਹਲਕੇ ਵਿੱਚ ਇਸ ਬਾਰੇ ਬੀ.ਐੱਲ.ਓਜ਼. ਨੂੰ ਸਿਖਲਾਈ ਨਹੀਂ ਦਿੱਤੀ ਗਈ। ਵਫ਼ਦ ਨੇ ਮੰਗ ਕੀਤੀ ਕਿ ਜ਼ਿਲ੍ਹੇ ਦੇ ਸਮੂਹ ਬੀ.ਐੱਲ.ਓਜ਼. ਨੂੰ ਇਸ ਸੰਬੰਧੀ ਉਚਿਤ ਸਿਖਲਾਈ ਦਿੱਤੀ ਜਾਵੇ, ਨਾਲ਼ ਹੀ ਵਫ਼ਦ ਨੇ ਮੰਗ ਕੀਤੀ ਕਿ



ਮੁੱਖ ਚੋਣ ਅਫ਼ਸਰ ਪੰਜਾਬ ਨੇ ਇੱਕ ਪੱਤਰ ਜਾਰੀ ਕਰਕੇ ਲੰਘੀਆਂ ਲੋਕ ਸਭਾ ਚੋਣਾਂ ਵਿੱਚ ਵੋਟਰਾਂ ਨੂੰ ਪ੍ਰੇਰਿਤ ਕਰਕੇ ਬੂਥ ਉੱਤੇ ਵੋਟ ਪ੍ਰਤੀਸ਼ਤਤਾ ਵਿੱਚ ਵਾਧਾ ਕਰਨ ਵਾਲ਼ੇ ਬੀ.ਐੱਲ.ਓ. ਨੂੰ ਪੰਜ ਹਜ਼ਾਰ ਰੁਪਏ ਦੀ ਇਨਾਮੀ ਰਾਸ਼ੀ ਦੇ ਕੇ ਸਨਮਾਨਤ ਕਰਨ ਦਾ ਐਲਾਨ ਕੀਤਾ ਸੀ ਪਰ ਜ਼ਿਲ੍ਹੇ ਵਿੱਚ ਅਜੇ ਕਿਸੇ ਵੀ ਬੀ.ਐੱਲ.ਓ. ਨੂੰ ਅਜੇ ਤੱਕ ਸਨਮਾਨ ਨਹੀਂ ਮਿਲਿਆ ਉਨ੍ਹਾਂ ਇਸ ਮੰਗ ਦੀ ਪੂਰਤੀ ਦੀ ਵੀ ਮੰਗ ਕੀਤੀ।

# ਅਸ਼ੀਰਵਾਦ ਸਕੀਮ-ਅਪਲਾਈ ਕਰਨ ਦੀ ਸਮਾਂ-ਸੀਮਾ ਵਧਾ ਕੇ 60 ਦਿਨ ਕੀਤੀ : ਡਾ. ਬਲਜੀਤ ਕੌਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਲਾਭ ਲੈਣ ਲਈ ਅਪਲਾਈ ਕਰਨ ਵਾਲੇ ਬਿਨੈਕਾਰਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਅਪਲਾਈ ਕਰਨ ਦੀ ਸਮਾਂ-ਸੀਮਾ 30 ਦਿਨ ਤੋਂ ਵਧਾ ਕੇ 60 ਦਿਨ ਕਰ ਦਿੱਤੀ ਗਈ ਹੈ। ਇਸ ਮਹੱਤਵਪੂਰਨ ਫੈਸਲੇ ਨਾਲ ਹੁਣ ਯੋਗ ਪਰਵਾਰ ਆਸਾਨੀ ਨਾਲ ਦਸਤਾਵੇਜ਼ੀ ਕਾਰਵਾਈ ਪੂਰੀ ਕਰਕੇ ਸਕੀਮ ਦਾ ਲਾਭ ਲੈ ਸਕਣਗੇ, ਜਿਸ ਨਾਲ ਕੋਈ ਵੀ ਪਰਿਵਾਰ ਸਹਾਇਤਾ ਤੋਂ ਵਾਂਝਾ ਨਹੀਂ ਰਹੇਗਾ।ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਇਹ ਫੈਸਲਾ ਸਰਕਾਰ ਦੇ ਲੋਕ-ਹਿਤੈਸ਼ੀ ਅਤੇ ਜਨ-ਸੇਵਾ ਮੁੱਖ ਦ੍ਰਿਸ਼ਟੀਕੋਣ ਦਾ ਸਪਸ਼ਟ ਸਬੂਤ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਵੀਂ ਤਕਨੀਕ ਅਤੇ ਪਾਰਦਰਸ਼ੀ ਪ੍ਰਣਾਲੀ ਰਾਹੀਂ ਸਮਾਜਿਕ ਸੁਰੱਖਿਆ ਸਕੀਮਾਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਵਿਆਹ ਦੀਆਂ ਰਸਮਾਂ ਅਤੇ ਤਿਆਰੀਆਂ ਦੌਰਾਨ ਕਈ ਵਾਰ ਪਰਵਾਰਾਂ ਕੋਲ ਸਮਾ ਘੱਟ ਰਹਿ ਜਾਂਦਾ ਹੈ, ਜਿਸ ਕਾਰਨ ਉਹ ਪਹਿਲਾਂ 30 ਦਿਨ ਦੀ ਸੀਮਾ ਵਿੱਚ ਅਪਲਾਈ ਕਰਨ ਤੋਂ ਵਾਂਝੇ ਰਹਿ ਜਾਂਦੇ ਸਨ। ਹੁਣ ਨਵੀਂ ਸਮਾਂ-ਸੀਮਾ 60 ਦਿਨ ਹੋਣ ਨਾਲ ਇਹ ਮੁਸ਼ਕਿਲ ਪੂਰੀ ਤਰ੍ਹਾਂ ਦੂਰ ਹੋ ਜਾਵੇਗੀ ਅਤੇ ਵੱਧ ਤੋਂ ਵੱਧ ਯੋਗ ਪਰਿਵਾਰ ਸਕੀਮ ਦਾ ਲਾਭ ਲੈ ਸਕਣਗੇ।

# ਵਿਸ਼ਵ ਡਾਇਬਟੀਜ਼ ਦਿਵਸ ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਮਨਾਇਆ




**ਗੁਰਾਇਆ (ਬਿੰਦਰ ਸੁੰਮਨ)**- ਲੋਕਾਂ ਵਿੱਚ ਸ਼ੂਗਰ ਰੋਗ ਸੰਬੰਧੀ ਜਾਗਰੂਕਤਾ ਪੈਦਾ ਕਰਨ ਲਈ ਕੰਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਵਿਸ਼ਵ ਡਾਇਬਟੀਜ਼ ਦਿਵਸ ਮਨਾਇਆ ਗਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਪਰਮਜੀਤ ਸਿੰਘ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਜਾਗਰੂਕਤਾ ਸਮਾਗਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਡਾਇਬਟੀਜ਼ ਦੇ ਕਾਰਨਾ, ਲੱਛਣਾਂ ਅਤੇ ਬਚਾਅ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਮੈਡੀਕਲ ਅਫ਼ਸਰ ਡਾ ਮਮਤਾ ਗੌਤਮ ਨੇ ਦੱਸਿਆ ਕਿ ਭਾਰਤ ਵਿੱਚ ਡਾਇਬਟੀਜ਼ ਦੇ ਮਰੀਜ਼ਾਂ ਦੀ ਗਿਣਤੀ ਤੇਜ਼ੀ ਨਾਲ ਵੱਧ ਰਹੀ ਹੈ ਅਤੇ ਨਿਯਮਿਤ ਚੈੱਕਅੱਪ, ਸਿਹਤਮੰਦ ਖੁਰਾਕ ਅਤੇ ਰੋਜ਼ਾਨਾ ਕਸਰਤ ਨਾਲ ਇਸ ਬਿਮਾਰੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਬਲਾਕ ਐਕਸਟੈਨਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਕਿਹਾ ਕਿ ਲੋਕ ਆਪਣੇ ਪਰਿਵਾਰ ਦੀ ਸਿਹਤ ਪ੍ਰਤੀ ਜਾਗਰੂਕ ਰਹਿਣ ਅਤੇ ਨਿਯਮਿਤ ਤੌਰ 'ਤੇ ਡਾਇਬਟੀਜ਼ ਟੈਸਟ ਕਰਵਾਉਣ। ਇਸ ਮੌਕੇ ਮੈਡੀਕਲ ਅਫ਼ਸਰ ਡਾ ਮਨਮੀਤ ਕੌਰ, ਆਯੁਰਵੈਦਿਕ ਮੈਡੀਕਲ ਅਫ਼ਸਰ ਡਾ ਸੋਨਿਆਂ, ਓਪਥੈਲਮਿਕ ਅਫ਼ਸਰ ਅਵਤਾਰ ਸਿੰਘ, ਹੈਲਥ ਸੁਪਰਵਾਈਜਰ ਸਤਨਾਮ ਅਤੇ ਸਮੂਹ ਸਟਾਫ ਮੌਜੂਦ ਸੀ।

# ਪੰਚਾਇਤਾਂ ਮਜ਼ਬੂਤ ਤਾਂ ਪਿੰਡ ਵੱਧਦੇ ਹਨ ਅੱਗੇ : ਡਾ. ਰਵਜੋਤ ਸਿੰਘ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ )** ਪੰਜਾਬ ਦੇ ਪਿੰਡ ਪੱਧਰ 'ਤੇ ਵਿਕਾਸਮੁਖੀ ਉਪਰਾਲਿਆਂ ਨੂੰ ਹੋਰ ਮਜ਼ਬੂਤ ਬਣਾਉਣ ਲਈ 'ਸਟੇਟ ਇੰਸਟੀਚਿਊਟ ਆਫ਼ ਰੂਰਲ ਡਿਵੈਲਪਮੈਂਟ' (ਐਸ ਆਈ ਆਰ ਡੀ) ਮੁਹਾਲੀ ਵੱਲੋਂ ਬੀ.ਡੀ.ਪੀ.ਓ ਹੁਸ਼ਿਆਰਪੁਰ ਬਲਾਕ-1 ਵਿਚ ਗ੍ਰਾਮ ਪੰਚਾਇਤ ਡਿਵੈਲਪਮੈਂਟ ਪਲਾਨ (ਜੀ.ਪੀ.ਡੀ.ਪੀ) ਪ੍ਰੋਗਰਾਮ ਕਰਵਾਇਆ ਗਿਆ।ਪ੍ਰੋਗਰਾਮ ਵਿਚ ਕੈਬਿਨੇਟ ਮੰਤਰੀ ਡਾ. ਰਵਜੋਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਸਰਪੰਚਾਂ, ਪੰਚਾਂ, ਆਸ਼ਾ ਤੇ ਆਂਗਨਵਾੜੀ ਵਰਕਰਾਂ, ਸੈਲਫ ਹੈਲਪ ਗਰੁੱਪਾਂ ਅਤੇ ਮਨਰੇਗਾ ਸਟਾਫ਼ ਨੇ ਇਸ ਪ੍ਰੋਗਰਾਮ ਵਿਚ ਉਤਸ਼ਾਹ ਨਾਲ ਭਾਗ ਲਿਆ।ਡਾ. ਰਵਜੋਤ ਨੇ ਕਿਹਾ ਕਿ ਗ੍ਰਾਮ ਪੰਚਾਇਤਾਂ ਦਾ ਸਸ਼ਕਤੀਕਰਨ ਹੀ ਪਿੰਡਾਂ ਦੇ ਵਿਕਾਸ ਦੀ ਬੁਨਿਆਦ ਹੈ।ਉਨ੍ਹਾਂ ਕਿਹਾ ਕਿ ਜਦੋਂ ਪੰਚਾਇਤਾਂ ਮਜ਼ਬੂਤ ਹੁੰਦੀਆਂ ਹਨ ਤਾਂ ਪਿੰਡ ਖ਼ੁਦ-ਬ-ਖ਼ੁਦ ਅੱਗੇ ਵੱਧਦੇ ਹਨ।



ਉਨ੍ਹਾਂ ਨੇ ਤਰਲਤਾ, ਸਾਂਝੀ ਭਾਗੀਦਾਰੀ ਅਤੇ ਵਿਭਾਗੀ ਤਾਲਮੇਲ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਵਿਕਾਸਮੁਖੀ ਕੰਮਾਂ ਦਾ ਫ਼ਾਇਦਾ ਸਿੱਧਾ ਜ਼ਮੀਨ ਤੱਕ ਪਹੁੰਚੇ। ਜੀ.ਪੀ.ਡੀ.ਪੀ ਨੂੰ ਉਨ੍ਹਾਂ ਨੇ ਪਿੰਡ ਬਦਲਾਅ ਦੀ ਇਕ ਰਹਿਨੁਮਾਈ ਯੋਜਨਾ ਕਰਾਰ ਦਿੱਤਾ। ਪ੍ਰੋਗਰਾਮ ਦੀ ਨਿਗਰਾਨੀ ਏ.ਡੀ.ਸੀ (ਵਿਕਾਸ) ਨਿਕਾਸ ਕੁਮਾਰ ਨੇ ਕੀਤੀ ਜਦਕਿ ਡਿਪਟੀ ਸੀ.ਈ.ਓ ਧਾਰਾ ਕੱਕੜ ਨੇ ਨੋਡਲ ਅਫ਼ਸਰ ਵਜੋਂ ਤਾਲਮੇਲ ਅਤੇ ਮਾਨੀਟਰਿੰਗ ਦੀ ਜ਼ਿੰਮੇਵਾਰੀ ਨਿਭਾਈ।ਇਸ ਤੋਂ ਪਹਿਲਾਂ ਜ਼ਿਲ੍ਹਾ ਕੋਆਰਡੀਨੇਟਰ ਨੇਹਾ ਸ਼ਰਮਾ ਨੇ ਮੁੱਖ ਮਹਿਮਾਨ ਦਾ ਸਵਾਗਤ ਕਰਦਿਆਂ ਜੀ.ਪੀ.ਡੀ.ਪੀ ਦੇ ਉਦੇਸ਼ ਅਤੇ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਡੀ.ਪੀ.ਐਮ ਮੁਕੇਸ਼ ਕੁਮਾਰ ਨੇ ਵੀ ਟ੍ਰੇਨਿੰਗ ਮਾਡਿਊਲਾਂ, ਸਰਕਾਰੀ ਯੋਜਨਾਵਾਂ ਅਤੇ ਪਿੰਡ ਵਿਕਾਸ ਦੇ ਵਧੀਆ ਮਾਡਲਾਂ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ।

## ਬਾਲ ਦਿਵਸ ਖੇਡ ਦਿਵਸ ਵਜੋਂ ਮਨਾਇਆ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)** ਬਾਲ ਦਿਵਸ ਕਰਨਲ ਵੀ ਆਰ ਮੋਹਨ ਡੀ ਏ ਵੀ ਪਬਲਿਕ ਸਕੂਲ, ਡੇਰਾਬੱਸੀ ਨੇ ਖੇਡ ਦਿਵਸ ਵਜੋਂ ਧੂਮਧਾਮ ਨਾਲ ਮਨਾਇਆ।ਸਕੂਲ ਦਾ ਮੈਦਾਨ ਸਵੇਰੇ ਤੋਂ ਹੀ ਬੇਹੱਦ ਰੌਣਕ ਨਾਲ ਗੂੰਜ ਰਿਹਾ ਸੀ। ਖੇਡ ਮੇਲੇ ਦੀ ਸ਼ੁਰੂਆਤ ਭਾਗੀਦਾਰ ਵਿਦਿਆਰਥੀਆਂ ਵੱਲੋਂ ਲਏ ਗਏ ਖੇਡ ਸਹੁੰ ਨਾਲ ਹੋਈ, ਜਿਸ ਨੇ ਸਮਾਗਮ ਵਿੱਚ ਅਨੁਸ਼ਾਸਨ ਅਤੇ ਜੋਸ਼ ਦੀ ਲਹਿਰ ਭਰ ਦਿੱਤੀ।ਵਿਦਿਆਰਥੀਆਂ ਲਈ ਵੱਖ-ਵੱਖ ਮਨੋਰੰਜਕ ਅਤੇ ਰੋਮਾਂਚਕ ਮੁਕਾਬਲੇ ਆਯੋਜਿਤ ਕੀਤੇ ਗਏ ਜਿਨ੍ਹਾਂ ਵਿੱਚ ਟੌਫੀ ਦੌੜ, ਬਿਸਕੁਟ ਦੌੜ, ਕੇਲਾ ਦੌੜ, ਸਕਿੱਪਿੰਗ ਦੌੜ, ਬੈਕ ਦੌੜ, ਇੱਕ ਲੱਤ ਦੌੜ, ਬੋਤਲ ਫਲਿੱਪ ਅਤੇ ਬਾਲ ਬੈਲੇਂਸ ਦੌੜ—ਸ਼ਾਮਲ ਸਨ। ਹਰ ਉਮਰ ਦੇ ਬੱਚਿਆਂ ਨੇ ਵੱਡੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਮੈਦਾਨ ਜੈਕਾਰਿਆਂ ਨਾਲ ਗੂੰਜਦਾ ਰਿਹਾ।ਸਮਾਗਮ ਦੇ ਅੰਤ ਵਿੱਚ ਇਨਾਮ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਸਮਾਰੋਹ ਵਿੱਚ ਸ਼੍ਰੀ ਸੁਰਿੰਦਰ ਸਿੰਘ (ਟ੍ਰੈਫਿਕ ਇੰਚਾਰਜ, ਡੇਰਾਬੱਸੀ) ਅਤੇ ਸ਼੍ਰੀਮਤੀ ਨੂਰ ਜਹਾਂ (ਪੰਜਾਬ ਪੁਲਸ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਜੇਤੂਆਂ ਨੂੰ ਸਨਮਾਨਿਤ ਕੀਤਾ ਅਤੇ ਸਾਰੇ ਵਿਦਿਆਰਥੀਆਂ ਨੂੰ ਉਜਵਲ ਭਵਿੱਖ ਲਈ ਅਸੀਸਾਂ ਦਿੱਤੀਆਂ।ਸਮਾਪਤੀ ਭਾਸ਼ਣ ਦੌਰਾਨ ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸਰਿਤਾ ਯਾਦਵ ਨੇ ਬੱਚਿਆਂ ਦੀ ਜ਼ਿੰਦਗੀ ਵਿੱਚ ਖੇਡਾਂ ਦੀ ਮਹੱਤਤਾ 'ਤੇ ਰੋਸ਼ਨੀ ਪਾਈ।




# ਮਹੰਤ ਲਾਲ ਸਿੰਘ ਹਾਈ ਸਕੂਲ ਖੁੱਡਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ




**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਨਿਰਮਲੇ ਭੇਖ ਸੰਪ੍ਰਦਾਏ ਨਾਲ ਸਬੰਧਿਤ ਸੱਚਖੰਡ ਵਾਸੀ ਮਹੰਤ ਲਾਲ ਸਿੰਘ ਮਾਡਲ ਹਾਈ ਸਕੂਲ ਖੁੱਡਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ। ਡੇਰਾ ਗੁਰੂਸਰ ਖੁੱਡਾ ਦੇ ਸੰਤ ਬਾਬਾ ਸੁਖਜੀਤ ਸਿੰਘ ਦੀ ਅਗਵਾਈ ਹੇਠ ਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਦੀ ਦੇਖ-ਰੇਖ ਹੇਠ ਕਰਵਾਏ ਗਏ ਸਮਾਗਮ ਵਿੱਚ ਨਿਰਮਲ ਭੇਖ ਰਤਨ, ਡੇਰਾ ਗੁਰੂਸਰ ਖੁੱਡਾ ਦੇ ਮੁੱਖ ਸੇਵਾਦਾਰ ਤੇ ਪ੍ਰਾਚੀਨ ਨਿਰਮਲ ਮਹਾ ਮੰਡਲ ਦੇ ਕੌਮੀ ਪ੍ਰਧਾਨ ਮਹੰਤ ਤੇਜਾ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੁੰਦੇ ਹੋਏ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਦੇ ਨਾਲ ਨਾਲ ਅਸ਼ੀਰਵਾਦ ਦਿੱਤਾ।ਇਨਾਮ ਵੰਡ ਸਮਾਗਮ ਵਿੱਚ ਸਭ ਤੋਂ ਪਹਿਲਾਂ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਕੀਰਤਨ ਕੀਤਾ ਉਪਰੰਤ ਵੱਖ-ਵੱਖ ਕਲਾਸਾਂ ਦੇ ਬੱਚਿਆਂ ਨੇ ਸਮਾਜਿਕ ਬੁਰਾਈਆਂ ਭ੍ਰਿਸ਼ਟਾਚਾਰੀ, ਨਸ਼ਾਖੋਰੀ, ਦਾਜ ਪ੍ਰਥਾ ਸਬੰਧੀ ਸਕਿੱਟ ਪੇਸ਼ ਕਰਕੇ ਇਹਨਾਂ ਬੁਰਾਈਆਂ ਨੂੰ ਖਤਮ ਕਰਨ ਦਾ ਸੰਦੇਸ਼ ਦਿੱਤਾ।ਇਸ ਸਮੇਂ ਵਿਦਿਆਰਥੀਆਂ ਨੇ ਸ਼ਾਨਦਾਰ ਰੰਗਾ ਰੰਗ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦਾ ਸ਼ਾਨਦਾਰ ਰੰਗਾ ਰੰਗ ਭੰਗੜਾ ਤੇ ਗਿੱਧਾ ਵੀ ਪੇਸ਼ ਕੀਤਾ। ਇਸ ਮੌਕੇ ਸੰਤ ਬਾਬਾ ਤੇਜਾ ਸਿੰਘ ਤੇ ਸੰਤ ਬਾਬਾ ਸੁਖਜੀਤ ਸਿੰਘ ਨੇ ਵੱਖ-ਵੱਖ ਕਲਾਸਾਂ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ ਕਰਨ ਦੇ ਨਾਲ ਨਾਲ ਉਹਨਾਂ ਨੂੰ ਅਸ਼ੀਰਵਾਦ ਦਿੱਤਾ ਅਤੇ ਸਕੂਲ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਵੀ ਕੀਤਾ। ਇਸ ਮੌਕੇ ਬਾਬਾ ਤੇਜਾ ਸਿੰਘ ਨੇ ਕਿਹਾ ਕਿ ਸਿੱਖਿਆ ਸਾਡੇ ਜੀਵਨ ਦਾ ਇੱਕ ਬਹੁਤ ਵੱਡਾ ਕਹਿਣਾ ਹੈ ਅਤੇ ਸਾਨੂੰ ਆਪਣੇ ਜੀਵਨ ਵਿੱਚ ਸਫਲ ਹੋਣ ਲਈ ਵੱਧ ਤੋਂ ਵੱਧ ਵਿਦਿਆ ਗ੍ਰਹਿਣ ਕਰਨੀ ਚਾਹੀਦੀ ਹੈ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਵੱਲੋਂ ਸੰਤ ਬਾਬਾ ਤੇਜਾ ਸਿੰਘ, ਸੰਤ ਬਾਬਾ ਸੁਖਜੀਤ ਸਿੰਘ ਤੇ ਹੋਰਨਾ ਸ਼ਖਸ਼ੀਅਤਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ।ਇਸ ਮੌਕੇ ਸਕੱਤਰ ਦੀ ਭੂਮਿਕਾ ਨਿਭਾਅ ਰਹੇ ਡੀ.ਪੀ ਬਲਵੀਰ ਸਿੰਘ ਅਤੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਪਹੁੰਚੀਆਂ ਸਾਰੀਆਂ ਸ਼ਖ਼ਸ਼ੀਅਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਵਿੱਚ ਸਕੱਤਰ ਗੁਰਦੀਪ ਸਿੰਘ ਖੁੱਡਾ, ਦਿਲਦਾਰ ਸਿੰਘ ਦਸੂਹਾ, ਲਸ਼ਕਰ ਸਿੰਘ ਖੁੱਡਾ, ਮਾਸਟਰ ਰੋਸ਼ਨ ਸਿੰਘ, ਮਲਕੀਤ ਸਿੰਘ ਚਨੌਤਾ, ਤਰਲੋਕ ਸਿੰਘ, ਤਰਸੇਮ ਸਿੰਘ ਗੱਲਹਨ ਤੋਂ ਇਲਾਵਾ ਸਕੂਲ ਸਟਾਫ ਮੈਂਬਰਾਂ ਵਿੱਚ ਮੈਨੇਜਰ ਗੁਰਦੀਪ ਸਿੰਘ ਚੁਣੌਤਾ, ਮੈਡਮ ਸਤਵਿੰਦਰ ਕੌਰ, ਦਵਿੰਦਰ ਕੌਰ, ਰਜਿੰਦਰ ਕੌਰ, ਕਮਲਜੀਤ ਕੌਰ, ਜਸਵੀਰ ਕੌਰ, ਜਸਵੀਰ ਕੌਰ ਖੁੱਡਾ, ਰਜਿੰਦਰ ਕੌਰ ਜੱਕੋਵਾਲ, ਗੁਰਵਿੰਦਰ ਕੌਰ, ਹਰਪ੍ਰੀਤ ਕੌਰ, ਰੀਨਾ, ਕੁਲਵਿੰਦਰ ਕੌਰ, ਢੌਲੂ ਸੈਣੀ ਵੀ ਹਾਜ਼ਰ ਸਨ।

# ਰਿਸ਼ਵਤ ਦੀ ਮੰਗ ਕਰਨ ਵਾਲੇ ਥਾਣੇਦਾਰ ਦੇ ਖਿਲਾਫ ਐਫ ਆਈ ਆਰ ਦਰਜ ਹੋਵੇ : ਬੇਗਮਪੁਰਾ ਟਾਈਗਰ ਫੋਰਸ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪਹਿਲਾਂ ਪਿਓ ਨੂੰ ਝੂਠੇ ਕੇਸ ਵਿਚ ਫਸਾ ਕੇ ਮਾਮਲਾ ਦਰਜ ਕਰਕੇ ਵਿਦੇਸ਼ ਬੈਠੇ ਪੁੱਤ ਨੂੰ ਝੂਠੇ ਕੇਸ ਵਿਚ ਫਸਾ ਕੇ ਦੋ ਲੱਖ ਰੁਪਏ ਮੰਗਣ ਵਾਲੇ ਹੁਸ਼ਿਆਰਪੁਰ ਦੇ ਥਾਣੇਦਾਰ ਦੀ ਕਥਿਤ ਆਡੀਓ ਰਿਕਾਰਡਿੰਗ ਵਾਇਰਲ ਹੋਣ ਤੋਂ ਬਾਅਦ ਡੀ ਐਸ ਪੀ ਸੀ ਨੇ ਉਸ ਥਾਣੇਦਾਰ ਨੂੰ ਲਾਈਨ ਹਾਜ਼ਰ ਕਰਕੇ ਮਾਮਲੇ ਦੀ ਭਾਵੇਂ ਪੜਤਾਲ ਸ਼ੁਰੂ ਕਰ ਦਿੱਤੀ ਹੈ, ਪਰ ਉਸ ਥਾਣੇਦਾਰ ਖਿਲਾਫ ਕਥਿਤ ਰਿਸ਼ਵਤ ਮੰਗਣ ਦਾ ਪਰਚਾ ਦਰਜ ਕਰਕੇ ਸਲਾਖਾ ਪਿੱਛੇ ਸੁੱਟਣਾ ਚਾਹੀਦਾ ਹੈ। ਇਹ ਵਿਚਾਰ ਬੇਗਮਪੁਰਾ ਟਾਈਗਰ ਫੋਰਸ ਦੇ ਪੰਜਾਬ ਪ੍ਰਧਾਨ ਬੀਰਪਾਲ ਠਰੋਲੀ, ਜ਼ਿਲ੍ਹਾ ਪ੍ਰਧਾਨ ਹੈਪੀ ਫਤਹਿਗੜ੍ਹ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਸਤੀਸ਼ ਕੁਮਾਰ ਸ਼ੇਰਗੜ੍ਹ ਤੇ ਅਨਿਲ ਕੁਮਾਰ ਬੰਟੀ ਪ੍ਰਧਾਨ ਹਲਕਾ ਹਰਿਆਣਾ ਭੂੰਗਾ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਂਝੇ ਕੀਤੇ । ਉਹਨਾਂ ਕਿਹਾ ਕਿ ਅਮਰੀਕਾ ਬੈਠੇ ਨੌਜਵਾਨ ਅਕਾਸ਼ ਨੇ ਪੱਤਰਕਾਰਾਂ ਅਤੇ ਜ਼ਿਲ੍ਹਾ ਪੁਲਸ ਦੇ ਉੱਚ ਅਧਿਕਾਰੀਆਂ ਨੂੰ ਰਿਕਾਰਡਿੰਗ ਦੀਆਂ ਕਥਿਤ ਵੀਡੀਓ ਭੇਜ ਕੇ ਖ਼ੁਦ ਵੀ ਅਮਰੀਕਾ ਤੋਂ ਵੀਡੀਓ ਜਾਰੀ ਕਰਕੇ ਦੋਸ਼ ਲਗਾਇਆ ਕਿ ਥਾਣਾ ਫੋਕਲ ਪੁਆਇੰਟ ਪੁਰਹੀਰਾ ਦੇ ਥਾਣੇਦਾਰ ਅਮਰਜੀਤ ਸਿੰਘ ਨੇ ਕੁੱਝ ਦਿਨ ਪਹਿਲਾਂ ਉਸ ਦੇ ਹੁਸ਼ਿਆਰਪੁਰ ਬੈਠੇ ਪਿਤਾ ਨੂੰ ਇੱਕ ਝੂਠੇ ਕੇਸ ਵਿਚ ਫਸਾ ਦਿੱਤਾ ਸੀ ਅਤੇ ਅਮਰੀਕਾ ਬੈਠੇ ਅਕਾਸ਼ ਨੂੰ ਵਟਸਐਪ 'ਤੇ ਫੋਨ ਕਰਨੇ ਸ਼ੁਰੂ ਕਰ ਦਿੱਤੇ । ਉਹਨਾਂ ਕਿਹਾ ਕਿ ਥਾਣੇਦਾਰ ਵਲੋਂ ਉਸ ਦੇ ਪਿਤਾ ਵਿਰੁੱਧ ਵੀ ਦਰਜ ਕੀਤਾ ਮਾਮਲਾ ਝੂਠਾ ਹੈ। ਬੇਗਮਪੁਰਾ ਟਾਈਗਰ ਫੋਰਸ ਨੇ ਮੰਗ ਕੀਤੀ ਕਿ ਥਾਣੇਦਾਰ ਵਿਰੁੱਧ ਤੁਰੰਤ ਭ੍ਰਿਸ਼ਟਾਚਾਰ ਦੇ ਤਹਿਤ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਡੀ ਐਸ ਪੀ ਦੇਵ ਦੱਤ ਸ਼ਰਮਾ ਨੇ ਕਿਹਾ ਕਿ ਉਨ੍ਹਾਂ ਦੇ ਧਿਆਨ ਵਿਚ ਇਹ ਮਾਮਲਾ ਆਇਆ ਅਤੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਥਾਣੇਦਾਰ ਅਮਰਜੀਤ ਸਿੰਘ ਨੂੰ ਪੁਲਸ ਲਾਈਨ ਹਾਜ਼ਰ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਪੜਤਾਲ ਲਈ ਕਥਿਤ ਆਡੀਓ ਦੀ ਪੜਤਾਲ ਕੀਤੀ ਜਾ ਰਹੀ ਹੈ ਅਤੇ ਜਲਦ ਕਾਰਵਾਈ ਕੀਤੀ ਜਾਵੇਗੀ।



## ਹਰਦੇਵ ਸਿੰਘ ਕੌਂਸਲ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਰਾਮਗੜ੍ਹੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਪ੍ਰਧਾਨ ਹਰਦੇਵ ਸਿੰਘ ਕੌਂਸਲ ਦੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਲ ਹੋਣ 'ਤੇ ਅਕਾਲੀ ਹਲਕਿਆਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਰਾਮਗੜੀਆ ਸਿੱਖ ਆਰਗਨਾਈਜੇਸ਼ਨ ਇੰਡੀਆ ਦੇ ਚੇਅਰਮੈਨ ਕੁਲਦੀਪ ਸਿੰਘ ਖਾਂਬਾ ਦੀ ਅਗਵਾਈ ਵਿੱਚ ਸਥਾਨਿਕ ਮੋਤੀ ਮਹਿਲ ਵਿਖੇ ਇੱਕ ਸਾਦਾ 'ਤੇ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਵਿੱਚ ਸ਼ਾਮਲ ਹੋਏ ਹਰਦੇਵ ਸਿੰਘ ਕੌਂਸਲ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ।



ਇਸ ਮੌਕੇ ਕੁਲਦੀਪ ਸਿੰਘ ਖਾਂਬਾ ਚੇਅਰਮੈਨ ਨੇ ਕਿਹਾ ਕਿ ਹਰਦੇਵ ਸਿੰਘ ਕੌਂਸਲ ਸ਼ੁਰੂ ਤੋਂ ਹੀ ਟਕਸਾਲੀ ਅਕਾਲੀ ਪਰਵਾਰ ਨਾਲ ਸੰਬੰਧ ਰੱਖਦੇ ਆਏ ਹਨ।ਇਸ ਮੌਕੇ ਰਾਮਗੜੀਆ ਸਿੱਖ ਆਰਗੇਨਾਈਜ਼ੇਸ਼ਨ ਇੰਡੀਆ ਦੇ ਕੌਮੀ ਚੇਅਰਮੈਨ ਕੁਲਦੀਪ ਸਿੰਘ ਖਾਂਬਾ ਦੇ ਨਾਲ ਜਨਰਲ ਸਕੱਤਰ ਗੁਰਦੇਵ ਸਿੰਘ ਪਵਾਰ ਰਿਟਾ. ਐਕਸੀਅਨ, ਮਲਕੀਤ ਸਿੰਘ ਮਰਵਾਹਾ ਕੌਮੀ ਸੀਨੀਅਰ ਮੀਤ ਪ੍ਰਧਾਨ, ਜਸਵੰਤ ਸਿੰਘ ਭੋਗਲ ਵਾਈਸ ਚੇਅਰਮੈਨ ਪੰਜਾਬ, ਗੁਰਬਿੰਦਰ ਸਿੰਘ ਪਲਾਹਾ ਪ੍ਰੈੱਸ ਸਕੱਤਰ ਇੰਡੀਆ, ਗੁਰਸੇਵਕ ਸਿੰਘ ਕੌਂਸਲ ਯੂਥ ਆਗੂ ਵੀ ਮੌਜੂਦ ਸਨ ।

# 'ਵਰਸਿਟੀ ਕਾਲਜ ਜੰਡਿਆਲਾ ਦੇ ਭਾਰ-ਤੋਲਕਾਂ ਨੇ ਚਾਰ ਮੈਡਲ ਜਿੱਤੇ



**ਗੁਰਾਇਆ (ਬਿੰਦਰ ਸੁੰਮਨ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕੁਸ਼ਤੀ ਮੁਕਾਬਲਿਆਂ ਵਿੱਚੋਂ ਤਿੰਨ ਗੋਲਡ ਮੈਡਲ ਜਿੱਤਣ ਤੋਂ ਬਾਦ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਦੇ ਵੇਟ ਲਿਫਟਰਾਂ ਨੇ ਵੇਟ ਲਿਫਟਿੰਗ ਦੇ ਵਖ-ਵਖ ਭਾਰ ਵਰਗ ਮੁਕਾਬਲਿਆਂ ਵਿੱਚ ਚਾਰ ਮੈਡਲ ਜਿੱਤ ਕੇ ਬੰਦ ਹੋ ਕੇ ਦੁਬਾਰਾ ਚਾਲੂ ਹੋਏ ਕਾਲਜ ਨੂੰ ਖੇਡ ਨਕਸ਼ੇ ਉੱਪਰ ਅੰਕਿਤ ਕਰ ਦਿੱਤਾ। ਇਹ ਮੁਕਾਬਲੇ ਡੀ.ਏ.ਵੀ. ਕਾਲਜ ਕੰਪਲੈਕਸ ਅੰਮ੍ਰਿਤਸਰ ਵਿੱਚ ਹੋਈ ਅੰਤਰ ਕਾਲਜ ਵੇਟ ਲਿਫਟਿੰਗ ਚੈਂਪੀਅਨਸ਼ਿਪ ਵਿੱਚ ਹੋਏ ਜਿਸ ਵਿੱਚੋਂ ਕਾਲਜ ਦੇ ਵੇਟ ਲਿਫਟਰ ਰਾਜੇਸ਼ ਕੁਮਾਰ ਝਾਅ ਨੇ 110 ਕਿਲੋਗ੍ਰਾਮ ਭਾਰ ਵਰਗ ਕੈਟਾਗਰੀ ਵਿੱਚ ਕੁੱਲ 261 ਕਿਲੋਗ੍ਰਾਮ ਭਾਰ ਚੁੱਕ ਕੇ ਸਿਲਵਰ ਮੈਡਲ ਪ੍ਰਾਪਤ ਕੀਤਾ। ਸਾਗਰ ਨੇ 88 ਕਿਲੋਗ੍ਰਾਮ ਭਾਰ ਵਰਗ ਕੈਟਾਗਰੀ ਵਿੱਚ 241 ਕਿਲੋਗ੍ਰਾਮ, ਮਨਵਿੰਦਰ ਸਿੰਘ ਨੇ 79 ਕਿਲੋਗ੍ਰਾਮ ਭਾਰ ਵਰਗ ਕੈਟਾਗਰੀ ਵਿੱਚ 211 ਕਲੋਗ੍ਰਾਮ ਅਤੇ ਚਰਨਜੀਤ ਸਿੰਘ ਨੇ 94 ਕਿਲੋਗ੍ਰਾਮ ਭਾਰ ਵਰਗ ਕੈਟਾਗਰੀ ਵਿੱਚ 205 ਕਿਲੋਗ੍ਰਾਮ ਭਾਰ ਚੁੱਕ ਕੇ ਕਾਂਸੀ ਦੇ ਮੈਡਲ ਜਿੱਤੇ। ਕਾਲਜ ਪਹੁੰਚਣ 'ਤੇ ਕਾਲਜ ਮੁੱਖੀ ਡਾ. ਜਗਸੀਰ ਸਿੰਘ ਬਰਾੜ, ਸਟਾਫ ਅਤੇ ਪਤਵੰਤਿਆਂ ਨੇ ਜੇਤੂ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਅਤੇ ਇਸ ਉਪਲਬਧੀ ਲਈ ਵਧਾਈ ਦਿੱਤੀ ।

# ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਹਲਕੇ ਦੀਆਂ 36 ਪੰਚਾਇਤਾਂ ਨੂੰ 87.93 ਲੱਖ ਰੁਪਏ ਤੋਂ ਵੱਧ ਦੀਆਂ ਗ੍ਰਾਂਟਾਂ ਵੰਡੀਆਂ

**ਡੇਰਾਬੱਸੀ (ਵਿਨੈ ਕੁਮਾਰ ਜੈਨ)** ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਡੇਰਾਬੱਸੀ ਹਲਕੇ ਦੀਆਂ 36 ਗ੍ਰਾਮ ਪੰਚਾਇਤਾਂ ਨੂੰ ਚੱਲ ਰਹੇ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਨਵੇਂ ਪੇਂਡੂ ਵਿਕਾਸ ਕਾਰਜਾਂ ਲਈ 87.93 ਲੱਖ ਰੁਪਏ ਦੀਆਂ ਵਿਕਾਸ ਗ੍ਰਾਂਟਾਂ ਵੰਡੀਆਂ। ਅੱਜ ਜਾਰੀ ਕੀਤੇ ਗਏ ਫੰਡ ਲਾਇਬ੍ਰੇਰੀਆਂ, ਠੋਸ ਰਹਿੰਦ-ਖੂੰਹਦ ਪ੍ਰਬੰਧਨ, ਸਟਰੀਟ ਲਾਈਟਾਂ, ਖੇਡ ਦੇ ਮੈਦਾਨ, ਪੀਣ ਵਾਲੇ ਪਾਣੀ ਦੀਆਂ ਸਹੂਲਤਾਂ, ਕਮਿਊਨਿਟੀ ਸੈਂਟਰਾਂ, ਪਿੰਡਾਂ ਦੀਆਂ ਗਲੀਆਂ ਦੀ ਮੁਰੰਮਤ ਅਤੇ ਡਰੇਨੇਜ ਪ੍ਰਣਾਲੀਆਂ ਨਾਲ ਸਬੰਧਤ ਪ੍ਰੋਜੈਕਟਾਂ ਵਾਸਤੇ ਸਨ।ਜਿਨ੍ਹਾਂ ਪਿੰਡਾਂ ਨੂੰ ਖਾਸ ਪ੍ਰੋਜੈਕਟਾਂ ਲਈ ਗ੍ਰਾਂਟਾਂ ਜਾਰੀ ਕੀਤੀਆਂ ਗਈਆਂ, ਉਨ੍ਹਾਂ ਵਿੱਚ ਭਾਂਖਰਪੁਰ ਅਤੇ ਬਾਕਰਪੁਰ ਨੂੰ ਲਾਇਬ੍ਰੇਰੀਆਂ ਲਈ 5-5 ਲੱਖ ਰੁਪਏ, ਸਮਗੌਲੀ ਅਤੇ ਧਰਮਗੜ੍ਹ ਨੂੰ ਲਾਇਬ੍ਰੇਰੀਆਂ ਲਈ 3-3 ਲੱਖ ਰੁਪਏ ਅਲਾਟ ਕੀਤੇ ਗਏ, ਜਦੋਂ ਕਿ ਮੋਰ ਠੀਕਰੀ ਨੂੰ ਸਟਰੀਟ ਲਾਈਟਾਂ ਲਈ 3 ਲੱਖ ਰੁਪਏ ਮਿਲੇ। ਮੀਆਂਪੁਰ ਨੂੰ ਧਰਮਸ਼ਾਲਾ ਦੇ ਕੰਮਾਂ ਲਈ 3 ਲੱਖ ਰੁਪਏ ਦਿੱਤੇ ਗਏ, ਅਤੇ ਇਬਰਾਹਿਮਪੁਰ ਨੂੰ ਗਲੀਆਂ ਅਤੇ ਡਰੇਨੇਜ ਸੁਧਾਰ ਲਈ 3 ਲੱਖ ਰੁਪਏ ਮਿਲੇ।ਸਾਲਿਡ ਵੇਸਟ ਮੈਨੇਜਮੈਂਟ (ਠੋਸ ਕੂੜਾ ਪ੍ਰਬੰਧਨ) ਪਹਿਲਕਦਮੀਆਂ ਲਈ ਇਬਰਾਹਿਮਪੁਰ, ਪਰਾਗਪੁਰ, ਰਾਮਪੁਰ ਸੈਣੀਆਂ, ਖੇੜੀ ਜੱਟਾਂ, ਪੁਨਸਰ, ਰਾਮਪੁਰ ਬਹਿਲ, ਝਵਾਂਸਾ, ਫਤਿਹਪੁਰ ਜੱਟਾਂ, ਰਾਮਗੜ੍ਹ ਰੁੜਕੀ ਅਤੇ ਸਿਉਲੀ ਨੂੰ 2-2 ਲੱਖ ਰੁਪਏ ਅਲਾਟ ਕੀਤੇ ਗਏ ਹਨ। ਜਵਾਹਰਪੁਰ ਨੂੰ ਪੀਣ ਵਾਲੇ ਪਾਣੀ ਦੀ ਸਹੂਲਤ ਲਈ 2.93 ਲੱਖ ਰੁਪਏ ਮਿਲੇ ਹਨ। ਇਸੇ ਤਰ੍ਹਾਂ ਪਿੰਡ ਡੰਗਡੇਹਰਾ, ਝਰਮੜੀ, ਅਮਲਾਲਾ, ਚੰਡਿਆਲਾ, ਰਾਜਾਪੁਰ, ਧੀਰੇਮਾਜਰਾ, ਰਾਮਪੁਰ ਸੈਣੀਆਂ, ਖੇਲਾਂ, ਮੱਲਣ, ਜੋਧਪੁਰ ਅਤੇ ਸਾਰੰਗਪੁਰ ਨੂੰ ਸਟਰੀਟ ਲਾਈਟਾਂ ਲਗਾਉਣ ਲਈ 2-2 ਲੱਖ ਰੁਪਏ ਦੀ ਵਿਕਾਸ ਗ੍ਰਾਂਟ ਦਿੱਤੀ ਗਈ।ਇਸ ਮੌਕੇ ਬੋਲਦਿਆਂ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਡੇਰਾਬੱਸੀ ਦੇ ਪੇਂਡੂ ਖੇਤਰਾਂ ਦਾ ਸਰਵਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ, ਅਤੇ ਅੱਜ ਜਾਰੀ ਕੀਤੀਆਂ ਗਈਆਂ ਗ੍ਰਾਂਟਾਂ ਜ਼ਰੂਰੀ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਅੱਗੇ ਵਧਾਉਣਗੀਆਂ।



# ਖਰਕ ਪੂਨਿਆ ਸਕੂਲ ਸੰਸਕ੍ਰਿਤੀ ਮਾਡਲ ਸਕੂਲ ਵੱਜੋਂ ਹੋਵੇਗਾ ਅਪਗ੍ਰੇਡ : ਮੁੱਖ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਨੀ ਨੇ ਦਾਦਾ ਬਾਢਦੇਵ ਪੂਨਿਆ ਦੇ ਜਨਮ ਦਿਵਸ ਅਤੇ ਮੁੱਖ ਮੰਤਰੀ ਸਨਮਾਨ ਪ੍ਰੋਗਰਾਮ 'ਤੇ ਆਯੋਜਿਤ ਪ੍ਰੋਗਰਾਮ ਦਾ ਐਲਾਨ ਕਰਦੇ ਹੋਏ ਕਿਹਾ ਕਿ ਖਰਕ ਪੂਨਿਆ ਪਿੰਡ ਦੇ ਮੌਜੂਦਾ ਸਕੂਲ ਨੂੰ ਸੰਸਕ੍ਰਿਤੀ ਮਾਡਲ ਸਕੂਲ ਵੱਜੋਂ ਅਪਗ੍ਰੇਡ ਕੀਤਾ ਜਾਵੇਗਾ ਤਾਂ ਜੋ ਪਿੰਡ ਦੇ ਹੀ ਸਕੂਲ ਵਿੱਚ ਬੱਚਿਆਂ ਨੂੰ ਉੱਚ ਪੱਧਰੀ ਸਿੱਖਿਆ ਉਪਲਬਧ ਹੋ ਸਕੇ। ਇਸ ਦੇ ਇਲਾਵਾ ਮੁੱਖ ਮੰਤਰੀ ਨੇ ਖਰਕ ਪੂਨਿਆ ਵਿੱਚ ਇੱਕ ਕੰਮਯੂਨਿਟੀ ਕੇਂਦਰ ਦਾ ਨਿਰਮਾਣ ਕਰਵਾਉਣ ਦੇ ਨਾਲ ਨਾਲ ਇੱਥੇ ਇੱਕ ਲਾਇਬ੍ਰੇਰੀ ਖੋਲਣ ਦਾ ਵੀ ਐਲਾਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਨੇ ਦੋ ਕਿਤਾਬਾਂ ਦਾ ਵੀ ਵਿਮੋਚਨ ਕੀਤਾ।ਮੁੱਖ ਮੰਤਰੀ ਹਿਸਾਰ ਜ਼ਿਲ੍ਹੇ ਦੇ ਖਰਕ ਪੂਨਿਆ ਪਿੰਡ ਵਿੱਚ ਅਖਿਲ ਹਰਿਆਣਾ ਸਰਵਜਾਤੀਅ ਪੂਨਿਆ ਸਮਾਜ ਵੱਲੋਂ ਦਾਦਾ ਬਾਢਦੇਵ ਜੀ ਪੂਨਿਆ ਦੇ ਜਨਮ ਦਿਵਸ ਦੇ ਉਪਲੱਖ ਵਿੱਚ ਆਯੋਜਿਤ ਸ਼ਾਨਦਾਰ ਪ੍ਰੋਗਰਾਮ ਨੂੰ ਸੰਬੋਧਿਤ ਕਰ ਰਹੇ ਸਨ।

## ਨੋਬੇਲ ਸਕੂਲ 'ਚ ਬਾਲ ਦਿਵਸ ਮਨਾਇਆ

**ਕਰਤਾਰਪੁਰ (ਹਰਮੇਸ਼ ਦੱਤ)** ਦਿ ਨੋਬੇਲ ਸਕੂਲ ਵਿਖੇ ਬਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਵੱਲੋਂ ਜਵਾਹਰ ਲਾਲ ਨਹਿਰੂ ਦੀ ਤਸਵੀਰ ਉੱਤੇ ਹਾਰ ਪਾ ਕੇ ਕੀਤੀ ਗਈ। ਇਸ ਉਪਰੰਤ ਅਧਿਆਪਕਾਂ ਨੇ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਇਸ ਬਾਲ ਦਿਵਸ ਦੇ ਮੌਕੇ ਤੇ ਕਿੰਡਰ ਗਾਰਟਨ ਦੇ ਬੱਚਿਆਂ ਦਾ ਫੈਂਸੀ ਡਰੈਸ ਮੁਕਾਬਲਾ ਵੀ ਕਰਵਾਇਆ ਗਿਆ। ਬੱਚੇ ਅਲੱਗ ਅਲੱਗ ਪੁਸ਼ਾਕਾਂ ਵਿੱਚ ਬਹੁਤ ਹੀ ਸੁੰਦਰ ਲੱਗ ਰਹੇ ਸਨ •ਇਸ ਮੌਕੇ ਸਕੂਲ ਦੇ ਚੇਅਰਮੈਨ ਪ੍ਰੋਫੈਸਰ ਸੀ.ਐਲ ਕੋਛੜ, ਇੰਜੀਨੀਅਰ ਕੁਮਾਰ ਸ਼ਿਵ ਕੋਛੜ, ਸਕੂਲ ਦੇ ਡਾਇਰੈਕਟਰ ਸਰੋਜ ਸ਼ਰਮਾ, ਸਕੂਲ ਤੇ ਸਮੂਹ ਸਟਾਫ ਮੈਂਬਰ ਸ਼ਾਮਲ ਸਨ। ਸਕੂਲ ਵਿੱਚ ਵੱਖ ਵੱਖ ਖੇਡਾਂ ਦਾ ਆਯੋਜਨ ਵੀ ਕੀਤਾ ਗਿਆ ਤੇ ਸਾਰੀਆਂ ਜਮਾਤਾਂ ਦੇ ਵਿਦਿਆਰਥੀਆਂ ਨੇ ਇਸ ਵਿੱਚ ਵੱਧ ਚੜ ਕੇ ਹਿੱਸਾ ਲਿਆ। ਜਿਸ ਵਿੱਚ ਬੱਚਿਆਂ ਨੇ ਖੇਡਾਂ ਦਾ ਆਨੰਦ ਮਾਣਿਆ। ਜੇਤੂ ਰਹੇ ਵਿਦਿਆਰਥੀਆਂ ਨੂੰ ਚੇਅਰਮੈਨ ਸਰ ਨੇ ਪ੍ਰਮਾਣ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੂਲ ਦੇ ਚੇਅਰਮੈਨ ਸਰ ਨੇ ਦੱਸਿਆ ਕਿ ਸਮਾਗਮ ਦਾ ਮੁੱਖ ਮਕਸਦ ਬਚਪਨ ਨੂੰ ਯਾਦ ਕਰਕੇ ਦੇਸ਼ ਪ੍ਰਤੀ ਸਮਰਪਿਤ ਹੋਣ ਦੀ ਭਾਵਨਾ ਨੂੰ ਜਗਾਉਣਾ ਸੀ ਤੇ ਐਮ. ਡੀ ਸਰ ਨੇ ਨੂੰ ਚਾਚਾ ਨਹਿਰੂ ਦੇ ਆਦਰਸ਼ਾਂ ਤੇ ਚੱਲਣ ਤੇ ਉਹਨਾਂ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਬੁਰਾਈ ਨੂੰ ਛੱਡ ਕੇ ਅਨੁਸ਼ਾਸਨ ਦੀ ਪਾਲਣਾ ਕਰਨ ਲਈ ਪ੍ਰੇਰਿਆ।




# ਮਿਆਰੀ ਸਿਹਤ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਬਚਨਵੱਧ : ਡਾ. ਇਸ਼ਾਂਕ ਕੁਮਾਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)** ਸਿਹਤ ਸੇਵਾਂਵਾਂ ਦੇ ਖੇਤਰ ਵਿੱਚ ਵਾਧਾ ਕਰਦੇ ਹੋਏ ਪੰਜਾਬ ਸਰਕਾਰ ਵਲੋਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਬਲਾਕ ਹਾਰਟਾ ਬਡਲਾ ਦੇ ਪਿੰਡ ਬਠੁੱਲਾ ਵਿਖੇ ਵਿਧਾਇਕ ਚੱਬੇਵਾਲ ਡਾ. ਇਸ਼ਾਂਕ ਕੁਮਾਰ ਵਲੋਂ ਨਵੇਂ ਹੈਲਥ ਐਂਡ ਵੈੱਲਨੈੱਸ ਸੈਂਟਰ ਦੀ ਇਮਾਰਤ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਇੰਚਾਰਜ ਸੀ.ਐਚ.ਸੀ ਹਾਰਟਾ ਬਡਲਾ ਡਾ.ਮਨਪ੍ਰੀਤ ਸਿੰਘ ਬੈਂਸ, ਪਰਮਜੀਤ ਸਿੰਘ ਐਸ.ਡੀ.ਓ, ਸ.ਬਲਵਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ, ਪਿੰਡ ਦੀ ਸਰਪੰਚ ਸ਼੍ਰੀਮਤੀ ਸੁਨੀਤਾ ਦੇਵੀ, ਪਿੰਡ ਦੀ ਪੰਚਾਇਤ ਮੈਂਬਰ ਅਤੇ ਲਾਗਲੇ ਪਿੰਡਾਂ ਦੇ ਸਰੰਪਚਾਂ ਤੋਂ ਇਲਾਵਾ ਹੋਰ ਪਤਵੰਤੇ ਸੱਜਣ ਹਾਜ਼ਰ ਸਨ ।ਇਸ ਮੌਕੇ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਡਾ.ਇਸ਼ਾਂਕ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਸਿੱਖਿਆ ਅਤੇ ਸਿਹਤ ਸਹੂਲਤਾਂ ਸੁਚੱਜੇ ਢੰਗ ਨਾਲ ਪ੍ਰਦਾਨ ਕਰਨ ਅਤੇ ਲੋਕਾਂ ਦੀ ਸਿਹਤ ਦੇ ਪੱਧਰ ਨੂੰ ਹੋਰ ਉੱਚਾ ਚੁੱਕਣ ਲਈ ਹਮੇਸ਼ਾ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਨੂੰ ਉੱਚ ਦਰਜੇ ਦੀ ਸਿਹਤ ਸਹੂਲਤ ਘਰ-ਘਰ ਤੱਕ ਪਹੁੰਚਾਉਣ ਲਈ ਹੈਲਥ ਐਂਡ ਵੈੱਲਨੈੱਸ ਸੈਂਟਰ ਇੱਕ ਮਹੱਤਵਪੂਰਨ ਕਦਮ ਹੈ।ਇਹ ਕੇਂਦਰ ਪਿੰਡ ਵਾਸੀਆਂ ਨੂੰ ਪ੍ਰਾਇਮਰੀ ਸਿਹਤ ਸੇਵਾਵਾਂ, ਮਹਿਲਾਵਾਂ ਤੇ ਬੱਚਿਆਂ ਦੀ ਸੰਭਾਲ, ਟੀਕਾਕਰਨ, ਬਿਮਾਰੀਆਂ ਦੀ ਰੋਕਥਾਮ ਅਤੇ ਮਾਨਸਿਕ ਸਿਹਤ ਨਾਲ ਜੁੜੀਆਂ ਸੇਵਾਵਾਂ ਪ੍ਰਦਾਨ ਕਰੇਗਾ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਮਨਪ੍ਰੀਤ ਸਿੰਘ ਨੇ ਹੈਲਥ ਐਂਡ ਵੈੱਲਨੈੱਸ ਸੈਂਟਰਾਂ ਵਿੱਚ ਉਪਲੱਬਧ ਸਿਹਤ ਸੇਵਾਂਵਾਂ ਦੀ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇੱਥੇ ਮੁਫਤ ਐਨ.ਸੀ.ਡੀ ਸੇਵਾਂਵਾਂ, ਜ਼ਰੂਰੀ ਦਵਾਈਆਂ, ਗੈਰ ਸੰਸਾਰਿਤ ਬਿਮਾਰੀਆਂ ਦੀ ਸਕ੍ਰੀਨਿੰਗ, ਮਾਂ-ਬੱਚੇ ਦੀ ਸਿਹਤ ਸੰਭਾਲ, ਬੱਚਿਆਂ ਦਾ ਟੀਕਾਕਰਨ ਆਦਿ ਸੇਵਾਂਵਾਂ ਉਪਲੱਬਧ ਹੋਣਗੀਆਂ।ਸਮਾਰੋਹ ਦੇ ਅੰਤ ਵਿੱਚ ਪਿੰਡ ਦੀ ਸਰਪੰਚ ਸੁਨੀਤਾ ਰਾਣੀ ਨੇ ਪਿੰਡ ਵਾਸੀਆਂ ਲਈ ਨਵੇਂ ਹੈਲਥ ਐਂਡ ਵੈੱਲਨੈੱਸ ਸੈਂਟਰ ਖੋਲਣ ਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਸਰਕਾਰ ਵਲੋਂ ਪਿੰਡ ਸ਼ੁਰੂ ਕੀਤੇ ਗਏ ਹੋਰ ਕਾਰਜਾ ਨੂੰ ਵੀ ਜਲਦ ਪੂਰਾ ਕਰਨ ਦੀ ਉਮੀਦ ਹੈ।ਉਨ੍ਹਾਂ ਹਾਜ਼ਰ ਸਮੂਹ ਅਧਿਕਾਰੀਆਂ ਅਤੇ ਸਿਹਤ ਵਿਭਾਗ ਦੇ ਕਰਮਚਾਰੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਪਿੰਡ ਵਾਸੀਆਂ ਵਲੋਂ ਵੀ ਸਰਕਾਰ ਦਾ ਪਿੰਡ ਦੀ ਭਲਾਈ ਕਾਰਜਾ ਵਿੱਚ ਪੂਰਾ ਸਹਿਯੋਗ ਦਿੱਤਾ ਜਾਵੇਗਾ।




# ਸੋਹਾਣਾ ਹਸਪਤਾਲ ਨੇ ਉੱਚ-ਜੋਖਮ ਵਾਲੀ ਰੋਬੋਟਿਕ ਕਿਡਨੀ ਕੈਂਸਰ ਸਰਜਰੀ ਕਰਕੇ ਇਤਿਹਾਸ ਰਚਿਆ

**ਮੋਹਾਲੀ (ਗੁਰਜੀਤ ਬਿੱਲਾ)** ਸੋਹਾਣਾ ਹਸਪਤਾਲ ਨੇ ਯੂਰੋਲੋਜੀਕਲ ਕੈਂਸਰਾਂ ਵਿੱਚੋਂ ਸਭ ਤੋਂ ਗੁੰਝਲਦਾਰ ਮੰਨੀਆਂ ਜਾਣ ਵਾਲੀਆਂ ਪ੍ਰਕਿਰਿਆਵਾਂ ਵਿੱਚੋਂ ਇੱਕ ਬਹੁਤ ਹੀ ਚੁਣੌਤੀਪੂਰਨ ਰੋਬੋਟਿਕ-ਸਹਾਇਤਾ ਪ੍ਰਾਪਤ ਸੱਜੇ ਰੈਡੀਕਲ ਨੈਫ੍ਰੈਕਟੋਮੀ ਯਾਨੀ ਕਿਡਨੀ ਹਟਾਉਣਾ ਨਾਲ ਆਈ ਵੀ ਸੀ ਥ੍ਰੋਮਬੈਕਟੋਮੀ ਨੂੰ ਸਫ਼ਲਤਾਪੂਰਵਕ ਅੰਜਾਮ ਦਿੱਤਾ ਹੈ। ਇਹ ਸਰਜਰੀ ਸੋਹਾਣਾ ਹਸਪਤਾਲ ਮੋਹਾਲੀ ਦੇ ਚੀਫ ਯੂਰੋਲੋਜਿਸਟ ਅਤੇ ਰੋਬੋਟਿਕ ਸਰਜਨ ਡਾ. ਕਰਮਵੀਰ ਸਿੰਘ ਸਭਰਵਾਲ ਦੀ ਅਗਵਾਈ ਵਿੱਚ ਕੀਤੀ ਗਈ। ਜ਼ਿਕਰਯੋਗ ਹੈ ਕਿ 73 ਸਾਲਾ ਮਰੀਜ਼ ਨੂੰ ਸੱਜੀ ਕਿਡਨੀ ਵਿੱਚ ਇੱਕ ਵੱਡੇ ਟਿਊਮਰ ਦਾ ਪਤਾ ਲੱਗਾ ਸੀ ਜੋ ਕਿ ਇਨਫੀਰੀਅਰ ਵੇਨਾ ਕਾਵਾ ਤੱਕ ਫੈਲਿਆ ਹੋਇਆ ਸੀ।ਇਨਫੀਰੀਅਰ ਵੇਨਾ ਕਾਵਾ ਉਹ ਮੁੱਖ ਖ਼ੂਨ ਦੀ ਨਾੜੀ ਹੈ ਜੋ ਖ਼ੂਨ ਨੂੰ ਵਾਪਸ ਦਿਲ ਤੱਕ ਲੈ ਜਾਂਦੀ ਹੈ।ਟਿਊਮਰ ਦਾ ਇਸ ਨਾੜੀ ਵਿੱਚ ਫੈਲ ਜਾਣਾ ਸਰਜੀਕਲ ਮੁਸ਼ਕਲ ਅਤੇ ਜੋਖਮਾਂ ਨੂੰ ਮਹੱਤਵਪੂਰਨ ਤੌਰ 'ਤੇ ਵਧਾ ਦਿੰਦਾ ਹੈ।ਡਾ. ਸੱਭਰਵਾਲ ਅਤੇ ਉਹਨਾਂ ਦੀ ਟੀਮ ਨੇ ਨਵੀਂ ਤਰ੍ਹਾਂ ਦੀ ਦਾ ਵਿੰਚੀ ਐਕਸ ਆਈ ਰੋਬੋਟਿਕ ਸਰਜੀਕਲ ਸਿਸਟਮ ਦੀ ਵਰਤੋਂ ਕਰਦੇ ਹੋਏ ਟਿਊਮਰ ਨੂੰ ਬਹੁਤ ਹੀ ਸੁਚੱਜੇ ਤਰੀਕੇ ਨਾਲ ਹਟਾਇਆ ਅਤੇ ਮਰੀਜ਼ ਦੀ ਸੁਰੱਖਿਆ ਯਕੀਨੀ ਬਣਾਈ। ਇਸ ਪ੍ਰਾਪਤੀ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਡਾ. ਕਰਮਵੀਰ ਸਿੰਘ ਸਭਰਵਾਲ ਨੇ ਕਿਹਾ ਕਿ ਆਈ ਵੀ ਸੀ ਨਾਲ ਜੁੜੇ ਟਿਊਮਰਾਂ ਲਈ ਬਹੁਤ ਧਿਆਨ ਨਾਲ ਯੋਜਨਾਬੰਦੀ ਅਤੇ ਉੱਨਤ ਸਰਜੀਕਲ ਹੁਨਰ ਦੀ ਲੋੜ ਹੁੰਦੀ ਹੈ।ਟਰੱਸਟ ਸਕੱਤਰ ਗੁਰਮੀਤ ਸਿੰਘ ਨੇ ਕਿਹਾ ਕਿ ਅਸੀਂ ਆਪਣੇ ਮਰੀਜ਼ਾਂ ਨੂੰ ਕਿਫਾਇਤੀ ਦਰਾਂ 'ਤੇ ਅਤਿ-ਆਧੁਨਿਕ ਵਿਸ਼ਵ ਪੱਧਰੀ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹਾਂ।



# ਵੋਟਰਾਂ ਨੇ 'ਆਪ' ਦੇ ਹੱਕ 'ਚ ਫਤਵਾ ਦੇ ਕੇ ਮਾਨ ਸਰਕਾਰ ਦੀਆਂ ਨੀਤੀਆਂ 'ਤੇ ਲਾਈ ਮੋਹਰ : ਹਰਜੀ ਮਾਨ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਤਰਨ ਤਾਰਨ ਵਿਧਾਨਸਭਾ ਜਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੀ ਜਿੱਤ ਦੀ ਖੁਸ਼ੀ 'ਚ ਸਮੂਹ ਆਮ ਆਦਮੀ ਪਾਰਟੀ ਵਰਕਰਾਂ ਵੱਲੋਂ ਸਾਬਕਾ ਮੰਤਰੀ ਜੋਗਿੰਦਰ ਸਿੰਘ ਮਾਨ ਦੇ ਗ੍ਰਹਿ ਵਿਖੇ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ।ਇਸ ਮੌਕੇ ਪਾਰਟੀ ਦੇ ਸੂਬਾ ਸਪੋਕਸ ਪਰਸਨ ਅਤੇ ਵਿਧਾਨਸਭਾ ਹਲਕਾ ਫਗਵਾੜਾ ਦੇ ਇੰਚਾਰਜ ਸਰਦਾਰ ਹਰਨੂਰ ਸਿੰਘ (ਹਰਜੀ) ਮਾਨ ਨੇ ਕਿਹਾ ਕਿ ਤਰਨ ਤਾਰਨ ਵਿਖੇ ਆਮ ਆਦਮੀ ਮਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਜਿੱਤ ਉੱਥੋਂ ਦੇ ਵੋਟਰਾਂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਪੰਜਾਬ ਪੱਖੀ ਨੀਤੀਆਂ ਦੀ ਜਿੱਤ ਹੈ।ਉਹਨਾਂ ਕਿਹਾ ਕਿ ਤਰਨਤਾਰਨ ਦੇ ਲੋਕਾਂ ਨੇ ਇੱਕ ਵਾਰ ਫਿਰ ਆਪ ਪਾਰਟੀ ਦੇ ਹੱਕ 'ਚ ਫਤਵਾ ਦੇ ਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਸਹਿਮਤੀ ਦੀ ਮੋਹਰ ਲਗਾਈ ਹੈ ਅਤੇ ਭਗਵੰਤ ਮਾਨ ਸਰਕਾਰ ਨੂੰ ਹੁਣ ਤੱਕ ਦੀਆਂ ਪ੍ਰਾਪਤੀਆਂ ਦਾ ਇਨਾਮ ਦਿੱਤਾ ਹੈ। ਇਸ ਮੌਕੇ ਕੌਂਸਲਰ ਹਰਪ੍ਰੀਤ ਸਿੰਘ ਭੋਗਲ, ਕੌਂਸਲਰ ਰਵੀ ਸਿੱਧੂ, ਸੀਮਾ ਰਾਣਾ, ਨਵਨੀਤ ਉੱਪਲ, ਰਜਿੰਦਰ ਸਿੰਘ, ਰਾਜਕੁਮਾਰ ਢੰਡਾ, ਬੋਬੀ ਚੱਮ, ਰਾਜੂ ਆਨੰਦ, ਅਮਰਿੰਦਰ ਸਿੰਘ ਬਲਾਕ ਪ੍ਰਧਾਨ, ਸੋਰਵ ਹਾਂਡਾ, ਦੀਪਕ, ਬਲਬੀਰ ਠਾਕੁਰ ਤੋਂ ਇਲਾਵਾ ਪਾਰਟੀ ਦੇ ਹੋਰ ਵਰਕਰ ਅਤੇ ਸਮਰਥਕ ਹਾਜਰ ਸਨ।

17-NOV-PAGE-10.qxd 11/16/2025 9:15 PM Page 1



## ਵੇਰਕਾ ਆਊਟਸੋਰਸ ਮੁਲਾਜ਼ਮ ਯੂਨੀਅਨ ਵੱਲੋਂ ਮਿਲਕ ਪਲਾਂਟ ਲੁਧਿਆਣਾ ਵਿਖੇ ਧਰਨਾ



**ਦੋਰਾਹਾ (ਹਰਮਿੰਦਰ ਸੇਠ)**-ਵੇਰਕਾ ਮਿਲਕ ਤੇ ਕੈਟਲ ਫੀਡ ਪਲਾਂਟ ਆਊਟਸੋਰਸ ਮੁਲਾਜ਼ਮ ਯੂਨੀਅਨ ਪੰਜਾਬ ਵੱਲੋਂ ਮਿਲਕ ਪਲਾਂਟ ਲੁਧਿਆਣਾ ਵਿਖੇ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਲੈ ਕੇ ਧਰਨਾ ਦਿੱਤਾ ਜਾ ਰਿਹਾ ਹੈ।ਇਹ ਧਰਨਾ ਪੰਜਵੇਂ ਦਿਨ ਵਿੱਚ ਪ੍ਰਵੇਸ਼ ਕਰ ਜਾਣ ਤੋਂ ਬਾਅਦ ਵੀ ਵੇਰਕਾ ਮਿਲਕ ਪਲਾਂਟ ਲੁਧਿਆਣਾ ਦੀ ਮੈਨੇਜਮੈਂਟ ਯੂਨੀਅਨ ਦੇ ਆਗੂਆਂ ਨਾਲ ਕਿਸੇ ਤਰ੍ਹਾਂ ਦਾ ਕੋਈ ਵੀ ਰਾਬਤਾ ਨਾ ਕਰਨ 'ਤੇ ਯੂਨੀਅਨ ਆਗੂਆਂ ਵੱਲੋਂ ਵੇਰਕਾ ਮਿਲਕ ਪਲਾਂਟ ਲੁਧਿਆਣਾ ਦਾ ਮੁੱਖ ਗੇਟ ਬੰਦ ਕਰਕੇ ਰੋਸ ਪ੍ਰਦਰਸ਼ਨ ਲਗਾਤਾਰ ਜਾਰੀ ਹੈ।ਜ਼ਿਕਰਯੋਗ ਹੈ ਕਿ ਜਦੋਂ ਯੂਨੀਅਨ ਆਗੂਆਂ ਤੇ ਉਨ੍ਹਾਂ ਦੀਆਂ ਮੰਗਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਸੀ ਤਾਂ ਜਦ ਯੂਨੀਅਨ ਗੇਟ ਬੰਦ ਕਰ ਰਹੀ ਸੀ ਤਾਂ ਲੁਧਿਆਣਾ ਪੁਲਸ ਪ੍ਰਸ਼ਾਸਨ ਵੱਲੋਂ ਧਰਨਾ ਖਦੇੜਨ ਦੀ ਅਸਫਲ ਕੋਸ਼ਿਸ਼ ਕੀਤੀ ਗਈ।ਆਊਟਸੋਰਸ ਮੁਲਾਜ਼ਮ ਯੂਨੀਅਨ ਦੇ ਸੂਬਾ ਆਗੂ ਜਸਵੀਰ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਮੁਲਾਜ਼ਮਾਂ ਵੱਲੋਂ ਰੈਗੂਲਰ ਕਰਨ ਦੀ ਮੰਗ ਨੂੰ ਲੈ ਕੇ ਤਿੰਨ ਦਿਨ ਦਾ ਪੂਰੇ ਪੰਜਾਬ ਦੇ ਮਿਲਕ ਪਲਾਂਟਾਂ ਅੱਗੇ ਧਰਨੇ ਦਿੱਤੇ ਸਨ।ਉਨ੍ਹਾਂ ਦੱਸਿਆ ਕਿ ਮੈਨੇਜਮੈਂਟ ਪੰਜਾਬ ਨੇ ਜਮਹੂਰੀਅਤ ਦਾ ਘਾਣ ਕਰਦੇ ਹੋਏ ਉਨ੍ਹਾਂ ਦੀਆਂ ਛੁੱਟੀਆਂ ਲੈਣ ਤੋਂ ਨਾਂਹ ਕਰਦੇ ਹੋਏ, ਪੂਰੇ ਪੰਜਾਬ ਵਿੱਚ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਕੱਟ ਦਿੱਤੀਆਂ ਗਈਆਂ ਅਤੇ ਕਈ ਮਿਲਕ ਪਲਾਂਟਾਂ ਦੀਆਂ ਮੈਨੇਜਮੈਂਟਾਂ ਮੁਲਜ਼ਮਾਂ ਨੂੰ ਕਈ ਤਰੀਕਿਆਂ ਨਾਲ ਤੰਗ ਪ੍ਰੇਸ਼ਾਨ ਕਰ ਰਹੀਆਂ ਹਨ।ਆਗੂਆਂ ਨੇ ਕਿਹਾ ਕਿ ਮਹਿਕਮਾ ਜਿੰਨੀ ਦੇਰ ਉਨ੍ਹਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਨਹੀਂ ਮੰਨਦੀ ਓਨੀਂ ਦੇਰ ਸੰਘਰਸ਼ ਜਾਰੀ ਰਹੇਗਾ।ਇਸ ਮੌਕੇ ਸੂਬਾ ਆਗੂ ਜਤਿੰਦਰ ਰੌਣੀ, ਰੁਪਿੰਦਰ ਸਿੰਘ ਚੰਡੀਗੜ੍ਹ ਅਮਨਦੀਪ ਸਿੰਘ, ਹਰਪ੍ਰੀਤ ਸਿੰਘ, ਸੁਖਵਿੰਦਰ ਸਿੰਘ ਸੋਢੀ, ਜਗਦੀਪ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਪੁਲਸ ਪ੍ਰਸ਼ਾਸਨ ਸਰਕਾਰ ਦੇ ਇਸ਼ਾਰੇ 'ਤੇ ਦਲਿਤਾਂ ਨਾਲ ਜਾਤੀਗਤ ਭੇਦਭਾਵ ਬੰਦ ਕਰੇ : ਡਾ. ਰਿੱਤੂ, ਪ੍ਰੇਮੀ



**ਦੋਰਾਹਾ (ਹਰਮਿੰਦਰ ਸੇਠ)**-ਗੁਰੂਆਂ ਪੀਰਾਂ ਦੀ ਧਰਤੀ ਜਿੱਥੇ ਮਨੁੱਖ ਮਨੁੱਖ ਵਿੱਚ ਭੇਦ ਨਾ ਕਰਨ, ਮਨੁੱਖਤਾ ਦੀ ਗੱਲ ਕਰਨ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਪੰਜਾਬ ਦੀ ਧਰਤੀ 'ਤੇ ਜਾਤੀਵਾਦ ਦਾ ਇਹ ਘਿਨੌਣਾ ਚਿਹਰਾ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ। ਪਹਿਲਾਂ ਪਿੰਡਾਂ ਤੇ ਸ਼ਹਿਰਾਂ ਜਾਂ ਆਮ ਲੋਕਾਂ ਵਿੱਚ ਇਹ ਜਾਤੀਵਾਦ ਵਿਤਕਰਾ ਚੱਲਦਾ ਸੀ, ਪ੍ਰੰਤੂ ਹੁਣ ਸਰਕਾਰੀ ਤੰਤਰ 'ਤੇ ਬੈਠੇ ਪੁਲਸ ਤੇ ਸਿਵਲ ਅਧਿਕਾਰੀ ਵੀ ਜਾਤੀ ਅਧਾਰਤ ਫੈਸਲੇ ਲੈਣ ਲੱਗ ਪਏ ਹਨ, ਜੋ ਕਿ ਭਾਰਤੀ ਸੰਵਿਧਾਨ ਤੇ ਕਨੂੰਨ ਦੇ ਬਿਲਕੁਲ ਉਲਟ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਗੁਰਦੀਪ ਸਿੰਘ ਕਾਲੀ 'ਤੇ ਝੂਠੇ ਪਰਚੇ ਰੱਦ ਕਰਨ ਤੋਂ ਇਨਕਾਰੀ ਹੋਣ ਤੋਂ ਬਾਅਦ ਵੱਖ ਵੱਖ ਜਥੇਬੰਦੀਆਂ, ਸਮਾਜ ਸੇਵੀਆਂ, ਸਮਾਜਿਕ ਰਾਜਨੀਤਕ ਕਾਰਕੁਨਾਂ ਤੇ ਅੰਬੇਡਕਰਵਾਦੀ ਸਭਾਵਾਂ ਤੇ ਪਾਰਟੀਆਂ ਨੇ ਡਾਕਟਰ ਰਿੱਤੂ ਸਿੰਘ, ਬੰਸੀ ਲਾਲ ਪ੍ਰੇਮੀ, ਗੁਰਚਰਨ ਸਿੰਘ ਪਹਿਲਵਾਨ, ਗੁਰਦੀਪ ਸਿੰਘ ਕਾਲੀ, ਦਲਬੀਰ ਮੁੰਡਿਆਲਾ ਜੋਗਿੰਦਰ ਲਾਲ ਰਾਏ, ਰਾਜ ਸਿੰਘ ਟੋਡਰਵਾਲ, ਲਖਬੀਰ ਸਿੰਘ ਘਰਖਣਾ, ਗੀਤਾ ਰਾਣੀ, ਬੀਬੀ ਜਸਵਿੰਦਰ ਕੌਰ, ਅਮਨ ਗੜੇ, ਸੰਜੂ ਜੱਸਲ, ਅੰਮ੍ਰਿਤ ਭਾਰਤੀ ਤੇ ਪਿੰਡ ਮਾਨਕੀ ਦੇ ਲੋਕਾਂ ਦੁਆਰਾ ਵੱਡੇ ਪੱਧਰ 'ਤੇ ਪਿੰਡ ਵਿੱਚ ਇੱਕ ਮਹਾਂ ਪੰਚਾਇਤ ਕਰਨ ਤੋਂ ਬਾਅਦ ਇੱਕ ਸਾਂਝਾ ਬਿਆਨ ਜਾਰੀ ਕਰਨ ਸਮੇਂ ਕੀਤਾ।

ਇਸ ਮੌਕੇ ਡਾਕਟਰ ਰਿੱਤੂ ਸਿੰਘ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਖੰਨਾ ਦੇ ਐੱਸ ਪੀ ਨ ਲੱਗੇ ਧਰਨੇ ਦੌਰਾਨ ਲੋਕਾਂ ਦੀ ਕਚਹਿਰੀ ਵਿੱਚ ਕਿਹਾ ਸੀ ਕਿ ਅਸੀਂ ਗੁਰਦੀਪ ਸਿੰਘ ਕਾਲੀ ਦਾ ਪਰਚਾ ਰੱਦ ਕਰਾਂਗੇ, ਅਸੀਂ ਮਾਨਕੀ ਪਿੰਡ ਦਲਿਤ ਅੱਤਿਆਚਾਰੀਆਂ ਉੱਪਰ ਐੱਸ ਸੀ ਐਕਟ ਲਗਾ ਦਿੱਤਾ ਹੈ, ਪ੍ਰੰਤੂ ਇਹ ਦੋਨੋਂ ਹੀ ਗੱਲਾਂ ਝੂਠ ਸਾਬਿਤ ਹੋਈਆਂ ਹਨ, ਹੁਣ ਸਾਡੀ ਲੜਾਈ ਸਿੱਧੀ ਸਿੱਧੀ ਪੁਲਸ ਪ੍ਰਸ਼ਾਸਨ ਨਾਲ ਬਣ ਗਈ ਹੈ, ਜਿਨ੍ਹਾਂ ਪੁਲਸ ਅਧਿਕਾਰੀਆਂ ਨੇ ਐੱਸਸੀ/ਐੱਸਟੀ ਐਕਟ ਦੀ ਸਹੀ ਵਰਤੋਂ ਨਹੀਂ ਕੀਤੀ, ਹੁਣ ਉਨ੍ਹਾਂ ਉੱਪਰ ਅਸੀਂ ਪਰਚੇ ਦਰਜ ਕਰਾਵਾਂਗੇ, ਕੋਰਟ ਤੋਂ ਲੈ ਕੇ ਸੜਕ ਤੱਕ ਇਹ ਲੜਾਈ ਲੜੀ ਜਾਵੇਗੀ। ਜਬਰ ਜ਼ੁਲਮ ਵਿਰੋਧੀ ਫਰੰਟ ਪੰਜਾਬ ਦੇ ਪ੍ਰਧਾਨ ਰਾਜ ਸਿੰਘ ਟੋਡਰਵਾਲ ਨੇ ਕਿਹਾ ਕਿ ਪੁਲਸ ਜ਼ਿਲ੍ਹਾ ਖੰਨਾ ਅੰਦਰ ਦਲਿਤਾਂ ਦੇ ਹਾਲਾਤ ਬਹੁਤ ਮਾੜੇ ਹਨ, ਪੰਜਾਬ ਪੱਧਰ ਦੀਆਂ ਸਾਰੀਆਂ ਹੀ ਜਥੇਬੰਦੀਆਂ ਇਸ ਤੋਂ ਚਿੰਤਿਤ ਹਨ ਤੇ ਆਉਣ ਵਾਲੇ ਸਮੇਂ ਵਿੱਚ ਇਸ ਸਬੰਧੀ ਵੱਡਾ ਪ੍ਰੋਗਰਾਮ ਉਲੀਕਿਆ ਜਾਵੇਗਾ। ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਜਦ ਤੋਂ ਐੱਸ ਐੱਸ ਪੀ ਜੋਤੀ ਯਾਦਵ ਨੇ ਪੁਲਸ ਜ਼ਿਲ੍ਹਾ ਖੰਨਾ ਦੀ ਕਮਾਂਡ ਸੰਭਾਲੀ ਹੈ, ਪੁਲਸ ਜ਼ਿਲ੍ਹਾ ਖੰਨਾ ਅੰਦਰ ਪੈਂਦੇ ਥਾਣੇ ਤੇ ਚੌਕੀਆਂ ਇਸ ਤਰ੍ਹਾਂ ਵਰਤਾਰਾ ਕਰ ਰਹੇ ਹਨ, ਜਿਸ ਤਰ੍ਹਾਂ ਉਹ ਆਮ ਆਦਮੀ ਪਾਰਟੀ ਦੇ ਦਫਤਰ ਹੋਣ, ਉੱਥੇ ਸਿਰਫ ਆਮ ਆਦਮੀ ਪਾਰਟੀ ਦੇ ਲੋਕਾਂ ਦੀ ਹੀ ਸੁਣਵਾਈ ਕੀਤੀ ਜਾਂਦੀ ਹੈ। ਜੇਕਰ ਕੋਈ ਪੱਤਰਕਾਰ, ਸੋਸ਼ਲ ਵਰਕਰ ਜਾਂ ਆਮ ਵਿਅਕਤੀ ਇਨ੍ਹਾਂ ਨੂੰ ਜਾ ਕੇ ਸਵਾਲ ਕਰਦਾ ਹੈ, ਤਾਂ ਉਨ੍ਹਾਂ ਉੱਪਰ ਝੂਠੇ ਪਰਚੇ ਪਾ ਕੇ ਉਨ੍ਹਾਂ ਨੂੰ ਜਲੀਲ ਕਰਦੇ ਹਨ ਤੇ ਜੇਲ੍ਹਾਂ ਵਿੱਚ ਡੱਕ ਦਿੰਦੇ ਹਨ।

## ਮਹਿੰਦਰ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਮੈਡੀਕਲ ਕਾਲਜ ਬਨਭਾਰਾ ਨੂੰ ਦਾਨ




**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪ੍ਰੇਮੀ ਮਹਿੰਦਰ ਸਿੰਘ ਇੰਸਾਂ (68) ਪੁੱਤਰ ਸਵ. ਅਨੰਦ ਸਿੰਘ ਇੰਸਾਂ ਵਾਸੀ ਬੁੱਢੇ ਮੰਡੀ, ਬਸਤੀ ਰਾਮ ਬਿਲਾਸ, ਵਾਰਡ ਨੰ: 11 ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਕੁੱਲ ਮਾਲਕ ਦੇ ਚਰਨਾਂ ਵਿਚ ਸੱਚਖੰਡ ਜਾ ਬਿਰਾਜੇ।ਮੌਤ ਉਪਰੰਤ ਉਸ ਦੀ ਇੱਛਾ ਅਨੁਸਾਰ ਉਸ ਦੇ ਪਰਿਵਾਰਕ ਮੈਂਬਰ ਪੁੱਤਰ ਹਰਪ੍ਰੀਤ ਸਿੰਘ ਇੰਸਾਂ, ਸਿਕੰਦਰ ਸਿੰਘ ਇੰਸਾਂ, ਜਸਵੀਰ ਕੌਰ ਇੰਸਾਂ, ਸੁਖਜੀਤ ਕੌਰ ਇੰਸਾਂ ਤੇ ਗੀਤ ਕੌਰ ਇੰਸਾਂ ਨੇ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਦੀ ਪਾਵਨ ਸਿੱਖਿਆ 'ਤੇ ਚਲਦੇ ਹੋਏ ਮਹਿੰਦਰ ਸਿੰਘ ਇੰਸਾਂ ਦੀ ਮ੍ਰਿਤਕ ਦੇਹ ਨੂੰ ਮੈਡੀਕਲ ਕਾਲਜ ਡਿਪਾਰਟਮੈਂਟ ਆਫ ਅਨਾਟੌਮੀ ਵਰਨ ਅਰਜਨ ਮੈਡੀਕਲ ਕਾਲਜ, ਬਨਭਾਰਾ ਸ਼ਾਹ ਜਹਾਨਪੁਰ, ਉੱਤਰਾਖੰਡ ਨੂੰ ਮੈਡੀਕਲ ਖੋਜਾਂ ਲਈ ਦਾਨ ਕਰ ਦਿੱਤਾ।ਅਰਥੀ ਨੂੰ ਰਵਾਨਾ ਕਰਨ ਸਮੇਂ ਮਹਿੰਦਰ ਸਿੰਘ ਇੰਸਾਂ 'ਅਮਰ ਰਹੇ' ਦੇ ਨਾਅਰੇ ਲਗਾਏ ਗਏ। ਉਨ੍ਹਾਂ ਦੀ ਅਰਥੀ ਨੂੰ ਮੋਢਾ ਉਸ ਦੀਆਂ ਧੀਆਂ ਨੇ ਦਿੱਤਾ। ਇਸ ਮੌਕੇ ਅਮਰਜੀਤ ਸਿੰਘ ਇੰਸਾਂ, ਰੋਹਿਤ ਗਰੋਵਰ ਇੰਸਾਂ, ਬਲਾਕ ਪ੍ਰੇਮੀ ਸੇਵਕ ਰਣਜੀਤ ਸਿੰਘ ਇੰਸਾਂ ਲਹਿਰਾ ਮੁਹੱਬਤ, ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ ਤੇ ਪੱਕੀਆਂ ਸੰਮਤੀਆਂ ਦੇ ਸੇਵਾਦਾਰ, ਰਵੀ ਕੁਮਾਰ ਇੰਸਾਂ, ਰਾਜੇਸ਼ ਲਡਵਾਲ ਇੰਸਾਂ, ਪ੍ਰਵਿੰਦਰ ਇੰਸਾਂ, ਵਿਕਰਮ ਇੰਸਾਂ, ਮਲਕੀਤ ਸਿੰਘ ਇੰਸਾਂ, ਬਿੰਦਰ ਇੰਸਾਂ ਆਦਿ ਹਾਜ਼ਰ ਸਨ।

## ਯੂਰੋ ਕਿਡਜ਼ ਤੇ ਡ੍ਰੀਮ ਬੈਰੀ ਕਾਨਵੈਂਟ ਸਕੂਲ ਵਿਖੇ ਬਾਲ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਦੋਰਾਹਾ ਸ਼ਹਿਰ ਦੀ ਨਾਮਵਰ ਵਿੱਦਿਅਕ ਸੰਸਥਾ ਯੂਰੋ ਕਿਡਜ਼ ਤੇ ਡ੍ਰੀਮ ਬੈਰੀ ਕਾਨਵੈਂਟ ਸਕੂਲ ਦੋਰਾਹਾ ਵਿਖੇ ਮੈਨੇਜਿੰਗ ਡਾਇਰੈਕਟਰ ਰਜਤ ਸ਼ਰਮਾ ਦੀ ਅਗਵਾਈ ਵਿੱਚ ਬਾਲ ਦਿਵਸ ਮਨਾਇਆ ਗਿਆ।ਇਸ ਸਮੇਂ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਨੇ ਸਾਰੇ ਬੱਚਿਆਂ ਨੂੰ ਬਾਲ ਦਿਵਸ ਦੀ ਵਧਾਈ ਦਿੱਤੀ ਤੇ ਦੱਸਿਆ ਕਿ ਦੇਸ਼ ਵਿੱਚ ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਪੰਡਿਤ ਜਵਾਹਰ ਲਾਲ ਨਹਿਰੂ ਦਾ ਜਨਮ ਦਿਨ ਹੁੰਦਾ ਹੈ, ਜੋ ਕਿ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਸਨ।ਬਾਲ ਦਿਵਸ 'ਤੇ ਬੱਚਿਆਂ ਨੂੰ ਸਕੂਲ ਵੱਲੋਂ ਕਈ ਤਰ੍ਹਾਂ ਦੇ ਤੋਹਫੇ ਵੰਡੇ ਗਏ।ਛੋਟੇ ਛੋਟੇ ਬੱਚਿਆਂ ਵੱਲੋਂ ਕਈ ਤਰ੍ਹਾਂ ਦੇ ਗੀਤ ਗਾ ਕੇ ਤੇ ਨੱਚ ਟੱਪ ਕੇ ਮਨੋਰੰਜਨ ਕੀਤਾ ਗਿਆ।ਇਸ ਮੌਕੇ ਡਾਇਰੈਕਟਰ ਰਜਤ ਸ਼ਰਮਾ ਤੇ ਪ੍ਰਿੰਸੀਪਲ ਸੁਰਿੰਦਰਪਾਲ ਕੌਰ ਨੇ ਬੱਚਿਆਂ ਤੋਂ ਕੇਕ ਕਟਵਾਇਆ ਤੇ ਬਾਲ ਦਿਵਸ ਦੀ ਵਧਾਈ ਦਿੱਤੀ।ਇਸ ਸਮੇਂ ਮੁੱਖ ਮਹਿਮਾਨ ਚੇਅਰਮੈਨ ਜਤਿੰਦਰ ਸ਼ਰਮਾ, ਡਾਇਰੈਕਟਰ ਨੀਰਜ ਸ਼ਰਮਾ, ਸੁਮਨ ਸ਼ਰਮਾ, ਸੋਨੀਆ ਸ਼ਰਮਾ, ਸ਼ੁਭਮ ਸ਼ਰਮਾ, ਪ੍ਰਿੰਸੀਪਲ ਸੁਰਿੰਦਰਪਾਲ ਕੌਰ ਤੋਂ ਇਲਾਵਾ ਅਮਨਦੀਪ ਕੌਰ, ਜਸਵਿੰਦਰ ਕੌਰ, ਕੋਮਲ ਸ਼ਰਮਾ, ਨਵਪ੍ਰੀਤ ਕੌਰ, ਜਸ਼ਪ੍ਰੀਤ ਕੌਰ, ਨਵਦੀਪ ਕੌਰ, ਮੁਸਕਾਨ ਭਾਟੀਆ ਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਾਲ ਦਿਵਸ ਮੌਕੇ ਜਾਗਰੂਕਤਾ ਸਮਾਗਮ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਬਲਾੜੀ ਕਲਾਂ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚ 'ਬਾਲ ਦਿਵਸ' ਬਹੁਤ ਹੀ ਮਹੱਤਵਪੂਰਨ ਤੇ ਜਾਗਰੂਕਤਾ ਭਰੇ ਢੰਗ ਨਾਲ ਮਨਾਇਆ।ਸਮਾਗਮ ਦੌਰਾਨ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸ੍ਰੀ ਅਸ਼ੋਕ ਕੁਮਾਰ ਚੌਹਾਨ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ੍ਰੀ ਚੌਹਾਨ ਨੇ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਆਪਣੇ ਅੰਦਰ ਛੁਪੀ ਹੋਈ ਪ੍ਰਤਿਭਾ ਨੂੰ ਪਹਿਚਾਣ ਕੇ, ਉਸ ਵਿੱਚ ਮੁਹਾਰਤ ਹਾਸਲ ਕਰਨ ਲਈ ਯਤਨਸ਼ੀਲ ਰਹਿਣ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਉੱਚੇ ਮੁਕਾਮ 'ਤੇ ਪਹੁੰਚ ਕੇ ਦੇਸ਼ ਦੇ ਸਰਵਪੱਖੀ ਵਿਕਾਸ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਾ ਸਕਣ।ਉਨ੍ਹਾਂ ਅਧਿਆਪਕਾਂ ਨੂੰ ਵੀ ਅਪੀਲ ਕੀਤੀ ਕਿ ਵਿਦਿਆਰਥੀਆਂ ਦੇ ਵਿਅਕਤੀਤਵ ਦੇ ਵਿਕਾਸ ਲਈ ਉਨ੍ਹਾਂ ਨੂੰ ਸਮਾਜਕ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਅਪਣਾਉਣ ਵਾਸਤੇ ਪ੍ਰੇਰਿਤ ਕਰਦੇ ਰਹਿਣ।ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਤੇ ਸਮਾਜ ਦੀ ਤਰੱਕੀ ਉੱਥੋਂ ਦੇ ਨੌਜਵਾਨ ਵਰਗ 'ਤੇ ਹੀ ਨਿਰਭਰ ਕਰਦੀ ਹੈ।ਇਸ ਲਈ ਨੌਜਵਾਨ ਪੀੜ੍ਹੀ ਦੇ ਵਿਅਕਤੀਤਵ ਦੇ ਬਹੁ-ਪੱਖੀ ਵਿਕਾਸ ਲਈ ਨੌਜਵਾਨ ਵਰਗ ਨੂੰ ਸਕੂਲ ਤੇ ਕਾਲਜ ਪੱਧਰ ਤੋਂ ਹੀ ਅਜਿਹੀ ਸਿੱਖਿਆ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ, ਜਿਸ ਨਾਲ ਉਨ੍ਹਾਂ ਦੇ ਵਿਅਕਤੀਤਵ ਵਿੱਚ ਹੋਰ ਨਿਖਾਰ ਆਵੇ।ਇਸ ਮੌਕੇ ਸ੍ਰੀ ਚੌਹਾਨ ਨੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀ ਜਾਂਦੀ ਮੁਫਤ ਕਾਨੂੰਨੀ ਸਹਾਇਤਾ ਬਾਰੇ ਦੱਸਿਆ ਤੇ ਪੰਜਾਬ ਵਿਕਟਮ ਕੰਪਨਸੇਸ਼ਨ, ਨਾਲਸਾ ਵਿਕਟਮ ਕੰਪਨਸੇਸ਼ਨ ਬਾਰੇ ਵਿਸਥਾਰਪੂਰਵਕ ਸਮਝਾਇਆ।

## ਇੰਗਲੈਂਡ ਤੋਂ 20 ਦਿਨਾਂ ਬਾਅਦ ਪਿੰਡ ਲੋਹਗੜ੍ਹ ਪਹੁੰਚੀ ਨੌਜਵਾਨ ਲੱਕੀ ਵਿਰਕ ਦੀ ਲਾਸ਼



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਮਾਸਟਰ ਰਘਵੀਰ ਸਿੰਘ ਵਿਰਕ ਲੋਹਗੜ੍ਹ ਦੇ ਇਕਲੌਤੇ ਬੇਟੇ ਲਖਵਿੰਦਰ ਸਿੰਘ ਲੱਕੀ ਵਿਰਕ ਦੀ ਇੰਗਲੈਂਡ 'ਚ ਅਚਾਨਕ ਮੌਤ ਹੋ ਗਈ ਸੀ। ਨੌਜਵਾਨ ਲੱਕੀ ਵਿਰਕ ਆਪਣਾ ਭਵਿੱਖ ਸਵਾਰਨ ਦੀ ਸੋਚ ਨਾਲ ਲਗਭਗ ਇੱਕ ਸਾਲ ਪਹਿਲਾਂ ਹੀ ਇੰਗਲੈਂਡ ਗਿਆ ਸੀ। 25 ਅਕਤੂਬਰ ਨੂੰ ਅਚਾਨਕ ਹੋਈ ਉਸ ਦੀ ਮੌਤ ਦੀ ਖ਼ਬਰ ਨਾਲ ਇਲਾਕੇ 'ਚ ਮਾਹੌਲ ਸੋਗਮਈ ਬਣ ਗਿਆ।ਪਰਿਵਾਰਕ ਮੈਂਬਰਾਂ ਵੱਲੋਂ ਉਸ ਦੇ ਸਾਥੀਆਂ ਵੱਲੋਂ ਕੀਤੀ ਭਾਰੀ ਜੱਦੋ ਜਹਿਦ ਬਾਅਦ ਕਰੀਬ 20 ਦਿਨਾਂ ਦੀ ਕਾਗਜ਼ੀ ਕਾਰਵਾਈ ਪੂਰੀ ਹੋਣ 'ਤੇ ਨੌਜਵਾਨ ਦੀ ਲਾਸ਼ ਉਸ ਦੇ ਜੱਦੀ ਪਿੰਡ ਲੋਹਗੜ੍ਹ (ਬਰਨਾਲਾ) ਪਹੁੰਚੀ, ਜਿਥੇ ਗਮਗੀਨ ਮਾਹੌਲ 'ਚ ਵੱਡੀ ਗਿਣਤੀ 'ਚ ਇਕੱਠੇ ਹੋਏ ਇਲਾਕਾ, ਪਿੰਡ ਵਾਸੀਆਂ, ਰਿਸ਼ਤੇਦਾਰਾਂ ਨੇ ਨਮ ਅੱਖਾਂ ਨਾਲ ਨੌਜਵਾਨ ਲੱਕੀ ਵਿਰਕ ਨੂੰ ਅੰਤਮ ਵਿਦਾਈ ਦਿੱਤੀ।

# ਸੇ.ਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ

### ਸ਼ਰਤਾਂ ਪੂਰੀਆਂ ਨਾ ਕਰਨ 'ਤੇ ਸਕੂਲ ਖ਼ਿਲਾਫ਼ ਹੋਵੇਗੀ ਕਾਨੂੰਨੀ ਕਾਰਵਾਈ : ਨਿਰਭੈ ਸਿੰਘ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤਹਿਤ ਅਤੇ ਡਿਪਟੀ ਕਮਿਸ਼ਨਰ ਸ੍ਰੀ ਰਾਹੁਲ ਚਾਬਾ ਆਈ.ਏ.ਐੱਸ. ਦੀ ਰਹਿਨੁਮਾਈ ਹੇਠ ਤੇ ਆਰ.ਟੀ.ਏ. ਸੰਗਰੂਰ ਨਮਨ ਮਰਕਨ ਦੀ ਅਗਵਾਈ ਹੇਠ ਜ਼ਿਲ੍ਹੇ 'ਚ ਸੇਫ ਸਕੂਲ ਵਾਹਨ ਪਾਲਸੀ ਤਹਿਤ ਸੁਨਾਮ ਵਿਖੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ।ਇਸ ਮੌਕੇ 10 ਸਕੂਲੀ ਬੱਸਾਂ, ਜੋ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀਆਂ ਸਨ, ਉਨ੍ਹਾਂ ਦੇ ਚਲਾਨ ਕੱਟੇ ਗਏ।

ਜ਼ਿਲ੍ਹਾ ਸੰਗਰੂਰ ਬਾਲ ਸੁਰੱਖਿਆ ਦਫਤਰ ਵੱਲੋਂ ਨਿਰਮਲ ਕੌਰ ਨੇ ਦੱਸਿਆ ਸੇਫ਼ ਸਕੂਲ ਵਾਹਨ ਪਾਲਸੀ ਦੀਆਂ ਹਦਾਇਤਾਂ ਅਨੁਸਾਰ ਹਰ ਸਕੂਲੀ ਵੈਨ ਸੇਫ਼ ਸਕੂਲ ਵਾਹਨ ਪਾਲਸੀ ਤਹਿਤ ਢੁੱਕਵੀਂ ਹੋਣੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨੂੰ ਕਿਸੇ ਵੀ ਕੀਮਤ ਉਪਰ ਖ਼ਤਰੇ ਵਿੱਚ ਨਹੀਂ ਪਾਇਆ ਜਾਵੇਗਾ।ਟ੍ਰੈਫਿਕ ਪੁਲਸ ਸੁਨਾਮ ਇੰਚਾਰਜ ਨਿਰਭੈ ਸਿੰਘ ਨੇ ਦੱਸਿਆ ਕਿ ਕਿਸੇ ਵੀ ਸਕੂਲ ਬੱਸ 'ਚ ਲੋੜ ਤੋਂ ਵੱਧ ਬੱਚੇ ਨਹੀਂ ਬੈਠੇ ਹੋਣੇ ਚਾਹੀਦੇ ਤੇ ਹਰ ਡਰਾਇਵਰ ਹਦਾਇਤਾਂ ਅਨੁਸਾਰ ਵਰਦੀ ਵਿੱਚ ਹੋਣਾ ਚਾਹੀਦਾ ਹੈ।ਪੰਕਜ ਅਰੋੜਾ ਰੋਡ ਸੇਫਟੀ ਐਡਵਾਇਜ਼ਰ ਨੇ ਕਿਹਾ ਕਿ ਇਹ ਸਾਰੇ ਸਕੂਲ ਆਪਣੀਆਂ ਸਕੂਲ ਵੈਨਾਂ ਦੀ ਚੈਕਿੰਗ ਆਪ ਸਮੇਂ-ਸਮੇਂ 'ਤੇ ਕਰਦੇ ਰਹਿਣ ਤੇ ਆਪਣੀਆਂ ਵੈਨਾਂ ਨੂੰ ਸੇਫ਼ ਸਕੂਲ ਪਾਲਸੀ ਤਹਿਤ ਢੁੱਕਵੀਆਂ ਬਣਾਉਣ ਤੇ ਕੋਈ ਵੀ ਡਰਾਇਵਰ ਨਸ਼ੀਲੇ ਪਦਾਰਥ ਦਾ ਸੇਵਨ ਕਰਕੇ ਵੈਨ ਨਹੀਂ ਚਲਾਏਗਾ। ਟ੍ਰੈਫਿਕ ਪੁਲਸ ਸੁਨਾਮ ਇੰਚਾਰਜ ਨਿਰਭੈ ਸਿੰਘ ਨੇ ਦੱਸਿਆ ਕਿ ਜੇਕਰ ਕੋਈ ਵੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੋਇਆ ਪਾਇਆ ਗਿਆ ਤਾਂ ਸੇਫ਼ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਮੁਤਾਬਿਕ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।ਉਨ੍ਹਾਂ ਕਿਹਾ ਕਿ ਵੈਨਾਂ ਵਿੱਚ ਮੁੱਢਲੀਆਂ ਸਹੂਲਤਾਂ ਜਿਵੇਂ ਕਿ ਫਸਟ ਏਡ ਬਾਕਸ, ਅੱਗ ਬੁਝਾਊ ਯੰਤਰ, ਬੱਸਾਂ ਦਾ ਰੰਗ ਪੀਲਾ ਹੋਣਾ ਚਾਹੀਦਾ ਹੈ ਤੇ ਉਸ ਉੱਪਰ ਪੱਟੀ ਵਿੱਚ ਸਕੂਲ ਦਾ ਨਾਂ ਲਿਖਿਆ ਹੋਣਾ ਚਾਹੀਦਾ ਹੈ।ਇਸ ਤੋਂ ਇਲਾਵਾ ਸਰਕਾਰੀ ਨੰਬਰ ਪਲੇਟ, ਫਿਟਨੈੱਸ ਸਰਟੀਫਿਕੇਟ, ਲੇਡੀਜ਼ ਅਟੈਂਡੈਂਟ ਆਦਿ ਸਹੂਲਤਾਂ ਹੋਣੀਆਂ ਲਾਜ਼ਮੀ ਹਨ।

## ਕੈਬਨਿਟ ਮੰਤਰੀ ਖੁੱਡੀਆਂ ਨੇ ਮੁਆਵਜ਼ੇ ਦੇ ਸੈਂਕਸ਼ਨ ਪੱਤਰ ਵੰਡੇ



**ਲੰਬੀ/ਸ੍ਰੀ ਮੁਕਤਸਰ ਸਾਹਿਬ (ਜਸਵੰਤ ਗਿੱਲ ਛੱਤਿਆਣਾ/ਓਮ ਪ੍ਰਕਾਸ਼ ਸੇਖੂ/ਸ਼ਮਿੰਦਰ ਪਾਲ/ਪੂਜਾ)**-ਕੈਬਨਿਟ ਮੰਤਰੀ ਪੰਜਾਬ ਗੁਰਮੀਤ ਸਿੰਘ ਖੁੱਡੀਆਂ ਨੇ ਪਿਛਲੇ ਦਿਨੀਂ ਭਾਰੀ ਬਾਰਿਸ਼ ਨਾਲ ਘਰਾਂ ਤੇ ਫ਼ਸਲਾਂ ਦੇ ਨੁਕਸਾਨ ਦੇ ਮੁਆਵਜ਼ੇ ਸਬੰਧੀ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਤਕਰੀਬਨ ਚਾਰ ਲੱਖ ਛੇ ਹਜ਼ਾਰ ਦੀ ਰਾਸ਼ੀ ਦੇ ਸੈਂਕਸ਼ਨ ਲੈਟਰ ਜਾਰੀ ਕੀਤੇ।ਕੈਬਨਿਟ ਮੰਤਰੀ ਵੱਲੋਂ ਹਲਕੇ ਦੇ ਪਿੰਡ ਫਤਿਹਪੁਰ ਮਨੀਆਂ, ਪੰਜਾਵਾ, ਚੰਨੂ, ਫੁੱਲੂ ਖੇੜਾ, ਵਣਵਾਲਾ ਤੇ ਕੱਖਾਂਵਾਲੀ ਦੇ 31 ਲਾਭਪਾਤਰੀਆਂ ਨੂੰ ਭਾਰੀ ਬਾਰਿਸ਼ ਨਾਲ ਹੋਏ ਘਰਾਂ ਦੇ ਨੁਕਸਾਨ ਸਬੰਧੀ ਵਿੱਤੀ ਸਹਾਇਤਾ ਵਜੋਂ ਸੈਂਕਸ਼ਨ ਲੈਟਰ ਜਾਰੀ ਕੀਤੇ ਅਤੇ ਇਸ ਦੇ ਨਾਲ ਹੀ ਪਿੰਡ ਮਾਹੂਆਣਾ ਤੇ ਤੱਪਾ ਖੇੜਾ ਦੇ ਲਾਭਪਾਤਰੀਆਂ ਨੂੰ ਫ਼ਸਲਾਂ ਦੇ ਖਰਾਬੇ ਸਬੰਧੀ ਸੈਂਕਸ਼ਨ ਲੈਟਰ ਤਕਸੀਮ ਕੀਤੇ।ਇਸ ਮੌਕੇ ਨਾਇਬ ਤਹਿਸੀਲਦਾਰ ਰੁਪਿੰਦਰ ਕੌਰ, ਪੀ. ਏ. ਟੋਨੀ ਭੁੱਲਰਵਾਲਾ, ਪੀ. ਏ. ਗੁਰਬਾਜ ਖੁੱਡੀਆਂ, ਗੁਰਬਾਜ ਸਿੰਘ ਬਣਵਾਲਾ, ਅਮਨਦੀਪ ਅਮਨਾ, ਕੁਲਵਿੰਦਰ ਸਰਪੰਚ ਮਨੀਆਵਾਲਾ, ਗੁਰਪ੍ਰੀਤ ਸਿੰਘ ਫੌਜੀ ਸਰਪੰਚ ਫੁੱਲੂ ਖੇੜਾ, ਦਿਆਲ ਸਿੰਘ, ਗੁਰਦਿਆਲ ਸਿੰਘ ਕੱਖਾਂਵਾਲੀ, ਸਰਪੰਚ ਧਿਆਨ ਸਿੰਘ ਕੱਖਾਂ ਵਾਲੀ, ਸਰਪੰਚ ਰਮੇਸ਼ ਪੰਜਾਵਾ, ਸੰਬੰਧਤ ਪਟਵਾਰੀ ਤੇ ਪੰਚ-ਸਰਪੰਚ ਤੋਂ ਇਲਾਵਾ ਸਬੰਧਤ ਪਿੰਡਾਂ ਦੇ ਵਾਸੀ ਹਾਜ਼ਰ ਸਨ।

# ਸਰਕਾਰੀ ਸੀਨੀ. ਸੈਕੰ. ਸਕੂਲ ਫੂਲ ਟਾਊਨ ਵਿਖੇ ਬਾਲ ਦਿਵਸ ਮਨਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੂਲ ਟਾਊਨ ਲੜਕੇ ਵਿਖੇ ਇੰਚਾਰਜ ਪ੍ਰਿੰਸੀਪਲ ਗੁਰਬਖਸ਼ ਸਿੰਘ ਦੀ ਯੋਗ ਅਗਵਾਈ ਹੇਠ ਬਾਲ ਦਿਵਸ ਮਨਾਇਆ ਗਿਆ, ਜਿਸ ਬਾਰੇ ਜਾਣਕਾਰੀ ਦਿੰਦਿਆਂ ਹਰਚਰਨ ਸਿੰਘ ਕੰਪਿਊਟਰ ਅਧਿਆਪਕ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਰਿਟਾਇਰਡ ਲੈਕਚਰਾਰ ਗੁਰਮੇਲ ਸਿੰਘ ਤੇ ਰਿਟਾਇਰਡ ਡੀਪੀਈ ਰੂਪ ਸਿੰਘ ਬਤੌਰ ਵਿਸ਼ੇਸ਼ ਮਹਿਮਾਨ ਸ਼ਾਮਲ ਹੋਏ।ਸਹਾਇਕ ਇੰਚਾਰਜ ਕਾਨੂੰਨੀ ਜਾਗਰੂਕਤਾ ਕਲੱਬ ਜਸਕਰਨ ਸਿੰਘ ਨੇ ਵਿਦਿਆਰਥੀਆਂ ਨੂੰ ਇਸ ਦਿਨ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ 14 ਨਵੰਬਰ ਨੂੰ ਪੂਰੇ ਭਾਰਤ ਵਿੱਚ ਇਹ ਦਿਨ ਮਨਾਇਆ ਜਾਂਦਾ ਹੈ।ਇਸ ਦਿਨ ਅਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਦਿਨ ਹੈ।ਉਨ੍ਹਾਂ ਦੇ ਜਨਮ ਦਿਨ ਨੂੰ ਹੀ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ, ਕਿਉਂਕਿ ਨਹਿਰੂ ਜੀ ਬੱਚਿਆਂ ਨੂੰ ਬੇਹੱਦ ਪਿਆਰ ਕਰਦੇ ਸਨ।ਇਸ ਮੌਕੇ ਮਾਨਯੋਗ ਸਿਵਲ ਜੱਜ-ਕਮ-ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਠਿੰਡਾ ਦੇ ਹੁਕਮਾਂ ਤਹਿਤ ਕਾਨੂੰਨੀ ਜਾਗਰੂਕਤਾ ਕਲੱਬ ਦੇ ਸਹਾਇਕ ਇੰਚਾਰਜ ਜਸਕਰਨ ਸਿੰਘ ਦੀ ਦੇਖ-ਰੇਖ ਹੇਠ ਬੱਚਿਆਂ ਦੇ ਅਧਿਕਾਰ ਤੇ ਕਰਤੱਵ ਵਿਸ਼ੇ ਅਧੀਨ ਡਰਾਇੰਗ ਮੁਕਾਬਲਾ ਕਰਵਾਇਆ ਗਿਆ।ਇਸ ਸਮਾਗਮ ਵਿੱਚ ਸਟੇਜ ਸਕੱਤਰ ਦੀ ਭੂਮਿਕਾ ਮੈਡਮ ਪ੍ਰੀਤੀ ਤੇ ਮੈਡਮ ਪੂਜਾ ਨੇ ਬਾਖੂਬੀ ਨਿਭਾਉਂਦੇ ਹੋਏ ਸਮਾਗਮ ਦੀ ਸ਼ੁਰੂਆਤ ਇੱਕ ਧਾਰਮਿਕ ਗੀਤ ਰਾਹੀਂ ਕੀਤੀ ਤੇ ਅਧਿਆਪਕਾਂ ਦੀ ਦੇਖ-ਰੇਖ ਹੇਠ ਵਿਦਿਆਰਥੀਆਂ ਵੱਲੋਂ ਤਿਆਰ ਕੀਤੀਆਂ ਵੱਖ-ਵੱਖ ਪੇਸ਼ਕਾਰੀਆਂ ਡਾਂਸ, ਗੀਤ, ਭੰਗੜਾ ਤੇ ਗਿੱਧਾ ਪੇਸ਼ ਕੀਤੀਆਂ ਗਈਆਂ।ਇਸ ਸਮੇਂ ਖੇਡਾਂ ਦੇ ਖੇਤਰ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਰਿਟਾਇਰਡ ਡੀਪੀਈ ਰੂਪ ਸਿੰਘ ਵੱਲੋਂ ਸਰਟੀਫਿਕੇਟ ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।ਇੰਚਾਰਜ ਪ੍ਰਿੰਸੀਪਲ ਗੁਰਬਖਸ਼ ਸਿੰਘ ਨੇ ਵਿਸ਼ੇਸ਼ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਅੱਜ ਦੇ ਵਿਦਿਆਰਥੀ ਆਉਣ ਵਾਲੇ ਭਵਿੱਖ ਦੇ ਨਿਰਮਾਤਾ ਹਨ।ਸਮੂਹ ਵਿਦਿਆਰਥੀਆਂ ਨੂੰ ਹੁਣ ਤੋਂ ਹੀ ਆਪਣਾ ਟੀਚਾ ਨਿਰਧਾਰਤ ਕਰਨਾ ਚਾਹੀਦਾ ਹੈ ਤੇ ਉਸ ਦੀ ਪ੍ਰਾਪਤੀ ਲਈ ਦਿਨ-ਰਾਤ ਇੱਕ ਕਰ ਦੇਣਾ ਚਾਹੀਦਾ ਹੈ।ਅੰਤ ਵਿੱਚ ਸਮੂਹ ਸਟਾਫ਼ ਵੱਲੋਂ ਇਸ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਵਿਸ਼ੇਸ਼ ਸਨਮਾਨ ਭੇਟ ਕੀਤਾ ਗਿਆ।ਇਸ ਮੌਕੇ ਅਧਿਆਪਕ ਅਵਿਨਾਸ਼ ਕੁਮਾਰ ਮੌਦਗਿੱਲ, ਸੰਜੀਵ ਕੁਮਾਰ, ਜਗਦੇਵ ਸਿੰਘ, ਜਰਨੈਲ ਸਿੰਘ, ਚਰਨਜੀਤ ਕੌਰ, ਗੁਰਦੀਪ ਕੌਰ, ਅਮਨਪ੍ਰੀਤ ਕੌਰ, ਨਿਸ਼ੀ, ਨੇਹਾ, ਨੇਹਾ ਰਾਣੀ, ਮਨਮੀਤ ਕੌਰ, ਮਨਪ੍ਰੀਤ ਕੌਰ, ਪ੍ਰਭਜੋਤ ਕੌਰ, ਹਰਪ੍ਰੀਤ ਕੌਰ, ਸੂਰਤਪਾਲ ਕੌਰ ਤੇ ਕੈਂਪਸ ਮੈਨੇਜਰ ਕੈਪਟਨ ਦਰਸ਼ਨ ਸਿੰਘ ਹਾਜ਼ਰ ਸਨ।

## ਬੀ ਕੇ ਯੂ ਏਕਤਾ ਆਜ਼ਾਦ ਨੇ ਬਿਜਲੀ ਬਿੱਲ ਦੇ ਵਿਰੋਧ 'ਚ ਮੋਦੀ ਤੇ ਮਾਨ ਦੇ ਪੁਤਲੇ ਫੂਕੇ



**ਦਿੜ੍ਹਬਾ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਆਜ਼ਾਦ ਵੱਲੋਂ ਪਿੰਡ ਮੈਦੇਵਾਸ, ਛਾਜਲੀ ਤੇ ਬਿਗੜਬਾਲ 'ਚ ਬਿਜਲੀ ਬਿਲ 2025 ਪਾਸ ਕਰਨ ਦੇ ਵਿਰੋਧ 'ਚ ਨਰਿੰਦਰ ਮੋਦੀ ਤੇ ਭਗਵੰਤ ਮਾਨ ਦੇ ਪੁਤਲੇ ਫੂਕੇ ਗਏ। ਇਸ ਬਿਲ ਦੇ ਪਾਸ ਹੋਣ ਨਾਲ ਬਿਜਲੀ ਬੋਰਡ ਨੂੰ ਕਾਰਪੋਰੇਟ ਅਧੀਨ ਕਰ ਦਿੱਤਾ ਜਾਵੇਗਾ ਤੇ ਇਸ ਮੌਕੇ ਜੋ ਵੀ ਕਾਰਪੋਰੇਟ ਬਿਜਲੀ ਬੋਰਡ 'ਤੇ ਕਬਜ਼ਾ ਕਰੇਗਾ, ਇਹ ਮਰਜ਼ੀ ਨਾਲ ਰੇਟ ਤੈਅ ਕਰੇਗਾ। ਛੋਟੇ ਤੇ ਦਰਮਿਆਨੇ ਆਕਾਰ ਦੇ ਲੋਕਾਂ ਲਈ ਬਿਜਲੀ ਵਰਤੋਂ ਦੀ ਪਹੁੰਚ ਤੋਂ ਬਾਹਰ ਹੋ ਜਾਵੇਗੀ। ਇਸ ਤੋਂ ਇਲਾਵਾ ਖੇਤੀ ਮੋਟਰਾਂ ਤੇ ਮੀਟਰ ਲਾ ਕੇ ਬਿਲ ਲੈਣ ਦੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਇਸ ਲਈ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਹੀ ਦੇਸ਼ ਨੂੰ ਸੌਂਪਣ ਜਾ ਰਹੀ ਹੈ, ਪੰਜਾਬ ਸਰਕਾਰ ਵੱਲੋਂ ਵੀ ਇਸ ਦੀ ਹਮਾਇਤ ਕੀਤੀ ਗਈ ਹੈ। ਕਿਸਾਨ ਮਜ਼ਦੂਰ ਮੋਰਚੇ ਵੱਲੋਂ ਇਸ ਬਿਲ ਨੂੰ ਰੋਕਣ ਲਈ ਸੰਘਰਸ਼ ਦੀ ਤਿਆਰੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਤੇ ਮੋਦੀ ਸਰਕਾਰ ਦੀ ਅਰਥੀ ਫੂਕ ਕੇ ਪਿੰਡਾਂ ਨੂੰ ਜਾਗ੍ਰਿਤ ਕੀਤਾ ਜਾਵੇਗਾ। ਇਸ ਮੌਕੇ ਜਸਵੀਰ ਸਿੰਘ, ਦਰਬਾਰਾ ਸਿੰਘ, ਪਰਮਜੀਤ ਸਿੰਘ, ਸਤਨਾਮ ਸਿੰਘ ਮੈਦੇਵਾਸ, ਸੰਤਰਾਮ ਸਿੰਘ, ਭੋਲਾ ਸਿੰਘ, ਪ੍ਰਿਤਪਾਲ ਸਿੰਘ, ਗੋਕਲ ਰਾਮ ਛਾਜਲੀ, ਗੁਰਚਰਨ ਸਿੰਘ ਬਿਗੜਬਲ ਆਦਿ ਹਾਜ਼ਰ ਸਨ।

## ਡੀਏਵੀ ਸਕੂਲ 'ਚ ਮਨਾਇਆ ਬਾਲ ਦਿਵਸ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਡੀਏਵੀ ਪਬਲਿਕ ਸਕੂਲ ਪਾਤੜਾਂ ਵਿੱਚ ਬਾਲ ਦਿਵਸ ਬੜੇ ਹੀ ਉਤਸ਼ਾਹ ਨਾਲ ਮਨਾਇਆ ਗਿਆ।ਸਕੂਲ ਦੇ ਪ੍ਰਿੰਸੀਪਲ ਨਵਦੀਪ ਵਿਸ਼ਿਸ਼ਟ ਨੇ ਦੱਸਿਆ ਕਿ ਪ੍ਰੋਗਰਾਮ ਦੌਰਾਨ ਨਰਸਰੀ ਤੋਂ ਪੰਜਵੀਂ ਜਮਾਤ ਤੱਕ ਤੇ ਵਿਦਿਆਰਥੀਆਂ ਨੇ ਰੰਗਾਰੰਗ ਪ੍ਰੋਗਰਾਮ ਪੇਸ਼ ਕੀਤੇ, ਜਿਸ ਵਿੱਚ ਛੋਟੇ-ਛੋਟੇ ਬੱਚਿਆਂ ਨੇ ਗੀਤ ਸੰਗੀਤ ਤੇ ਨਾਚ ਪੇਸ਼ ਕੀਤੇ। ਇਸ ਤੋਂ ਇਲਾਵਾ ਤੀਸਰੀ ਤੋਂ ਬਾਰਵੀਂ ਜਮਾਤ ਤੱਕ ਤੇ ਵਿਦਿਆਰਥੀਆਂ ਦੇ ਲੜਕਿਆਂ ਤੇ ਲੜਕੀਆਂ ਦੇ ਰੱਸਾਕਸੀ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ।ਵਿਦਿਆਰਥੀਆਂ ਨੇ ਇਨ੍ਹਾਂ ਮੁਕਾਬਲਿਆਂ ਦਾ ਖੂਬ ਆਨੰਦ ਮਾਣਿਆ।ਅੰਤ ਵਿੱਚ ਪ੍ਰਿੰਸੀਪਲ ਨਵਦੀਪ ਵਸ਼ਿਸ਼ਟ ਨੇ ਬੱਚਿਆਂ ਨੂੰ ਉਨ੍ਹਾਂ ਦੇ ਵਿਸ਼ੇਸ਼ ਦਿਨ ਉੱਪਰ ਵਧਾਈਆਂ ਦਿੱਤੀਆਂ ਤੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਂਦਿਆਂ ਦੇਸ਼ ਭਗਤੀ ਵਾਲਾ ਜੀਵਨ ਜਿਉਣ ਲਈ ਪ੍ਰੇਰਿਤ ਕੀਤਾ।ਇਸ ਦੇ ਨਾਲ ਹੀ ਉਨ੍ਹਾਂ ਨੇ ਬਾਲ ਦਿਵਸ ਮੌਕੇ ਵਿਸ਼ੇਸ਼ ਰੂਪ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀਆਂ ਦੇਸ਼, ਕੌਮ ਤੇ ਧਰਮ ਪ੍ਰਤੀ ਕੀਤੀਆਂ ਕੁਰਬਾਨੀਆਂ ਨੂੰ ਵੀ ਹਮੇਸ਼ਾ ਯਾਦ ਰੱਖਣ ਲਈ ਕਿਹਾ।

## ਜੇ ਐੱਮ ਐੱਸ ਇਮੀਗ੍ਰੇਸ਼ਨ ਨੇ ਲਵਾਇਆ ਕੈਨੇਡਾ ਦਾ ਵਿਜ਼ਿਟਰ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ-ਪੁਰਾਣਾ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਜੋ ਕਿ ਰਫਿਊਜ ਕੇਸਾਂ ਨੂੰ ਹੱਲ ਕਰਨ ਵਿੱਚ ਮਾਹਰ ਦੇ ਨਾਮ ਨਾਲ ਜਾਣੀ ਜਾਂਦੀ ਹੈ।ਇਸਦੇ ਨਾਲ-ਨਾਲ ਹੁਣ ਸੰਸਥਾਂ ਵੱਲੋਂ ਬਹੁਤ ਹੀ ਘੱਟ ਉਮਰ ਵਾਲਿਆਂ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾਣ ਦਾ ਸੁਪਨਾ ਵੀ ਬੜੀ ਜਲਦੀ ਪੂਰਾ ਕੀਤਾ ਜਾ ਰਿਹਾ ਹੈ।ਕਾਮਯਾਬੀ ਦੀ ਇਸ ਲੜੀ ਨੂੰ ਜਾਰੀ ਰੱਖਦਿਆਂ ਸੰਸਥਾਂ ਵੱਲੋਂ ਸਵਰਨ ਸਿੰਘ ਵਾਸੀ ਰਾਊਕੇ ਕਲਾਂ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਸਵਰਨ ਸਿੰਘ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ.ਐੱਮ.ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

# ਬੀ ਕੇ ਯੂ ਰਾਜੇਵਾਲ ਵੱਲੋਂ ਭ੍ਰਿਸ਼ਟਾਚਾਰ ਖਿਲਾ.ਫ ਐੱਸ ਡੀ ਐੱਮ ਦਫਤਰ ਅੱਗੇ 20 ਨੂੰ ਧਰਨਾ



**ਨਾਭਾ (ਵਰਿੰਦਰ ਵਰਮਾ)**-ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਬਲਾਕ ਨਾਭਾ ਦੀ ਮੀਟਿੰਗ ਗੁਰਦੁਆਰਾ ਭਗਤ ਧੰਨਾ ਜੀ ਨਵੀਂ ਅਨਾਜ ਮੰਡੀ ਨਾਭਾ ਵਿੱਚ ਬਲਾਕ ਦੇ ਪ੍ਰਧਾਨ ਅੱਛਰ ਸਿੰਘ ਭੋਜੋ ਮਾਜਰੀ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ 20 ਨਵੰਬਰ ਨੂੰ ਐੱਸਡੀਐੱਮ ਦਫਤਰ ਨਾਭਾ ਦੇ ਗੇਟ ਅੱਗੇ ਧਰਨਾ ਦਿੱਤਾ ਜਾਵੇਗਾ, ਕਿਉਂਕਿ ਪ੍ਰਸ਼ਾਸਨ ਵੱਲੋਂ ਆਮ ਲੋਕਾਂ ਦੇ ਕੰਮਾਂ ਨੂੰ ਇਸ ਲਈ ਲਮਕਾ ਦਿੱਤਾ ਜਾਂਦਾ ਹੈ ਤਾਂ ਜੋ ਉਹ ਰਿਸ਼ਵਤ ਦੇਣ ਲਈ ਮਜਬੂਰ ਹੋ ਜਾਣ।ਪਟਵਾਰੀਆਂ ਵੱਲੋਂ ਮਾਲ ਰਿਕਾਰਡ ਵਿੱਚ ਹੋ ਜਾਂਦੀਆਂ ਜਾਂ ਕਰ ਦਿੱਤੀਆਂ ਜਾਂਦੀਆਂ ਗਲਤੀਆਂ ਦੀ ਦਰੁਸਤੀ ਲਈ ਵੀ ਰਿਸ਼ਵਤ ਦੀ ਮੰਗ ਕੀਤੀ ਜਾਂਦੀ ਹੈ, ਜਦੋਂਕਿ ਉਸ ਵਿੱਚ ਆਮ ਲੋਕਾਂ ਦਾ ਕੋਈ ਕਸੂਰ ਨਹੀਂ ਹੁੰਦਾ।ਕਿਸੇ ਨੇ ਆਪਣੀ ਜ਼ਮੀਨ ਦੀ ਮਿਣਤੀ ਕਰਵਾਉਣੀ ਹੋਵੇ ਜਾਂ ਫਿਰ ਤਕਸੀਮ ਕਰਵਾਉਣੀ ਹੋਵੇ, ਪ੍ਰੋਸੈੱਸ ਇੰਨਾ ਗੁੰਝਲਦਾਰ ਹੈ ਕਿ ਘੱਟ ਪੜ੍ਹਿਆ ਲਿਖਿਆ ਜਾਂ ਅਨਪੜ੍ਹ ਕਿਸਾਨ ਕੁਝ ਸਮਝ ਹੀ ਨਹੀਂ ਸਕਦਾ।ਫਿਰ ਅਧਿਕਾਰੀਆਂ ਵੱਲੋਂ ਉਸ ਨਾਲ ਰੇਟ ਤੈਅ ਕੀਤਾ ਜਾਂਦਾ ਹੈ ਤੇ ਸਬੰਧਤ ਕਿਸਾਨ ਦੀ ਜੇਬ ਢਿੱਲੀ ਕੀਤੀ ਜਾਂਦੀ ਹੈ।ਝੋਨੇ ਦੇ ਸੀਜ਼ਨ ਵਿੱਚ ਪ੍ਰਸ਼ਾਸਨ ਦੇ ਮਸ਼ੀਨਰੀ ਮੁਹੱਈਆ ਕਰਵਾਉਣ ਦੇ ਵਾਅਦਿਆਂ ਦੇ ਬਾਵਜੂਦ ਕਿਸਾਨੀ ਨੂੰ ਲੋੜੀਂਦੀ ਮਾਤਰਾ ਵਿੱਚ ਮਸ਼ੀਨਰੀ ਨਹੀਂ ਮਿਲੀ, ਮਜਬੂਰੀ ਬਸ ਕੁਝ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਲਾਉਣੀ ਪਈ, ਜਿਸ ਕਰਕੇ ਪ੍ਰਸ਼ਾਸਨ ਨੇ ਉਨ੍ਹਾਂ ਕਿਸਾਨਾਂ 'ਤੇ ਜੁਰਮਾਨੇ ਲਗਾ ਦਿੱਤੇ ਜਾਂ ਕੇਸ ਬਣਾ ਦਿੱਤੇ।ਇਸ ਲਈ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਉਹ ਇਨ੍ਹਾਂ ਧੱਕਿਆਂ ਖਿਲਾਫ ਵੱਡੀ ਲੜਾਈ ਲੜੇਗੀ। ਇਸੇ ਲੜੀ ਦਾ ਹਿੱਸਾ ਹੈ 20 ਨਵੰਬਰ ਦਾ ਧਰਨਾ, ਜਿਸ ਨੂੰ ਸੰਬੋਧਨ ਕਰਨ ਲਈ ਸੂਬਾ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਉਚੇਚੇ ਤੌਰ 'ਤੇ ਪਹੁੰਚਣਗੇ।ਇਸ ਮੌਕੇ ਨੇਕ ਸਿੰਘ ਖੋਖ ਸੀਨੀਅਰ ਮੀਤ ਪ੍ਰਧਾਨ ਪੰਜਾਬ, ਸੂਬਾ ਸਕੱਤਰ ਹਰਦੀਪ ਸਿੰਘ ਘਨੁੜਕੀ, ਸੀਨੀਅਰ ਆਗੂ ਅਵਤਾਰ ਸਿੰਘ ਕੈਦੂਪੁਰ, ਜਗਜੀਤ ਸਿੰਘ ਮੋਹਲਗੁਆਰਾ, ਹਰਿੰਦਰਜੀਤ ਸਿੰਘ ਲੁਬਾਣਾ, ਪਰਵਿੰਦਰ ਸਿੰਘ ਬਨੇਰਾ, ਗੁਰਪ੍ਰੀਤ ਸਿੰਘ ਬਿਰਧਨੋ, ਇੰਦਰਜੀਤ ਸਿੰਘ ਸਹੌਲੀ, ਗੁਰਮੇਲ ਸਿੰਘ ਪੂਣੀਵਾਲ, ਬਲਤੇਜ ਸਿੰਘ ਮੂੰਗੋ ਆਦਿ ਆਗੂਆਂ ਨੇ ਮੀਟਿੰਗ ਨੂੰ ਸੰਬੋਧਨ ਕੀਤਾ।

## ਬਾਬਾ ਨਾਮਦੇਵ ਜੀ ਦਾ ਆਗਮਨ ਪੁਰਬ 23 ਨੂੰ


**ਭੀਖੀ (ਗੁਰਿੰਦਰ ਸਿੰਘ ਔਲਖ)**-ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ 755ਵਾਂ ਆਗਮਨ ਪੁਰਬ ਬੜੀ ਸ਼ਰਧਾ ਤੇ ਧੂਮਧਾਮ ਨਾਲ ਬਾਬਾ ਨਾਮਦੇਵ ਭਵਨ ਭੀਖੀ ਵਿਖੇ ਮਨਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਡਾ ਪਵਿੱਤਰ ਸਿੰਘ ਔਲਖ ਤੇ ਪ੍ਰੈਸ ਸਕੱਤਰ ਗੁਰਿੰਦਰ ਔਲਖ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਵਾਰ ਬਾਬਾ ਨਾਮਦੇਵ ਜੀ ਦਾ ਆਗਮਨ ਪੁਰਬ 21 ਨਵੰਬਰ ਤੋਂ 23 ਨਵੰਬਰ ਤੱਕ ਮਨਾਇਆ ਜਾਵੇਗਾ 23 ਨਵੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਇਸ ਪੁਰਬ ਚ ਰਾਜਨੀਤਿਕ ਸਮਾਜਿਕ ਜਥੇਬੰਦੀਆਂ ਦੇ ਆਗੂ ਸ਼ਾਮਲ ਹੋਣਗੇ ਤੇ ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਇਸ ਆਗਮ ਪੂਰਬ ਤੇ ਵੱਧ ਚੜ ਕੇ ਸ਼ਮੂਲੀਅਤ ਕੀਤੀ ਜਾਵੇ।

## ਸੰਨੀ ਢਿੱਲੋਂ ਨੇ ਪਿੰਡਾਂ ਦੇ ਵਿਕਾਸ ਲਈ 20 ਲੱਖ ਦੇ ਚੈੱਕ ਵੰਡੇ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਹਲਕਾ ਗਿੱਦੜਬਾਹਾ ਦੇ ਵਿਧਾਇਕ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਭਰਾ ਸੰਦੀਪ ਸਿੰਘ ਸੰਨੀ ਢਿੱਲੋਂ ਵੱਲੋਂ ਬਲਾਕ ਵਿਕਾਸ ਤੇ ਪੰਚਾਇਤ ਦਫ਼ਤਰ ਗਿੱਦੜਬਾਹਾ ਵਿਖੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਲਗਭਗ 20 ਲੱਖ ਰੁਪਏ ਦੇ ਚੈੱਕ ਪੰਚਾਇਤਾਂ ਨੂੰ ਤਕਸੀਮ ਕੀਤੇ।ਇਸ ਮੌਕੇ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਪਿੰਡਾਂ ਦੇ ਵਿਕਾਸ ਕਾਰਜਾਂ ਲਈ ਲਗਾਤਰ ਕੰਮ ਕਰ ਰਹੀ ਹੈ ਤੇ ਹਰ ਪਿੰਡ ਵਿੱਚ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਗਿੱਦੜਬਾਹਾ ਹਰਦੀਪ ਸਿੰਘ ਡਿੰਪੀ ਢਿੱਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਪਿੰਡ ਮਧੀਰ, ਕੋਟਭਾਈ, ਗੁਰੂਸਰ, ਚੋਟੀਆਂ, ਬੁੱਟਰ ਬਖੂਆ, ਬਾਦੀਆਂ ਤੇ ਕੋਟਲੀ ਅਬਲੂ ਵਿਖੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਪਿੰਡਾਂ ਦੇ ਵਿਕਾਸ ਕਾਰਜਾਂ ਤੇਜੀ ਨਾਲ ਹੋ ਰਹੇ ਹਨ ਤੇ ਅੱਗੇ ਵੀ ਇਹ ਉਪਰਾਲੇ ਲਗਾਤਾਰ ਜਾਰੀ ਰਹਿਣਗੇ।ਇਸ ਮੌਕੇ ਟਰੱਕ ਯੂਨੀਅਨ ਦੇ ਪ੍ਰਧਾਨ ਕਿਰਪਾਲ ਸਿੰਘ ਐਡਵੋਕੇਟ, ਗੁਰਵਿੰਦਰ ਸਿੰਘ ਜੋਨ ਇੰਚਾਰਜ, ਨਵੀ ਬਰਾੜ ਬਲਾਕ ਪ੍ਰਧਾਨ, ਸ਼ਿਵਰਾਜ ਸਿੰਘ ਦੂਹੇਵਾਲਾ ਜ਼ੋਨ ਇੰਚਾਰਜ, ਤਜਿੰਦਰ ਥੇੜੀ ਜੋਨ ਇੰਚਾਰਜ, ਹਲਕਾ ਗਿੱਦੜਬਾਹਾ ਦੇ ਸੰਗਠਨ ਇੰਚਾਰਜ ਤੇ ਟਰੱਕ ਯੂਨੀਅਨ ਦੇ ਪ੍ਰਧਾਨ ਕਿਰਨਪਾਲ ਸਿੰਘ ਤੋਂ ਇਲਾਵਾ ਬੀਡੀਪੀਓ ਦਫਤਰ ਦੇ ਕਰਮਚਾਰੀ ਤੇ ਅਧਿਕਾਰੀ ਹਾਜ਼ਰ ਸਨ।

## ਸਰਵਹਿੱਤਕਾਰੀ ਵਿੱਦਿਆ ਮੰਦਰ ਦਾ ਸਟੇਟ ਤੇ ਨੈਸ਼ਨਲ ਪੱਧਰੀ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਭੀਖੀ (ਗੁਰਿੰਦਰ ਸਿੰਘ ਔਲਖ)**-ਬੀਤੇ ਦਿਨੀਂ 27ਵੀਂ ਜੂਨੀਅਰ ਨੈਸ਼ਨਲ ਫੈਂਸਿੰਗ ਚੈਂਪੀਅਨਸ਼ਿਪ, ਜੋ ਕਿ ਇਮਫਾਲ (ਮਨੀਪੁਰ) ਵਿਖੇ ਸੰਪੰਨ ਹੋਈ, ਉਸ ਵਿੱਚ ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਦੇ ਹੋਣਹਾਰ ਵਿਦਿਆਰਥੀ ਪੁਨੀਤਇੰਦਰ ਸਿੰਘ ਨੇ ਤੀਸਰੇ ਸਥਾਨ 'ਤੇ ਰਹਿ ਕੇ ਕਾਂਸੀ ਦਾ ਤਮਗਾ ਹਾਸਲ ਕੀਤਾ।ਇਸੇ ਤਰ੍ਹਾਂ ਹੀ 69ਵੀਂ ਪੰਜਾਬ ਸਕੂਲ ਅੰਤਰ ਜ਼ਿਲ੍ਹਾ ਸ਼ੂਟਿੰਗ ਚੈਂਪੀਅਨਸ਼ਿਪ ਜੋ ਕਿ ਸਰਕਾਰੀ ਸ਼ੂਟਿੰਗ ਰੇਂਜ ਫੇਸ 6 ਐੱਸ.ਏ.ਐੱਸ. ਨਗਰ ਵਿਖੇ ਹੋਈ, ਇਸ ਓਪਨ ਸਾਈਟ ਏਅਰ ਰਾਈਫਲ ਅੰਡਰ 14 ਲੜਕਿਆਂ 'ਚੋਂ ਜਾਵੇਸ਼ ਸ਼ਰਮਾ 0501 (274) ਤੀਸਰੇ ਸਥਾਨ 'ਤੇ ਰਿਹਾ, ਜੋ ਕਿ ਸਾਡੇ ਲਈ ਬੜੇ ਹੀ ਮਾਣ ਵਾਲੀ ਗੱਲ ਹੈ।ਇਸ ਵਿੱਚ ਹੀ ਕਰਨਵੀਰ ਸਿੰਘ ਦਾ ਸਕੋਰ (239) ਤੇ ਹਰਮਨ ਸਿੰਘ ਦਾ ਸਕੋਰ (201) ਰਿਹਾ।ਸਕੂਲੀ ਸਟੇਟ ਪੱਧਰੀ ਕਰਾਟੇ ਟੂਰਨਾਮੈਂਟ ਵਿੱਚ ਸੱਤਵੀਂ ਜਮਾਤ ਦੇ ਵਿਦਿਆਰਥੀ ਵਰੁਣ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ।ਬੱਚਿਆਂ ਦੀ ਇਸ ਸ਼ਾਨਦਾਰ ਸਫਲਤਾ ਦੇ ਮੌਕੇ ਉੱਤੇ ਇਨ੍ਹਾਂ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਨੇ ਸਵੇਰ ਦੀ ਸਭਾ ਵਿੱਚ ਸਨਮਾਨਤ ਕੀਤਾ ਅਤੇ ਵਧਾਈ ਦਿੱਤੀ।ਇਸ ਮੌਕੇ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜੋ ਬੱਚੇ ਮਨ ਲਾ ਕੇ ਪੜ੍ਹਾਈ ਦੇ ਨਾਲ ਨਾਲ ਖੇਡ ਗਤੀਵਿਧੀਆਂ ਵਿੱਚ ਭਾਗ ਲੈਂਦੇ ਹਨ, ਉਹ ਬੱਚੇ ਜ਼ਿੰਦਗੀ ਵਿੱਚ ਜ਼ਰੂਰ ਕਾਮਯਾਬ ਹੁੰਦੇ ਹਨ ਅਤੇ ਬੁਲੰਦੀਆਂ ਨੂੰ ਛੂੰਹਦੇ ਹਨ।ਅਜਿਹੇ ਹੋਣਹਾਰ ਵਿਦਿਆਰਥੀਆਂ 'ਤੇ ਸਾਨੂੰ ਸਭ ਨੂੰ ਫ਼ਖ਼ਰ ਮਹਿਸੂਸ ਹੁੰਦਾ ਹੈ। ਇਸ ਮੌਕੇ ਉਨ੍ਹਾਂ ਬੱਚਿਆਂ ਦੇ ਮਾਪਿਆਂ ਦੇ ਭਰਪੂਰ ਸਹਿਯੋਗ ਦੀ ਵੀ ਸ਼ਲਾਘਾ ਕੀਤੀ ਤੇ ਬੱਚਿਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਜ਼ਿਮਨੀ ਜਿੱਤ ਨੇ ਮੁੜ ਸਰਕਾਰ ਬਣਾਉਣ ਦਾ ਮੁੱਢ ਬੰਨ੍ਹਿਆ : ਪੰਡੋਰੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਲਕਾ ਤਰਨਤਾਰਨ ਦੇ ਸੂਝਵਾਨ ਵੋਟਰਾਂ ਨੇ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਦੇ ਹੱਕ 'ਚ ਫਤਵਾ ਦੇ ਕੇ ਵਿਧਾਨ ਸਭਾ ਚੋਣਾਂ 2027 'ਚ ਸੂਬੇ ਅੰਦਰ ਦੁਬਾਰਾ 'ਆਪ' ਸਰਕਾਰ ਬਣਾਉਣ ਦਾ ਮੁੱਢ ਬੰਨ੍ਹਿਆ ਹੈ।ਇਹ ਪ੍ਰਗਟਾਵਾ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਨੇ ਕੀਤਾ।ਉਨ੍ਹਾਂ ਪਾਰਟੀ ਹਾਈ ਕਮਾਂਡ ਆਗੂਆਂ, ਸਮੂਹ ਵਾਲੰਟੀਅਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਹਲਕਾ ਤਰਨ ਤਾਰਨ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਦੇ ਕੀਤੇ ਕੰਮਾਂ 'ਤੇ ਮੋਹਰ ਲਾਈ ਹੈ।ਵਿਧਾਇਕ ਪੰਡੋਰੀ ਨੇ ਕਿਹਾ ਕਿ ਭਾਵੇਂ ਵਿਰੋਧੀ ਧਿਰਾਂ ਨੇ 'ਆਪ' ਨੂੰ ਹਰਾਉਣ ਲਈ ਆਪਣੀ ਪੂਰੀ ਵਾਹ ਲਾਈ, ਪਰ ਸੂਝਵਾਨ ਲੋਕਾਂ ਨੇ ਇਹ ਇਤਿਹਾਸਕ ਫ਼ੈਸਲਾ ਸੁਣਾ ਕੇ ਸਾਬਤ ਕਰ ਦਿੱਤਾ ਹੈ ਕਿ ਉਹ ਭਗਵੰਤ ਮਾਨ ਸਰਕਾਰ ਦੇ ਰਾਜ ਪ੍ਰਬੰਧ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ।ਹਲਕਾ ਵਿਧਾਇਕ ਪੰਡੋਰੀ ਨੇ ਪਿੰਡਾਂ ਦੇ ਸਰਬਪੱਖੀ ਵਿਕਾਸ, ਲੋਕ-ਭਲਾਈ ਦੇ ਕੰਮਾਂ, ਆਪ ਸਰਕਾਰ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਲੈ ਕੇ ਜਾਣ ਲਈ ਸਹਿਯੋਗ ਦੀ ਅਪੀਲ ਕੀਤੀ।

## ਪੀ ਐੱਮ ਸ੍ਰੀ ਸਰਕਾਰੀ ਸਕੂਲ ਅੱਕਾਂਵਾਲੀ ਵਿਖੇ ਬਾਲ ਦਿਵਸ ਮਨਾਇਆ



**ਮਾਨਸਾ (ਆਤਮਾ ਸਿੰਘ ਪਮਾਰ)**-ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਦਾ ਜਨਮ ਦਿਨ ਸਰਕਾਰੀ ਸੈਕੰਡਰੀ ਸਕੂਲ ਅੱਕਾਂਵਾਲੀ ਵਿਖੇ ਬਾਲ ਦਿਵਸ ਵਜੋਂ ਮਨਾਇਆ ਗਿਆ।ਇਸ ਮੌਕੇ ਵਿਦਿਆਰਥੀਆਂ ਲਈ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ।ਸਕੂਲ ਮੁਖੀ ਨਰਿੰਦਰ ਸਿੰਘ ਮੋਹਲ ਵੱਲੋਂ ਵਿਦਿਆਰਥੀਆਂ ਨੂੰ ਪੰਡਿਤ ਜੀ ਦੀ ਜੀਵਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਉਨ੍ਹਾਂ ਵੱਲੋਂ ਦੇਸ਼ ਦੀ ਤਰੱਕੀ 'ਚ ਪਾਏ ਗਏ ਯੋਗਦਾਨ ਨੂੰ ਵੀ ਯਾਦ ਕੀਤਾ।ਇਸ ਤੋਂ ਇਲਾਵਾ ਸਮਾਜਿਕ ਕੁਰੀਤੀਆਂ ਤੋਂ ਮੁਕਤ ਸਮਾਜ ਦੀ ਸਿਰਜਣਾ ਕਰਨ ਲਈ ਵੀ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਵਿਦਿਆਰਥੀਆਂ ਵੱਲੋਂ ਲੇਖ਼, ਭਾਸ਼ਣ ਤੋਂ ਇਲਾਵਾ ਵੱਖ-ਵੱਖ ਪੇਸ਼ਕਾਰੀਆਂ ਵੀ ਪ੍ਰਦਰਸ਼ਤ ਕੀਤੀਆਂ ਗਈਆਂ।ਇਸ ਮੌਕੇ ਸਮੂਹ ਸਕੂਲ ਸਟਾਫ਼ ਤੇ ਵਿਦਿਆਰਥੀ ਵੀ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਨੂੰ ਰੋਟਰੀ ਕਲੱਬ ਗੋਨਿਆਣਾ ਨੇ ਬੂਟ, ਜੁਰਾਬਾਂ, ਜਰਸੀਆਂ, ਬੈਗ ਤੇ ਸਟੇਸ਼ਨਰੀ ਵੰਡੀ




**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਦੀ ਮਦਦ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨੌ ਬਹਿਰਾਮ ਸ਼ੇਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਤੇ ਪ੍ਰਾਇਮਰੀ ਸਕੂਲ ਦੋਨਾ ਮੱਤੜ ਦੇ 300 ਤੋਂ ਵੱਧ ਵਿਦਿਆਰਥੀਆਂ ਨੂੰ ਬੂਟ, ਜ਼ੁਰਾਬਾਂ, ਜਰਸੀਆਂ, ਬੈਗ, ਸਟੇਸ਼ਨਰੀ ਤੋਂ ਇਲਾਵਾ ਹੋਰ ਵਿੱਦਿਅਕ ਸਮੱਗਰੀ ਵੰਡਣ ਲਈ ਰੋਟਰੀ ਕਲੱਬ ਗੋਨਿਆਣਾ ਮਿਡ ਟਾਊਨ ਦੀ ਟੀਮ ਵਿਸ਼ੇਸ਼ ਤੌਰ 'ਤੇ ਪਹੁੰਚੀ।ਰੋਟਰੀ ਕਲੱਬ ਦੇ ਸੀਨੀਅਰ ਮੈਂਬਰਾਂ ਰੋਟੇਰੀਅਨ ਕੁਲਦੀਪ ਸਿੰਘ ਸਰਾਂ, ਰੋਟੇਰੀਅਨ ਅਸ਼ੋਕ ਬਹਿਲ, ਹਰਵਿੰਦਰ ਸਿੰਘ ਗਰੇਵਾਲ, ਪਰਮਜੀਤ ਸਿੰਘ ਗਰੋਵਰ ਤੇ ਮਹਿੰਦਰ ਸਿੰਘ ਚੀਨੀ ਨੇ ਬੱਚਿਆਂ ਨੂੰ ਹੌਸਲਾ ਦਿੰਦੇ ਹੋਏ ਕਿਹਾ ਕਿ ਸਮਾਜਿਕ ਭਲਾਈ ਦੇ ਕੰਮਾਂ ਵਿੱਚ ਹਰ ਸਮੇਂ ਅੱਗੇ ਰਹਿਣਾ ਉਨ੍ਹਾਂ ਦਾ ਫ਼ਰਜ਼ ਹੈ।ਉਨ੍ਹਾ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਦੀ ਪ੍ਰੇਰਨਾ ਦਿੰਦੇ ਹੋਏ ਭਵਿੱਖ ਵਿੱਚ ਵੀ ਹਰ ਸੰਭਵ ਮਦਦ ਦਾ ਵਿਸ਼ਵਾਸ ਪ੍ਰਗਟਾਇਆ।ਪ੍ਰੋਗਰਾਮ ਵਿੱਚ ਡਾ. ਸਤਿੰਦਰ ਸਿੰਘ, ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਉਨ੍ਹਾਂ ਰੋਟਰੀ ਕਲੱਬ ਗੋਨਿਆਣਾ ਮਿਡ ਟਾਊਨ ਦੇ ਸਮਾਜਿਕ ਯੋਗਦਾਨ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀ ਸਹਾਇਤਾ ਨਾਲ ਬੱਚਿਆਂ ਵਿੱਚ ਸਿੱਖਿਆ ਪ੍ਰਤੀ ਨਵਾਂ ਜੋਸ਼ ਤੇ ਆਤਮ-ਵਿਸ਼ਵਾਸ ਪੈਦਾ ਹੁੰਦਾ ਹੈ।ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਵਿਦਿਆਰਥੀਆਂ ਦੀ ਮਦਦ ਲਈ ਸ਼ੁਰੂ ਕੀਤੀ 'ਈਚ ਵਨ ਅਡਾਪਟ ਵਨ' ਮੁਹਿੰਮ ਸਮਾਜ ਸੇਵੀ ਸੰਸਥਾਵਾਂ ਤੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕਾਫਲਾ ਬਣ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਇਨ੍ਹਾਂ ਦੋਨਾਂ ਸਕੂਲਾਂ ਦੇ 10ਵੀਂ ਤੇ 12ਵੀਂ ਜਮਾਤ ਦੇ ਬੋਰਡ ਪ੍ਰੀਖਿਆਵਾਂ ਦੇ ਰਹੇ ਵਿਦਿਆਰਥੀਆਂ ਦੀਆਂ ਇੱਕ ਲੱਖ ਰੁਪਏ ਤੋਂ ਵੱਧ ਦੀਆਂ ਫੀਸਾਂ ਦਾ ਵੀ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਬੰਧ ਕੀਤਾ ਜਾ ਚੁੱਕਿਆ ਹੈ।ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਬਲਾਕ ਨੋਡਲ ਅਫਸਰ ਪ੍ਰੇਮ ਸਿੰਘ ਪ੍ਰਿੰਸੀਪਲ ਨੇ ਸਮਾਜ ਸੇਵੀ ਸੰਸਥਾਵਾਂ ਦੇ ਉਪਰਾਲੇ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਸਰਹੱਦੀ ਖੇਤਰ ਦੇ ਇਨ੍ਹਾਂ ਵਿਦਿਆਰਥੀਆਂ ਦੀ ਆਰਥਿਕ ਤੰਗੀ ਹੁਣ ਪੜ੍ਹਾਈ 'ਚ ਰੁਕਾਵਟ ਨਹੀਂ ਬਣੇਗੀ।ਪ੍ਰੋਗਰਾਮ ਦੇ ਇੰਚਾਰਜ ਮੁਖਤਿਆਰ ਸਿੰਘ ਤੇ ਸਟਾਫ ਨੇ ਰੋਟਰੀ ਕਲੱਬ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਜਤਾਈ।

## ਤਰਨ ਤਾਰਨ ਜ਼ਿਮਨੀ ਚੋਣ ਜਿੱਤਣ ਦੀ ਖੁਸ਼ੀ 'ਚ ਵੰਡੇ ਲੱਡੂ



**ਲੌਂਗੋਵਾਲ (ਪ੍ਰਦੀਪ ਸੱਪਲ**-ਵਿਧਾਨ ਸਭਾ ਹਲਕਾ ਤਰਨਤਾਰਨ ਜ਼ਿਮਨੀ ਚੋਣ ਵਿੱਚ ਆਪ ਦੀ ਹੋਈ ਸ਼ਾਨਦਾਰ ਜਿੱਤ ਤੇ ਆਮ ਆਦਮੀ ਪਾਰਟੀ ਯੂਨਿਟ ਲੌਂਗੋਵਾਲ ਦੇ ਆਗੂਆਂ ਤੇ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਪੰਚ ਬਲਵਿੰਦਰ ਸਿੰਘ ਢਿੱਲੋਂ, ਆਪ ਬੀ ਸੀ ਵਿੰਗ ਦੇ ਸੂਬਾ ਜੁਆਇੰਟ ਸਕੱਤਰ ਰਾਜ ਸਿੰਘ ਰਾਜੂ, ਆਮ ਆਦਮੀ ਪਾਰਟੀ ਦੇ ਬਲਾਕ ਲੌਂਗੋਵਾਲ ਪ੍ਰਧਾਨ ਵਿੱਕੀ ਵਸ਼ਿਸ਼ਟ, ਹਲਕਾ ਕੋਆਰਡੀਨੇਟਰ ਸੁਨਾਮ ਮੈਡਮ ਪਰਮਜੀਤ ਕੌਰ, ਸਰਪੰਚ ਜਗਰਾਜ ਸਿੰਘ, ਸਰਪੰਚ ਨਿਹਾਲ ਸਿੰਘ, ਸਰਪੰਚ ਦਰਸ਼ਨ ਸਿੰਘ ਜੱਸੇਕਾ, ਸਰਪੰਚ ਲਖਵਿੰਦਰ ਸਿੰਘ ਲੱਖੀ, ਆਪ ਵਰਕਰ ਲੱਖੀ ਸਿੰਘ, ਮੱਘਰ ਸਿੰਘ ਆਦਿ ਹਾਜ਼ਰ ਸਨ।

17-Nov Page 11-Majha-25.qxd 11/16/2025 11:08 PM Page 1



# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਯਾਦ 'ਚ ਅੰਮ੍ਰਿਤਸਰ ਵਿਖੇ ਕੀਰਤਨ ਦਰਬਾਰ



ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ)-ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ ਰਣਜੀਤ ਐਵੇਨਿਊ ਅੰਮ੍ਰਿਤਸਰ ਵਿਖੇ ਕਰਵਾਇਆ ਗਿਆ, ਜਿਸ ਵਿੱਚ ਸੰਗਤਾਂ ਨੇ ਲੰਬਾ ਸਮਾਂ ਇਲਾਹੀ ਬਾਣੀ ਦਾ ਆਨੰਦ ਮਾਣਿਆ।ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਬਾਰੇ ਸ਼ਰਧਾਲੂਆਂ ਨੂੰ ਜਾਣੂੰ ਕਰਵਾਉਣ ਲਈ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਸਥਾਨਾਂ ਉੱਤੇ ਕੀਰਤਨ ਦਰਬਾਰ ਅਤੇ ਦੀਵਾਨ ਸਜਾਏ ਜਾ ਰਹੇ ਹਨ, ਜਿਸ ਤਹਿਤ ਇਹ ਕੀਰਤਨ ਸਮਾਗਮ ਕਰਵਾਇਆ ਗਿਆ।ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਅਮਨਦੀਪ ਕੌਰ ਅਤੇ ਐੱਸਡੀਐੱਮ ਗੁਰਸਿਮਰਨ ਸਿੰਘ ਨੇ ਆਪਣੀ ਟੀਮ ਨਾਲ ਸੇਵਾ ਕਰਕੇ ਸਮਾਗਮ ਨੇਪਰੇ ਚਾੜ੍ਹਿਆ।ਸਮਾਗਮ ਦੌਰਾਨ ਭਾਈ ਜਤਿੰਦਰ ਸਿੰਘ ਭਰਤਗੜ੍ਹ ਵਾਲਿਆਂ ਦੇ ਜੱਥੇ ਨੇ ਢਾਡੀ ਵਾਰਾਂ ਸੁਣਾ ਕੇ ਅਤੇ ਕੀਰਤਨ ਦਰਬਾਰ ਦੌਰਾਨ ਭਾਈ ਰਾਗੀ ਸ੍ਰੀ ਦਰਬਾਰ ਸਾਹਿਬ ਵਾਲੇ ਤਾਰ ਬਲਬੀਰ ਸਿੰਘ ਦੇ ਕੀਰਤਨੀ ਜਥੇ ਨੇ ਸੰਗਤਾਂ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਬਾਣੀ ਸਿਮਰਨ ਕੀਤਾ। ਇਸ ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਸ਼ਹੀਦ ਗੁਰਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਵੱਲੋਂ ਧਰਮ ਦੀ ਰਾਖੀ ਅਤੇ ਮਨੁੱਖੀ ਅਧਿਕਾਰਾਂ ਦੀ ਸਰਬਉਚ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਸਾਨੂੰ ਗੁਰੂ ਸਾਹਿਬ ਦੇ ਮਹਾਨ ਜੀਵਨ ਤੋਂ ਸੇਧ ਲੈਣੀ ਚਾਹੀਦੀ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਸੱਦਾ ਦਿੱਤਾ ਕਿ ਗੁਰੂ ਸਾਹਿਬ ਦੀ ਯਾਦ ਵਿੱਚ 20 ਨਵੰਬਰ ਨੂੰ ਮਹਿਤਾ ਚੌਂਕ ਰਸਤੇ ਅੰਮ੍ਰਿਤਸਰ ਵਿੱਚ ਵਿਸ਼ੇਸ਼ ਨਗਰ ਕੀਰਤਨ ਦਾਖਲ ਹੋਵੇਗਾ, ਜੋ ਕਿ ਰਾਤ ਦੇ ਠਹਿਰਾਓ ਉਪਰੰਤ 21 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਲਈ ਕੂਚ ਕਰੇਗਾ।

ਉਨ੍ਹਾਂ ਇਸ ਨਗਰ ਕੀਰਤਨ ਦੇ ਸ਼ਾਨਦਾਰ ਸਵਾਗਤ ਲਈ ਸਾਰਿਆਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ।ਇਸ ਮੌਕੇ ਮੇਅਰ ਜਤਿੰਦਰ ਸਿੰਘ ਮੋਤੀ ਭਾਟੀਆ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਅਮਨਦੀਪ ਕੌਰ, ਐੱਸਪੀ ਹਰਪਾਲ ਸਿੰਘ, ਐੱਸਡੀਐੱਮ ਗੁਰਸਿਮਰਨ ਸਿੰਘ ਅਤੇ ਮਨਕੰਵਲ ਸਿੰਘ ਚਾਹਲ, ਨਗਰ ਕੌਂਸਲ ਬਾਬਾ ਬਕਾਲਾ ਸਾਹਿਬ ਦੇ ਪ੍ਰਧਾਨ ਸੁਰਜੀਤ ਸਿੰਘ ਕੰਗ, ਤੀਰਥ ਪਾਲ ਸਿੰਘ, ਜ਼ਿਲ੍ਹਾ ਸਿੱਖਿਆ ਅਧਿਕਾਰੀ ਕੰਵਲਜੀਤ ਸਿੰਘ, ਪ੍ਰਵਣ ਧਵਨ, ਜਸਪ੍ਰੀਤ ਸਿੰਘ, ਸਤਪਾਲ ਸੋਖੀ ਅਤੇ ਪਾਰਟੀ ਦੇ ਸੀਨੀਅਰ ਆਗੂ ਵੀ ਮੌਜੂਦ ਸਨ।ਪ੍ਰਬੰਧਕਾਂ ਦੀ ਤਰਫੋਂ ਪ੍ਰਸ਼ਾਸਨਿਕ ਤੇ ਹੋਰ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ।

# ਟੌਂਗ ਨੇ ਵਜ਼ੀਰ ਭੁੱਲਰ 'ਚ ਰੱਖਿਆ ਖੇਡ ਮੈਦਾਨ ਦਾ ਨੀਂਹ ਪੱਥਰ



ਬਿਆਸ (ਪਰਮਜੀਤ ਸਿੰਘ ਰੰਧਾਵਾ)-ਇਥੋਂ ਨੇੜਲੇ ਪਿੰਡ ਵਜ਼ੀਰ ਭੁੱਲਰ ਵਿਖੇ ਪੰਜਾਬ ਸਰਕਾਰ ਵੱਲੋਂ ਹਰੇਕ ਪਿੰਡ ਵਿਚ ਆਧੁਨਿਕ ਖੇਡ ਮੈਦਾਨ ਬਣਾਉਣ ਦੇ ਤਹਿਤ 29 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਖੇਡ ਮੈਦਾਨ ਦਾ ਨੀਂਹ ਪੱਥਰ ਹਲਕਾ ਵਿਧਾਇਕ ਦਲਬੀਰ ਸਿੰਘ ਟੌਂਗ ਵੱਲੋਂ ਰੱਖਿਆ ਗਿਆ। ਇਸ ਮੌਕੇ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਦਲਬੀਰ ਸਿੰਘ ਟੌਂਗ ਨੇ ਕਿਹਾ ਕਿ ਮਾਨ ਸਰਕਾਰ ਖੇਡਾਂ ਨੂੰ ਪ੍ਰਫੁੱਲਿਤ ਕਰਨ ਲਈ ਯਤਨਸ਼ੀਲ ਹੈ।ਇਸ ਮੌਕੇ ਬਲਵਿੰਦਰ ਸਿੰਘ, ਸਾਬਕਾ ਸਰਪੰਚ ਜਸਵੰਤ ਸਿੰਘ, ਵਿਸ਼ਾਲ ਮੰਨਣ, ਕਪੂਰ ਸਿੰਘ ਭੁੱਲਰ, ਬਾਬਾ ਬਲਬੀਰ ਸਿੰਘ, ਸੁਖਬੀਰ ਸਿੰਘ, ਭੁਪਿੰਦਰ ਸਿੰਘ ਬਿੱਟੂ, ਭਗਵੰਤ ਸਿੰਘ, ਗੁਰਮੀਤ ਸਿੰਘ ਟੀਟੂ, ਮਿਲਖਾ ਸਿੰਘ, ਸਾਬ ਸਿੰਘ, ਰਣਬੀਰ ਸਿੰਘ ਲਾਡਾ ਅਤੇ ਸਰਕਾਰੀ ਹਾਈ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਬੱਚੀ ਦੇ ਸਿਰ 'ਤੇ ਪਿਸਤੌਲ ਰੱਖ ਕੇ ਲੁਟੇਰੇ ਡੇਢ ਲੱਖ ਲੁੱਟ ਕੇ ਫ਼ਰਾਰ

## * ਭਿੱਖੀਵਿੰਡ ਪੁਲਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਉੱਠ ਰਹੇ ਸਵਾਲ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਭਿੱਖੀਵਿੰਡ 'ਚ ਲੁੱਟ-ਖੋਹ ਦੀਆਂ ਵਾਰਦਾਤਾਂ 'ਚ ਲਗਾਤਾਰ ਇਜ਼ਾਫਾ ਹੋ ਰਿਹਾ ਹੈ।ਲੁਟੇਰਿਆਂ ਨੇ ਸ਼ਹਿਰ ਵਿੱਚ ਬੀਤੇ ਦਸ ਦਿਨਾਂ 'ਚ ਬਿਨਾਂ ਕਿਸੇ ਡਰ-ਭੈਅ ਤੋਂ ਲੁੱਟ-ਖੋਹ ਦੀਆਂ ਦੋ ਵਾਰਦਾਤਾਂ ਨੂੰ ਅੰਜਾਮ ਦਿੱਤਾ ਹੈ ਤੇ ਲੋਕਾਂ ਦੀ ਸੁਰੱਖਿਆ ਲਈ ਜ਼ਿੰਮੇਵਾਰ ਪੁਲਸ ਪ੍ਰਸ਼ਾਸਨ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਗੰਭੀਰ ਨਜ਼ਰ ਨਹੀਂ ਆ ਰਿਹਾ।ਤਾਜ਼ਾ ਵਾਰਦਾਤ 'ਚ ਲੁਟੇਰਿਆਂ ਨੇ ਪਹੂਵਿੰਡ ਰੋਡ 'ਤੇ ਸਥਿਤ ਘਰ ਨੂੰ ਨਿਸ਼ਾਨਾ ਬਣਾਉਂਦਿਆਂ ਚਾਰ ਸਾਲ ਦੀ ਬੱਚੀ ਦੇ ਸਿਰ 'ਤੇ ਪਿਸਤੌਲ ਰੱਖ ਕੇ ਘਰ ਵਿੱਚੋਂ ਡੇਢ ਲੱਖ ਰੁਪਏ ਦੀ ਨਕਦੀ ਤੇ ਸੋਨੇ ਦੇ ਗਹਿਣੇ ਲੁੱਟ ਕੀਤੀ ਹੈ।ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਰਿਸ਼ੀ ਕੱਕੜ ਨੇ ਦੱਸਿਆ ਕਿ 15 ਨਵੰਬਰ ਦੀ ਰਾਤ ਨੂੰ ਨਕਾਬਪੋਸ਼ ਲੁਟੇਰੇ ਉਨ੍ਹਾਂ ਦੇ ਘਰ ਵਿੱਚ ਦਾਖ਼ਲ ਹੋਏ। ਘਰ ਅੰਦਰ ਵੜਦਿਆਂ ਸਾਰ ਲੁਟੇਰਿਆਂ ਨੇ ਉਸ ਦੀ ਚਾਰ ਸਾਲ ਦੀ ਬੇਟੀ ਦੇ ਸਿਰ 'ਤੇ ਪਿਸਤੌਲ ਰੱਖ ਕੇ ਉਸ ਦੀ ਪਤਨੀ ਨੂੰ ਘਰ ਵਿੱਚ ਮੌਜੂਦ ਨਕਦੀ ਉਨ੍ਹਾਂ ਨੂੰ ਦੇਣ ਲਈ ਧਮਕਾਇਆ।ਪੀੜਤ ਨੇ ਦੱਸਿਆ ਕਿ ਲੁਟੇਰਿਆਂ ਦੇ ਡਰ ਤੋਂ ਉਸ ਦੀ ਪਤਨੀ ਨੇ ਇੱਕ ਅਲਮਾਰੀ ਖੋਲ੍ਹੀ, ਜਿਸ 'ਚੋਂ ਲੁਟੇਰਿਆਂ ਨੇ ਚਾਰ ਹਜ਼ਾਰ ਰੁਪਏ ਕੱਢ ਲਏ।ਦੂਜੀ ਅਲਮਾਰੀ ਖੋਲ੍ਹਣ ਲਈ ਚਾਬੀ ਨਾ ਮਿਲਣ ਮਗਰੋਂ ਲੁਟੇਰੇ ਅਲਮਾਰੀ ਤੋੜ ਕੇ ਉਸ 'ਚੋਂ ਡੇਢ ਲੱਖ ਰੁਪਏ ਦੀ ਨਕਦੀ ਤੇ ਸੋਨੇ ਦੇ ਗਹਿਣੇ ਕੱਢ ਕੇ ਘਰ ਬਾਹਰ ਖੜ੍ਹੇ



ਮੋਟਰਸਾਈਕਲ 'ਤੇ ਸਵਾਰ ਹੋ ਕੇ ਪਹੂਵਿੰਡ ਵਾਲੇ ਪਾਸੇ ਨੂੰ ਫ਼ਰਾਰ ਹੋ ਗਏ।ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਨੂੰ ਲੁਟੇਰਿਆਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਉਨ੍ਹਾਂ ਦੇ ਪੈਸੇ ਤੇ ਸੋਨਾ ਵਾਪਸ ਦਿਵਾਉਣ ਦੀ ਅਪੀਲ ਕੀਤੀ ਹੈ।

ਇਸ ਘਟਨਾ ਸੰਬੰਧੀ ਜਾਣਕਾਰੀ ਦਿੰਦਿਆਂ ਏਐੱਸਆਈ ਜਸਵੰਤ ਸਿੰਘ ਨੇ ਦੱਸਿਆ ਕਿ ਐੱਫਆਈਆਰ ਦਰਜ ਕਰਨ ਮਗਰੋਂ ਸੀਸੀਟੀਵੀ ਫੁਟੇਜ ਨੂੰ ਖੰਗਾਲਿਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਜਲਦ ਹੀ ਲੁਟੇਰਿਆਂ ਨੂੰ ਦਬੋਚ ਲਿਆ ਜਾਵੇਗਾ।

# ਸਿਟੀਜ਼ਨਜ਼ ਸੋਸ਼ਲ ਵੈੱਲਫੇਅਰ ਫੋਰਮ (ਰਜਿ.) ਬਟਾਲਾ ਨੇ ਸਜਾਈ ਸਾਹਿਤਕ ਮਹਿਫਲ

ਬਟਾਲਾ (ਤਰਲੋਕ ਬੱਗਾ)—ਬੀਤੇ ਦਿਨੀਂ ਸਿਟੀਜ਼ਨਜ਼ ਸੋਸ਼ਲ ਵੈੱਲਫੇਅਰ ਫੋਰਮ (ਰਜਿ) ਬਟਾਲਾ ਵੱਲੋਂ ਸਥਾਨਕ ਅਰਬਨ ਅਸਟੇਟ ਵਿੱਚ ਸਰਦਾਰ ਜੋਗਿੰਦਰ ਸਿੰਘ ਸੋਹੀ (ਆਸਟ੍ਰੇਲੀਆ) ਅਤੇ ਦਵਿੰਦਰ ਕੌਰ ਸਰਕਾਰੀਆ (ਆਸਟ੍ਰੇਲੀਆ) ਦੀ ਭਾਰਤ ਫੇਰੀ ਦੌਰਾਨ ਉਨ੍ਹਾਂ ਦੇ ਸਨਮਾਨ ਵਿੱਚ ਸੁਭਾਸ਼ ਸ਼ਰਮਾ ਪ੍ਰਧਾਨ ਲਾਇਨਜ਼ ਕਲੱਬ ਬਟਾਲਾ ਦੀ ਪ੍ਰਧਾਨਗੀ ਹੇਠ ਇਕ ਸਾਹਿਤਿਕ ਮਹਿਫਲ ਦਾ ਆਯੋਜਨ ਕੀਤਾ ਗਿਆ।ਇਸ ਸਾਹਿਤਕ ਮਹਿਫਲ ਅੰਦਰ ਸਭ ਤੋਂ ਪਹਿਲਾਂ ਫੋਰਮ ਦੇ ਪ੍ਰਧਾਨ ਪ੍ਰੋ. ਸੁਖਵੰਤ ਸਿੰਘ ਗਿੱਲ ਨੇ ਆਸਟ੍ਰੇਲੀਆ ਤੋਂ ਆਏ ਸ੍ਰ ਜੋਗਿੰਦਰ ਸਿੰਘ ਸੋਹੀ ਅਤੇ ਸ਼੍ਰੀਮਤੀ ਦਵਿੰਦਰ ਕੌਰ ਸਰਕਾਰੀਆ ਸਮੇਤ ਇਸ ਮਹਿਫਿਲ 'ਚ ਹਾਜ਼ਰ ਸਾਰੇ ਮਹਿਮਾਨਾਂ ਨੂੰ ਜੀਅ ਆਇਆਂ ਕਿਹਾ ਅਤੇ ਦੱਸਿਆ ਕਿ ਫੋਰਮ ਵੱਲੋਂ 1997 ਤੋਂ ਲਗਾਤਾਰ ਵੱਖ-ਵੱਖ ਵਿਸ਼ਿਆਂ ਬਾਰੇ ਆਪਸੀ ਵਿਚਾਰ-ਵਟਾਂਦਰਾ ਕਰਨ ਦਾ ਸਿਲਸਿਲਾ ਬੇਰੋਕ ਜਾਰੀ ਹੈ।ਇਨ੍ਹਾਂ ਵਿਚਾਰ ਵਟਾਂਦਰਿਆਂ ਵਿੱਚ ਸੜਕਾਂ ਦੀ ਮਾੜੀ ਹਾਲਤ, ਸਮਾਜਿਕ ਸਮੱਸਿਆਵਾਂ, ਮਿਲਾਵਟੀ ਦੁੱਧ, ਸਾਹਿਤ, ਸਿਹਤ, ਅਤੇ ਸਿੱਖਿਆ ਵਰਗੇ ਵਿਸ਼ੇ ਸ਼ਾਮਲ ਰਹੇ ਹਨ ਅਤੇ ਇਨ੍ਹਾਂ ਵਿਚਾਰ ਵਟਾਂਦਰਿਆਂ ਦੇ ਅਮਲੀ ਨਤੀਜੇ ਵੀ ਸਾਹਮਣੇ ਆਏ ਹਨ।ਇਸ ਲੜੀ ਤਹਿਤ ਹੀ ਆਸਟ੍ਰੇਲੀਆ ਤੋਂ ਬਟਾਲਾ ਪਹੁੰਚੇ ਸ੍ਰ ਜੋਗਿੰਦਰ ਸਿੰਘ ਸੋਹੀ ਅਤੇ ਸ਼੍ਰੀਮਤੀ ਦਵਿੰਦਰ ਕੌਰ ਸਰਕਾਰੀਆ ਦੇ ਸਨਮਾਨ ਵਜੋਂ ਫੋਰਮ ਵੱਲੋਂ 'ਕਿਛੁ ਸੁਣੀਐ ਕਿਛੁ ਕਹੀਐ' ਸਮਾਗਮਾਂ ਦੀ ਲੜੀ ਵਿੱਚ ਲੜੀ ਨੰਬਰ 601 ਅਧੀਨ ਇਸ ਸਾਹਿਤਕ ਮਹਿਫਲ ਦਾ ਆਯੋਜਨ ਕੀਤਾ ਗਿਆ ਹੈ।ਇਸ ਤੋਂ ਬਾਅਦ ਉਨ੍ਹਾਂ ਨੇ ਇਸ ਮਹਿਫਲ ਦੀ ਸਟੇਜ ਚਲਾਉਣ ਲਈ ਸਟੇਟ ਐਵਾਰਡੀ ਅਧਿਆਪਕ ਗੁਰਮੀਤ ਸਿੰਘ ਬਾਜਵਾ ਨੂੰ ਬੇਨਤੀ ਕੀਤੀ।ਬਾਜਵਾ ਨੇ ਸਭ ਤੋਂ ਪਹਿਲਾਂ ਲੋਕ ਸ਼ਾਇਰ ਵਿਜੇ ਅਗਨੀਹੋਤਰੀ ਨੂੰ ਆਪਣਾ ਕਲਾਮ ਪੇਸ਼ ਕਰਨ ਲਈ ਬੇਨਤੀ ਕੀਤੀ।ਉਨ੍ਹਾਂ ਤੋਂ ਬਾਅਦ ਇਸ ਮਹਿਫਲ ਵਿੱਚ ਜੋਗਿੰਦਰ ਸਿੰਘ ਸੋਹੀ, ਅਸ਼ੋਕ ਪੁਰੀ, ਬਲਬੀਰ ਸਿੰਘ ਕਲਸੀ, ਸੁਲਤਾਨ ਭਾਰਤੀ, ਰਮੇਸ਼ ਜਾਨੂੰ, ਦਵਿੰਦਰ ਕੌਰ ਸਰਕਾਰੀਆ, ਅਜੀਤ ਕਮਲ, ਗੁਰਮੀਤ ਸਿੰਘ ਬਾਜਵਾ, ਗੁਰਜੈਪਾਲ ਸਿੰਘ ਅਤੇ ਗੁਰਨਾਮ ਸਿੰਘ ਵਿਰਕ ਨੇ ਭਾਗ ਲਿਆ ਅਤੇ ਆਪਣੀਆਂ ਰਚਨਾਵਾਂ ਸੁਣਾ ਕੇ ਇਸ ਮਹਿਫਲ ਨੂੰ ਚਾਰ ਚੰਨ ਲਾ ਦਿੱਤੇ।ਸਮਾਗਮ ਦੇ ਅਖੀਰ ਵਿੱਚ ਫੋਰਮ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਹਰਭਜਨ ਸਿੰਘ ਭਾਗੋਵਾਲੀਆ ਨੇ ਇਸ ਮਹਿਫਲ 'ਚ ਸ਼ਾਮਿਲ ਸਮੂਹ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ ਅਤੇ ਲੰਗਰ ਛਕਣ ਲਈ ਬੇਨਤੀ ਕੀਤੀ।ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਪ੍ਰੋਫੈਸਰ ਰਜਿੰਦਰ ਸਿੰਘ ਧਾਰੀਵਾਲ, ਰਾਜਬੀਰ ਕੌਰ, ਪਰਵੀਨ, ਰਾਜੇਸ਼ ਮਹਾਜਨ, ਪ੍ਰਿੰ. ਕੁਲਵੰਤ ਕੌਰ ਗਿੱਲ, ਮਨਜੀਤ ਕੌਰ, ਬਲਦੇਵ ਸਿੰਘ ਬਸਰਾ, ਦੇਸ ਰਾਜ ਅਤੇ ਜਸਵੰਤ ਸਿੰਘ ਵੀ ਹਾਜ਼ਰ ਸਨ।ਸਮੁੱਚੇ ਤੌਰ 'ਤੇ ਇਹ ਮਹਿਫਲ ਯਾਦਗਾਰੀ ਹੋ ਨਿੱਬੜੀ।



# ਪ੍ਰਾਚੀਨ ਸ਼ਿਵ ਮੰਦਰ ਪਾਰਕ ਵਿੱਚ ਲੱਗਾ ਮੁਫਤ ਮੈਡੀਕਲ ਚੈੱਕਅਪ ਕੈਂਪ



ਕਲਾਨੌਰ (ਮਨਦੀਪ ਕੋਹਲੀ)-ਕਲਾਨੌਰ ਦੇ ਪ੍ਰਾਚੀਨ ਸ਼ਿਵ ਮੰਦਰ ਪਾਰਕ ਵਿੱਚ ਦਿਓਲ ਹਸਪਤਾਲ ਗੁਰਦਾਸਪੁਰ ਵੱਲੋਂ ਫ੍ਰੀ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਡਾਕਟਰ ਹਰਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਸ਼ਿਵ ਮੰਦਰ ਪਾਰਕ ਵਿੱਚ ਵਿਸ਼ਾਲ ਮੈਡੀਕਲ ਕੈਂਪ ਲਗਾਇਆ ਗਿਆ ਜਿਸਦੇ ਵਿੱਚ ਵੱਖ-ਵੱਖ ਵਿਭਾਗਾਂ ਦੇ ਡਾਕਟਰਾਂ ਨੇ 200 ਦੇ ਕਰੀਬ ਮਰੀਜ਼ਾਂ ਨੂੰ ਦੇਖਿਆ। ਉਨ੍ਹਾਂ ਦੇ ਲੋੜੀਂਦੇ ਟੈਸਟ ਕੀਤੇ ਗਏ ਅਤੇ ਮੁਫਤ ਦਵਾਈਆਂ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਮੈਡੀਕਲ ਕੈਂਪ ਦਾ ਮੁੱਖ ਮਕਸਦ ਆਮ ਪਬਲਿਕ ਅਵੇਅਰਨੈੱਸ ਪੈਦਾ ਕਰਨਾ ਹੈ ਕਿਉਂਕਿ ਅਸੀਂ ਦੇਖਿਆ ਕਿ ਬਹੁਤ ਸਾਰੇ ਮਰੀਜ਼ ਜਿਨਾਂ ਨੂੰ ਆਪਣੀ ਹੈਲਥ ਬਾਰੇ ਕੁਝ ਜ਼ਿਆਦਾ ਜਾਣਕਾਰੀ ਨਹੀਂ ਸੀ ਕਿ ਉਹ ਕਿਸ ਬਿਮਾਰੀ ਦੇ ਨਾਲ ਜੂਝ ਰਹੇ ਨੇ। ਉਨ੍ਹਾਂ ਦੇ ਲੋੜੀਂਦੇ ਟੈਸਟ ਵੀ ਕੀਤੇ ਗਏ ਅਤੇ ਦਵਾਈਆਂ ਵੀ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਡਾਕਟਰਾਂ ਦੀ ਟੀਮ ਵਿੱਚ ਡਾਕਟਰ ਗੌਰਵ, ਡਾਕਟਰ ਕਮਲਦੀਪ ਸਿੰਘ, ਜਨਰਲ ਸਰਜਰੀ ਦੇ ਡਾਕਟਰ ਹਰਮਨ ਪ੍ਰੀਤ ਸਿੰਘ, ਕ੍ਰਿਟੀਕਲ ਕੇਅਰ ਵਿਭਾਗ ਦੇ ਡਾਕਟਰ ਨਿਪੁਨ ਸੈਨੀ ਤੇ ਸਾਡੇ ਸਹਿਯੋਗੀ ਮੈਡੀਕਲ ਅਫਸਰ ਡਾ. ਅੰਕੁਸ਼ ਤੇ ਡਾ. ਮੁਕਤੀ ਵੀ ਮੌਜੂਦ ਸਨ।

# ਤਰਨ ਤਾਰਨ ਜ਼ਿਮਨੀ ਚੋਣ: ਸੇਖਵਾਂ ਦੀ ਰਣਨੀਤਿਕ ਸੂਝ-ਬੂਝ ਨੇ ਦਿਵਾਈ ਇਤਿਹਾਸਕ ਜਿੱਤ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਤਰਨਤਾਰਨ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਵੱਲੋਂ ਮਿਲੀ ਇਤਿਹਾਸਕ ਜਿੱਤ 'ਚ ਪਾਰਟੀ ਦੇ ਰਾਜ ਪ੍ਰਧਾਨਾਂ ਅਤੇ ਸੰਗਠਨਾਤਮਿਕ ਢਾਂਚੇ ਦੇ ਨਾਲ-ਨਾਲ ਕਾਦੀਆਂ ਹਲਕੇ ਦੇ ਆਗੂ ਜਗਰੂਪ ਸਿੰਘ ਸੇਖਵਾਂ ਦੀ ਸੂਝ-ਬੂਝ, ਗਹਿਰੀ ਮਿਹਨਤ ਅਤੇ ਮਜ਼ਬੂਤ ਜਨ-ਸੰਪਰਕ ਨੇ ਕੇਂਦਰੀ ਭੂਮਿਕਾ ਨਿਭਾਈ।ਸੇਖਵਾਂ ਨੇ ਚੋਣ ਦੌਰਾਨ ਪੰਥਕ, ਸਮਾਜਿਕ ਅਤੇ ਆਰਥਿਕ ਸਾਰੇ ਵਰਗਾਂ ਨੂੰ ਇੱਕ ਮੰਚ 'ਤੇ ਲਿਆਉਣ ਲਈ ਜਿਹੜੇ ਯਤਨ ਕੀਤੇ, ਉਹ ਪਾਰਟੀ ਦੀ ਜਿੱਤ ਦੇ ਮਹੱਤਵਪੂਰਣ ਕਾਰਨਾਂ 'ਚ ਗਿਣੇ ਜਾ ਰਹੇ ਹਨ।ਜਗਰੂਪ ਸਿੰਘ ਸੇਖਵਾਂ ਨੇ ਸਭ ਤੋਂ ਪਹਿਲਾਂ ਧਰਮੀ ਫੌਜੀ ਵੈੱਲਫੇਅਰ ਸੋਸਾਇਟੀ ਨੂੰ ਆਮ ਆਦਮੀ ਪਾਰਟੀ ਦੇ ਹੱਕ 'ਚ ਮੋਬਿਲਾਈਜ਼ ਕੀਤਾ ਅਤੇ ਉਨ੍ਹਾਂ ਦੀ ਮੀਟਿੰਗ ਮਾਣਯੋਗ ਮੁੱਖ ਮੰਤਰੀ ਸ. ਭਗਵੰਤ ਮਾਨ ਨਾਲ ਕਰਵਾਈ।ਇਹ ਫੈਸਲਾ ਫੌਜੀ ਵੋਟ ਬੈਂਕ ਵਿੱਚ ਪਾਰਟੀ ਲਈ ਮਜ਼ਬੂਤ ਲਹਿਰ ਬਣਾਉਣ ਦਾ ਕਾਰਨ ਬਣਿਆ।ਇਸ ਤੋਂ ਇਲਾਵਾ ਸੇਖਵਾਂ ਨੇ ਤਰਨ ਤਾਰਨ ਜ਼ਿਲ੍ਹੇ ਦੇ ਸਾਬਕਾ ਫੌਜੀਆਂ ਅਤੇ ਸੁਰੱਖਿਆ ਬਲਾਂ ਦੇ ਪਰਿਵਾਰਾਂ ਨੂੰ ਸੰਗਠਿਤ ਕਰਦੇ ਹੋਏ ਉਨ੍ਹਾਂ ਦੀ ਮੁਲਾਕਾਤ ਮੋਹਿੰਦਰ ਭਗਤ ਨਾਲ ਕਰਵਾਈ, ਜਿਸ ਨਾਲ ਇਸ ਵਰਗ ਦਾ ਵੀ ਵਿਆਪਕ ਸਮਰਥਨ ਆਮ ਆਦਮੀ ਪਾਰਟੀ ਨੂੰ ਪ੍ਰਾਪਤ ਹੋਇਆ।ਚੋਣ ਦਾ ਹੋਰ ਮਹੱਤਵਪੂਰਣ ਮੋੜ ਤਦ ਆਇਆ, ਜਦੋਂ ਵਿਮੁਕਤ ਜਾਤੀਆਂ ਦੀ ਪ੍ਰੈੱਸ ਕਾਨਫਰੰਸ ਆਯੋਜਿਤ ਕਰਕੇ ਇਸ ਸਮੁਦਾਇ ਨੂੰ ਖੁੱਲ੍ਹੇ ਤੌਰ 'ਤੇ ਪਾਰਟੀ ਨਾਲ ਜੋੜਿਆ ਗਿਆ।ਇਹ ਉਨ੍ਹਾਂ ਇਲਾਕਿਆਂ ਵਿੱਚ ਖੇਡ-ਪਲਟ ਸਾਬਤ ਹੋਇਆ ਜਿਥੇ ਸਮਾਜਿਕ ਤੌਰ 'ਤੇ ਵੱਖ-ਵੱਖ ਵਰਗ ਵਸਦੇ ਹਨ।ਉਧਰ, ਸੂਫੀ ਸੰਤ ਸਮਾਜ ਨਾਲ ਸੇਖਵਾਂ ਵੱਲੋਂ ਕੀਤੀ ਨਿਰੰਤਰ ਅਤੇ ਆਦਰਪੂਰਵਕ ਗੱਲਬਾਤ ਨੇ ਚੋਣ ਮਾਹੌਲ ਵਿੱਚ ਪਾਰਟੀ ਲਈ ਰੂਹਾਨੀ ਅਤੇ ਸਮਾਜਿਕ ਦੋਹੀਂ ਪੱਧਰਾਂ 'ਤੇ ਸਕਾਰਾਤਮਕ ਹਵਾਵਾਂ ਪੈਦਾ ਕੀਤੀਆਂ।ਪੰਥਕ ਜੁੜਾਓ ਮਜ਼ਬੂਤ ਕਰਨ ਲਈ ਸੇਖਵਾਂ ਵੱਲੋਂ ਤਰਨ ਤਾਰਨ ਜ਼ਿਲ੍ਹੇ ਦੇ ਕਈ ਗੁਰਦੁਆਰਿਆਂ ਅਤੇ ਡੇਰਿਆਂ ਦੇ ਦਰਸ਼ਨ ਵੀ ਕੀਤੇ ਗਏ, ਜਿਨ੍ਹਾਂ ਨੇ ਪਾਰਟੀ ਨੂੰ ਗੁਰਮਤਿ ਅਤੇ ਜਨਭਾਵਨਾ ਦੋਹੀਂ ਰੂਪਾਂ ਵਿੱਚ ਮਜ਼ਬੂਤ ਕੀਤਾ।ਇਸ ਤੋਂ ਇਲਾਵਾ ਪੰਜਾਬ ਰਾਈਸ ਮਿਲ ਐਸੋਸੀਏਸ਼ਨ, ਜਿਸਦਾ ਸੇਖਵਾਂ ਪਰਿਵਾਰ ਨਾਲ ਗਹਿਰਾ ਨਾਤਾ ਹੈ, ਨੇ ਵੀ ਖੁੱਲ੍ਹੇ ਤੌਰ 'ਤੇ ਆਮ ਆਦਮੀ ਪਾਰਟੀ ਨੂੰ ਸਮਰਥਨ ਦਿੱਤਾ ਜੋ ਕਿ ਇਲਾਕੇ ਦੇ ਅਰਥਕ ਸਤੰਭਾਂ ਵਲੋਂ ਇੱਕ ਵੱਡਾ ਸੁਨੇਹਾ ਮੰਨਿਆ ਗਿਆ।ਪਾਰਟੀ ਦੇ ਅੰਦਰੂਨੀ ਸਰੋਤ ਕਹਿੰਦੇ ਹਨ ਕਿ ਸੇਖਵਾਂ ਵੱਲੋਂ ਕੀਤੀ ਗਈ ਇਹ ਬਹੁ-ਸਤ੍ਰਗੀ ਮਿਹਨਤ ਨੇ ਤਰਨ ਤਾਰਨ ਵਿਚ ਆਪ ਦੀ ਜਿੱਤ ਲਈ ਵੱਡੇ ਪੱਧਰ 'ਤੇ ਅਧਾਰ ਤਿਆਰ ਕੀਤੇ।ਸ਼੍ਰੀ ਅਰਵਿੰਦ ਕੇਜਰੀਵਾਲ ਅਤੇ ਸ. ਭਗਵੰਤ ਮਾਨ ਮੁੱਖ ਮੰਤਰੀ ਦੀ ਅਗਵਾਈ ਹੇਠ ਜੁੜੀ ਇਹ ਸੂਝਵਾਂ ਰਣਨੀਤੀ 2027 ਦੀਆਂ ਚੋਣਾਂ ਲਈ ਵੀ ਇੱਕ ਮਜ਼ਬੂਤ ਰੋਡਮੈਪ ਵਜੋਂ ਵੇਖੀ ਜਾ ਰਹੀ ਹੈ।



# ਯਾਦਗਾਰੀ ਹੋ ਨਿੱਬੜਿਆ ਐਂਜਲਜ਼ ਪੈਰਾਡਾਈਜ਼ ਸਕੂਲ ਦਾ 'ਵਿਹੜਾ ਸ਼ਗਨਾਂ ਦਾ'

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਐਂਜਲਜ਼ ਪੈਰਾਡਾਈਜ਼ ਸਕੂਲ ਅਜਨਾਲਾ ਦਾ ਸਾਲਾਨਾ ਸਮਾਗਮ ਵਿਹੜਾ ਸ਼ਗਨਾਂ ਦਾ ਜੋ ਅਜਨਾਲਾ ਦੇ ਸੰਗਮ ਪੈਲੇਸ ਵਿੱਚ ਕਰਵਾਇਆ ਗਿਆ, ਦੇ ਮੁੱਖ ਪ੍ਰਬੰਧਕ ਅਤੇ ਸਕੂਲ ਦੇ ਐੱਮਡੀ ਪ੍ਰਦੀਪ ਕੁਮਾਰ ਬੰਟਾ ਅਤੇ ਸਕੂਲ ਦੇ ਪ੍ਰਿੰਸੀਪਲ ਪ੍ਰਿਅੰਕਾ ਅਰੋੜਾ ਦੀ ਅਗਵਾਈ ਵਿੱਚ ਕਰਵਾਇਆ ਗਿਆ। ਇਸ ਵਿੱਚ ਪਹੁੰਚੇ ਮੁੱਖ ਮਹਿਮਾਨ ਡਾਕਟਰ ਹਰਮਹਿੰਦਰ ਸਿੰਘ ਨਾਗਪਾਲ, ਹਰਤੇਜ ਹਸਪਤਾਲ ਵਾਲਿਆਂ ਨੇ ਸ਼ਮ੍ਹਾ ਰੌਸ਼ਨ ਕਰਕੇ ਸਮਾਰੋਹ ਦੀ ਰਸਮੀ ਸ਼ੁਰੂਆਤ ਕੀਤੀ। ਇਸ ਮੌਕੇ ਪੰਜਾਬ ਦੇ ਵਿਰਸੇ ਨੂੰ ਦਰਸਾਉਂਦੇ ਵਿਆਹ ਵਰਗੇ ਮਾਹੌਲ ਦੀ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਪੇਸ਼ਕਾਰੀ ਕੀਤੀ ਜਿਨ੍ਹਾਂ ਵਿੱਚ ਕਈ ਦਹਾਕੇ ਪਹਿਲਾਂ ਵਿਆਹ ਦੌਰਾਨ ਕੀਤੀਆਂ ਜਾਂਦੀਆਂ ਸਾਰੀਆਂ ਰਸਮਾਂ ਜੋ ਕਿ ਅੱਜ ਅਲੋਪ ਹੋ ਰਹੀਆਂ ਹਨ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸੱਜ ਧੱਜ ਕੇ ਨੱਚਦੇ ਗਾਉਂਦੇ ਹੋਏ ਨਾਨਕੇ ਮੇਲ ਦਾ ਵਿਆਹ ਵਾਲੇ ਘਰ 'ਚ ਪਹੁੰਚਣਾ, ਰਾਤ ਸਮੇਂ ਜਾਗੋ ਕੱਢਣੀ, ਵਿਆਹ ਵਾਲੇ ਦਿਨ ਗਿੱਧਾ, ਭੰਗੜਾ ਪਾਉਣਾ ਆਦਿ ਸ਼ਾਮਿਲ ਸੀ।

ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਪ੍ਰਿਅੰਕਾ ਅਰੋੜਾ ਨੇ ਸਾਲਾਨਾ ਰਿਪੋਰਟ ਪੇਸ਼ ਕਰਦਿਆਂ ਮਾਪਿਆਂ ਨੂੰ ਬੱਚਿਆਂ ਨਾਲ ਵੱਧ ਤੋਂ ਵੱਧ ਸਮਾਂ ਬਿਤਾਉਣ ਦੀ ਸਕੂਲ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਪ੍ਰਬੰਧਕ ਅਤੇ ਪ੍ਰਿੰਸੀਪਲ ਵੱਲੋਂ ਆਏ ਮੁੱਖ ਮਹਿਮਾਨ ਦਾ ਧੰਨਵਾਦ ਅਤੇ ਸਨਮਾਨਿਤ ਕੀਤਾ ਗਿਆ। ਇੱਥੇ ਇਹ ਵੀ ਦੱਸਣ ਯੋਗ ਹੈ ਕਿ ਇਹ ਸਕੂਲ ਵਿੱਚ ਬੱਚੇ ਜਦੋਂ ਘਰ ਤੋਂ ਵੈਨ ਵਿੱਚ ਬੈਠ ਕੇ ਸਕੂਲ ਆਉਂਦੇ ਹਨ ਅਤੇ ਸਕੂਲ ਤੋਂ ਘਰ ਜਾਂਦੇ ਹਨ ਤਾਂ ਉਨ੍ਹਾਂ ਨੂੰ ਗੁਰਬਾਣੀ ਸਿਮਰਨ ਦੇ ਨਾਲ ਜੋੜਿਆ ਜਾਂਦਾ ਹੈ ਅਤੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਵਾਇਆ ਜਾਂਦਾ ਹੈ ਜੋ ਕਿ ਇੱਕ ਬਹੁਤ ਹੀ ਵਧੀਆ ਉਪਰਾਲਾ ਹੈ।

ਇਸ ਮੌਕੇ ਅੰਮ੍ਰਿਤਾ ਬਰਾੜ ਫਾਊਂਡਰ ਡਾਇਰੈਕਟਰ ਸੰਨ ਸ਼ਾਈਨ ਜੂਨੀਅਰ ਸਕੂਲ, ਆਸ਼ਮਾ ਧਵਨ, ਸੁਰਿੰਦਰ ਅਰੋੜਾ, ਕਿਰਨ ਅਰੋੜਾ, ਆਦਿਲ ਅਰੋੜਾ, ਆਸ਼ਾ, ਅਮੀਸ਼ਾ ਸਰੀਨ, ਸੁਖਮਨ ਪ੍ਰੀਤ ਕੌਰ, ਰੂਬੀ ਸੁਨੈਨਾ, ਤਰਨਜੀਤ ਕੌਰ, ਕੁਲਵਿੰਦਰ ਕੌਰ ਅਤੇ ਮੁਸਕਾਨ ਹਾਜ਼ਰ ਸਨ।



# 10 ਕਿਲੋ ਹੈਰੋਇਨ ਤੇ ਅਸਲੇ ਸਮੇਤ ਨੌਜਵਾਨ ਕਾਬੂ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਡੇਰਾ ਬਾਬਾ ਨਾਨਕ ਪੁਲਸ ਵੱਲੋਂ ਬੀਐੱਸਐੱਫ ਦੇ ਨਾਲ ਚਲਾਏ ਸਾਂਝੇ ਸਰਚ ਅਭਿਆਨ ਦੌਰਾਨ ਡੇਰਾ ਬਾਬਾ ਨਾਨਕ ਨਜ਼ਦੀਕ ਖੇਤਾਂ ਵਿਚੋਂ 10 ਕਿਲੋ ਹੈਰੋਇਨ ਤੇ ਅਸਲੇ ਸਮੇਤ ਇਕ ਵਿਅਕਤੀ ਨੂੰ ਕਾਬੂ ਕਰਨ ਦੀ ਵੱਡੀ ਸਫਲਤਾ ਪ੍ਰਾਪਤ ਕੀਤੀ ਗਈ ਹੈ।ਫੜੇ ਗਏ ਦੋਸ਼ੀ ਦੀ ਪਹਿਚਾਣ ਕਰਨਦੀਪ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਭੱਲਾ ਕਲੋਨੀ ਅੰਮ੍ਰਿਤਸਰ ਵਜੋਂ ਹੋਈ ਹੈ।ਇਸ ਸੰਬੰਧੀ ਪੁਲਸ ਥਾਣਾ ਡੇਰਾ ਬਾਬਾ ਨਾਨਕ ਦੇ ਐੱਸਐੱਚਓ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਪੁਲਸ ਅਤੇ ਬੀਐੱਸਐੱਫ ਦੀ 113 ਬਟਾਲੀਅਨ ਵੱਲੋਂ ਕਸਬਾ ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਪੱਖੋਕੇ ਮਾਹਿਮਾਰਾਂ ਦੇ ਨਜ਼ਦੀਕ ਸਰਚ ਆਪ੍ਰੇਸ਼ਨ ਚਲਾਇਆ ਹੋਇਆ ਸੀ, ਇਸ ਦੌਰਾਨ ਇਕ ਨੌਜਵਾਨ ਨੂੰ ਕਾਬੂ ਕੀਤਾ ਗਿਆ। ਸ਼ੱਕ ਦੇ ਦੌਰਾਨ ਉਕਤ ਨੌਜਵਾਨ ਦੀ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਇੱਕ ਪਿਸਤੌਲ ਮੈਗਜ਼ੀਨ ਸਮੇਤ 1 ਜ਼ਿੰਦਾ ਰੋਂਦ, 1 ਮੋਬਾਇਲ ਫੋਨ ਅਤੇ 4210 ਰੁਪਏ ਭਾਰਤੀ ਕਰੰਸੀ ਡਰੱਗ ਮਨੀ ਤੇ 1 ਸਪਲੈਂਡਰ ਮੋਟਰਸਾਈਕਲ ਬਰਾਮਦ ਕੀਤਾ ਗਿਆ।ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਦੀ ਨਿਸ਼ਾਨਦੇਹੀ 'ਤੇ ਨਜ਼ਦੀਕੀ ਪਿੰਡ ਰੱਤੜ ਛੱਪੜ ਦੇ ਸੰਤੋਖ ਸਿੰਘ ਪੁੱਤਰ ਖਜਾਨ ਸਿੰਘ, ਜਿਸ ਦੀ ਜ਼ਮੀਨ ਸਤਪਾਲ ਸਿੰਘ ਪੁੱਤਰ ਪ੍ਰਤਾਪ ਸਿੰਘ ਵਾਸੀ ਰੱਤੜ ਛੱਤੜ ਨੇ ਠੇਕੇ 'ਤੇ ਲਈ ਹੋਈ ਹੈ, ਦੇ ਖੇਤਾਂ ਵਿਚ ਸਰਚ ਕਰਨ ਤੇ 10 ਕਿਲੋ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ।ਇਹ ਖੇਪ ਉਕਤ ਵਿਅਕਤੀ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਪਾਕਿਸਤਾਨ ਤੋਂ ਡਰੋਨ ਰਾਹੀਂ ਮੰਗਵਾਈ ਗਈ ਸੀ।ਐੱਸਐੱਚਓ ਅਸ਼ੋਕ ਸ਼ਰਮਾ ਨੇ ਦੱਸਿਆ ਕਿ ਪੁਲਸ ਵੱਲੋਂ ਉਕਤ ਵਿਅਕਤੀ ਖਿਲਾਫ ਥਾਣਾ ਡੇਰਾ ਬਾਬਾ ਨਾਨਕ ਵਿਖੇ ਮਾਮਲਾ ਦਰਜ ਕਰਕੇ ਉਸ ਦੇ ਬਾਕੀ ਸਾਥੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ।



# ਬੰਟੀ ਸ਼ਰਮਾ ਦੀ ਮਿਹਨਤ ਸਦਕਾ ਦਰਜਨਾਂ ਪਰਿਵਾਰ ਭਾਜਪਾ 'ਚ ਸ਼ਾਮਲ

**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਸ਼ਹਿਰ ਦੀ 9 ਨੰਬਰ ਵਾਰਡ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਉਸ ਵੇਲੇ ਭਰਵਾਂ ਸਿਆਸੀ ਹੁੰਗਾਰਾ ਮਿਲਿਆ ਜਦੋਂ ਬੰਟੀ ਸ਼ਰਮਾ ਦੀ ਮਿਹਨਤ ਸਦਕਾ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ 'ਚ ਕਾਂਗਰਸ ਦੇ ਦਰਜਨਾਂ ਪਰਿਵਾਰਾਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ।ਇਸ ਸਮੇਂ ਰਮਨ ਮਹਿਤਾ, ਦੀਪਕ ਮਹਿਤਾ, ਸਨੀ ਮਹਿਤਾ, ਸੈਮ, ਰੋਸ਼ਨ, ਸ਼ੀਲਾ ਦੇਵੀ, ਪ੍ਰੀਤੀ ਮਹਿਤਾ, ਮਾਹੀ ਮਹਿਤਾ, ਪੂਨਮ ਮਹਿਤਾ, ਨੀਲਮ ਮਹਿਤਾ, ਤਮੰਨਾ ਮਹਿਤਾ, ਅਮਰਜੀਤ ਕੌਰ, ਸਕਸ਼ਮ ਮਹਿਤਾ, ਦੀਕਸ਼ਾ, ਰੋਹਿਤ ਮਹਿਤਾ, ਕਮਲ ਮਹਿਤਾ, ਅਜੀਤ ਸਿੰਘ, ਸਰਵਣ ਸਿੰਘ, ਕੁਲਦੀਪ ਸਿੰਘ, ਜੋਤੀ ਸ਼ਰਮਾ, ਸਰਬਜੀਤ ਕੌਰ, ਮਨਦੀਪ ਕੌਰ, ਅਮਨਦੀਪ ਕੌਰ, ਬਲਵਿੰਦਰ ਕੌਰ ਤੇ ਅਨੂ ਸਮੇਤ ਦਰਜਨਾਂ ਪਰਿਵਾਰਾਂ ਨੂੰ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਲਈ ਜੀ ਆਇਆਂ ਆਖਦਿਆਂ ਲੋਕ ਸਭਾ ਅੰਮ੍ਰਿਤਸਰ ਦਿਹਾਤੀ ਦੇ ਇੰਚਾਰਜ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਣ ਵਾਲੇ ਹਰੇਕ ਵਿਅਕਤੀ ਦਾ ਮਾਨ-ਸਨਮਾਨ ਬਹਾਲ ਰੱਖਿਆ ਜਾਵੇਗਾ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਿਆਂ, ਗੈਂਗਸਟਰਵਾਦ ਅਤੇ ਬੇਰੁਜ਼ਗਾਰੀ ਤੋਂ ਮੁਕਤ ਕਰਵਾਉਣ ਲਈ 2027 'ਚ ਪੰਜਾਬ ਵਿਧਾਨ ਸਭਾ ਦੀ ਵਾਗਡੋਰ ਭਾਰਤੀ ਜਨਤਾ ਪਾਰਟੀ ਨੂੰ ਸੌਂਪਣ ਲਈ ਹੰਭਲਾ ਮਾਰਿਆ ਜਾਵੇ।

ਇਸ ਮੌਕੇ ਡਾ. ਅਵਤਾਰ ਕੌਰ ਅਜਨਾਲਾ, ਮਾਸਟਰ ਵਸਦੇਵ ਸ਼ਰਮਾਂ, ਕੌਂਸਲਰ ਵਿਕਰਮ ਬੇਦੀ, ਪ੍ਰਦੀਪ ਕੁਮਾਰ ਬੰਟਾ ਦੀਪੂ ਅਰੋੜਾ, ਦੀਪਕ ਸਰਪਾਲ ਮੈਡੀਕਲ ਵਾਲੇ, ਬੰਟੀ ਸ਼ਾਹ ਭਿੰਡੀਆਂ ਵਾਰਡ ਨੰ. ਧਰਮਿੰਦਰ ਸਿੰਘ, ਪ੍ਰਿੰਸ ਵਿਨੋਦ ਅਰੋੜਾ, ਵਿਸ਼ੂ ਵਿਜੇ ਬੀਕਾਨੇਰ ਵਾਲੇ, ਸੌਰਵ ਸਰੀਨ, ਕਸ਼ਮੀਰ ਸਿੰਘ ਕਾਕੂ, ਹਤਿੰਦਰ ਸਿੰਘ ਬੱਬਰ, ਲੱਕੀ ਬੇਦੀ ਅਤੇ ਵਿਪਨ ਕੁਮਾਰ ਖੱਤਰੀ ਆਦਿ ਹਾਜ਼ਰ ਸਨ।



# 'ਅੰਮ੍ਰਿਤਸਰ ਨੂੰ ਸਾਫ਼-ਸੁਥਰਾ ਤੇ ਭ੍ਰਿਸ਼ਟਾਚਾਰ ਮੁਕਤ ਬਣਾਵੇ ਨਗਰ ਨਿਗਮ'

**ਛੇਹਰਟਾ (ਮਨੋਜ ਕੁਮਾਰ)**- ਕਲੀਨ ਅੰਮ੍ਰਿਤਸਰ ਗ੍ਰੀਨ ਅੰਮ੍ਰਿਤਸਰ ਸੇਵਾ ਸੁਸਾਇਟੀ ਦੇ ਚੀਫ ਕੁਆਡੀਨੇਟਰ ਵਰਿੰਦਰ ਸਿੰਘ ਨੇ 'ਕਲੀਨ ਅੰਮ੍ਰਿਤਸਰ, ਗ੍ਰੀਨ ਅੰਮ੍ਰਿਤਸਰ' ਮੁਹਿੰਮ ਦੌਰਾਨ ਨਗਰ ਨਿਗਮ ਅੰਮ੍ਰਿਤਸਰ ਕਮਿਸ਼ਨਰ, ਮੇਅਰ, ਅਧਿਕਾਰੀਆਂ ਤੇ ਸ਼ਹਿਰ ਦੇ ਕੌਂਸਲਰਾਂ ਨੂੰ ਅਪੀਲ ਕੀਤੀ ਕਿ ਉਹ ਇੱਕਜੁੱਟ ਹੋ ਕੇ ਅੰਮ੍ਰਿਤਸਰ ਨੂੰ ਸਾਫ਼-ਸੁਥਰਾ ਤੇ ਭ੍ਰਿਸ਼ਟਾਚਾਰ ਮੁਕਤ ਬਣਾਉਣ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਵਿਚ ਸੁਸਾਇਟੀ ਨਗਰ ਨਿਗਮ ਨੂੰ ਪੂਰਨ ਸਹਿਯੋਗ ਦੇਵੇਗੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਸੁਸਾਇਟੀ ਵੱਲੋਂ 'ਕਲੀਨ ਅੰਮ੍ਰਿਤਸਰ, ਗ੍ਰੀਨ ਅੰਮ੍ਰਿਤਸਰ' ਮੁਹਿੰਮ ਉਦੋਂ ਸ਼ੁਰੂ ਕੀਤੀ ਗਈ ਸੀ ਜਦੋਂ ਅੰਮ੍ਰਿਤਸਰ ਵਿਚ ਕੋਈ ਕਾਰਪੋਰੇਸ਼ਨ ਨਹੀਂ ਸੀ ਤੇ ਨਾ ਹੀ ਕੋਈ ਕੌਂਸਲਰ ਸੀ। ਫਿਰ ਕਲੀਨ ਅੰਮ੍ਰਿਤਸਰ ਗ੍ਰੀਨ ਅੰਮ੍ਰਿਤਸਰ ਸੇਵਾ ਸੁਸਾਇਟੀ ਨੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਦੇ ਸਹਿਯੋਗ ਨਾਲ ਇਸ ਮੁਹਿੰਮ ਤਹਿਤ ਆਮ ਜਨਤਾ ਦੇ 90 ਫ਼ੀਸਦੀ ਕੰਮ ਕਰਵਾਏ। 'ਕਲੀਨ ਅੰਮ੍ਰਿਤਸਰ, ਗ੍ਰੀਨ ਅੰਮ੍ਰਿਤਸਰ' ਮੁਹਿੰਮ ਹਰ ਖੇਤਰ ਵਿਚ ਪੁੱਜੀ। ਅਧਿਕਾਰੀਆਂ ਤੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਨਾਲ ਲੈ ਕੇ ਇਹ ਜਾਗਰੂਕਤਾ ਮੁਹਿੰਮ ਹਰ ਗਲੀ ਤੇ ਮੁਹੱਲੇ ਵਿਚ ਪੁੱਜੀ ਅਤੇ ਆਮ ਜਨਤਾ ਦੇ ਕੰਮਾਂ ਨੂੰ ਸਰਕਾਰੀ ਪ੍ਰਣਾਲੀ ਵਿਚ ਲਿਆਂਦਾ ਗਿਆ। ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵਿਧਾਨ ਸਭਾ ਵਿਚ ਉਨ੍ਹਾਂ ਕੰਮਾਂ ਬਾਰੇ ਆਪਣੀ ਆਵਾਜ਼ ਬੁਲੰਦ ਕੀਤੀ, ਜਿਨ੍ਹਾਂ ਵਿਚ ਅਧਿਕਾਰੀਆਂ ਨੇ ਆਪਣੇ ਹੱਥ ਖੜ੍ਹੇ ਕਰ ਦਿੱਤੇ ਸਨ। ਵਰਿੰਦਰ ਸਿੰਘ ਨੇ ਕਿਹਾ ਕਿ ਅੱਜ ਅੰਮ੍ਰਿਤਸਰ ਵਿਚ ਮਜ਼ਬੂਤ ਨਿਗਮ ਹੈ, ਜਨਤਾ ਦੁਆਰਾ ਚੁਣੇ ਗਏ 85 ਕੌਂਸਲਰ ਹਨ, ਜਿਨ੍ਹਾਂ ਵਿਚ ਇਕ ਮੇਅਰ, ਡਿਪਟੀ ਮੇਅਰ ਤੇ ਸੀਨੀਅਰ ਡਿਪਟੀ ਮੇਅਰ ਵੀ ਹੈ। ਉਨ੍ਹਾਂ ਅਧੀਨ ਕੰਮ ਕਰਨ ਵਾਲੇ ਅਧਿਕਾਰੀਆਂ ਦੀ ਵੱਡੀ ਟੀਮ ਹੈ। ਸੁਸਾਇਟੀ ਦੀ ਅੰਮ੍ਰਿਤਸਰ ਕਾਰਪੋਰੇਸ਼ਨ ਨੂੰ ਸਿਰਫ਼ ਇਕ ਹੀ ਬੇਨਤੀ ਹੈ ਕਿ ਉਹ ਇੱਕਜੁੱਟ ਹੋ ਕੇ ਅੰਮ੍ਰਿਤਸਰ ਨੂੰ ਸਾਫ਼-ਸੁਥਰਾ ਤੇ ਭ੍ਰਿਸ਼ਟਾਚਾਰ ਮੁਕਤ ਬਣਾਵੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਿਗਮ ਤੇ ਚੁਣੇ ਹੋਏ ਨੁਮਾਇੰਦਿਆਂ ਤੋਂ ਬਹੁਤ ਉਮੀਦਾਂ ਹਨ। ਉਨ੍ਹਾਂ ਕਿਹਾ ਕਿ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਇਸ ਰਸਤੇ 'ਤੇ ਇਕੱਲੇ ਹੀ ਸ਼ੁਰੂਆਤ ਕੀਤੀ ਸੀ ਅਤੇ ਆਮ ਲੋਕਾਂ ਦੀ ਆਵਾਜ਼ ਬਣ ਕੇ 90 ਫ਼ੀਸਦੀ ਕੰਮ ਕਰਵਾਇਆ ਸੀ। ਉਨ੍ਹਾਂ ਨਿਗਮ ਦੇ ਅਹੁਦੇਦਾਰਾਂ ਤੇ ਕੌਂਸਲਰਾਂ ਨੂੰ ਅਪੀਲ ਕੀਤੀ ਕਿ ਉਹ ਵੀ ਆਮ ਲੋਕਾਂ ਦੀ ਆਵਾਜ਼ ਬਣਨ, ਉਨ੍ਹਾਂ ਨੂੰ ਮਿਲਣ ਤੇ ਅਧਿਕਾਰੀਆਂ ਤੋਂ ਲੋਕਾਂ ਦੇ ਕੰਮ ਕਰਵਾਉਣ। ਇਸ ਮੌਕੇ ਉਨ੍ਹਾਂ ਨਾਲ ਅੰਕੁਰ ਦੇਵਰਾਜ, ਰਵੀ ਸ਼ਰਮਾ, ਪੰਕਜ ਸਹਿਗਲ ਤੇ ਸਤਨਾਮ ਸਿੰਘ ਵੀ ਮੌਜੂਦ ਸਨ।



# ਨੌਜਵਾਨ ਦੀ ਸ਼ੱਕੀ ਹਾਲਤ ਵਿੱਚ ਲਾਸ਼ ਮਿਲੀ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਕਸਬਾ ਡੇਰਾ ਬਾਬਾ ਨਾਨਕ ਵਿਖੇ ਦੇਰ ਸ਼ਾਮ ਇੱਕ 28 ਸਾਲਾ ਨੌਜਵਾਨ ਦੀ ਸ਼ੱਕੀ ਹਾਲਤ ਵਿੱਚ ਲਾਸ਼ ਮਿਲੀ ਹੈ।ਮ੍ਰਿਤਕ ਨੌਜਵਾਨ ਕਸਬਾ ਡੇਰਾ ਬਾਬਾ ਨਾਨਕ ਦਾ ਵਸਨੀਕ ਦੱਸਿਆ ਜਾ ਰਿਹਾ ਹੈ।ਇਸ ਮੌਕੇ ਪੁੱਜੇ ਡੀਐੱਸਪੀ ਜੋਗਾ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਵੱਲੋਂ ਡੇਰਾ ਬਾਬਾ ਨਾਨਕ ਪੁਲਸ ਨੂੰ ਸੂਚਨਾ ਦਿੱਤੀ ਸੀ ਕਿ ਉਨ੍ਹਾਂ ਦਾ ਪੁੱਤਰ ਲਵਪ੍ਰੀਤ ਸਿੰਘ (28) ਪੁੱਤਰ ਮਨਜੀਤ ਸਿੰਘ ਵਾਸੀ ਮੁਹੱਲਾ ਬਾਜੀ ਡੇਰਾ ਬਾਬਾ ਨਾਨਕ ਜੋ ਸ਼ੁੱਕਰਵਾਰ ਰਾਤ ਤੋਂ ਹੀ ਘਰੋਂ ਲਾਪਤਾ ਹੈ। ਪਰਿਵਾਰ ਵੱਲੋਂ ਪੁਲਸ ਨੂੰ ਸੂਚਨਾ ਦਿੱਤੀ ਗਈ ਕਿ ਲਵਪ੍ਰੀਤ ਸਿੰਘ ਦੀ ਲਾਸ਼ ਕਰਤਾਰਪੁਰ ਕੋਰੀਡੋਰ ਨਜ਼ਦੀਕ ਬਣੇ ਪੁਰਾਣੇ ਗੇਟ ਉਪਰ ਪਈ ਹੋਈ ਹੈ।ਪੁਲਸ ਵੱਲੋਂ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਤਫਤੀਸ਼ ਸ਼ੁਰੂ ਕਰ ਦਿੱਤੀ ਗਈ ਹੈ ਤੇ ਪੋਸਟਮਾਰਟਮ ਲਈ ਬਟਾਲਾ ਵਿਖੇ ਭੇਜ ਦਿੱਤਾ ਗਿਆ ਹੈ।ਪੱਤਰਕਾਰ ਨਾਲ ਗੱਲਬਾਤ ਕਰਦੇ ਹੋਏ ਮ੍ਰਿਤਕ ਨੌਜਵਾਨ ਦੀ ਮਾਤਾ ਤੇ ਜੀਜਾ ਅਖਤਿਆਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਲੜਕੇ ਲਵਪ੍ਰੀਤ ਸਿੰਘ ਨੂੰ ਡੇਰਾ ਬਾਬਾ ਨਾਨਕ ਦਾ ਇੱਕ ਨੌਜਵਾਨ ਗੈਸ ਏਜੰਸੀ ਵਿੱਚੋਂ ਨਾਲ ਲੈ ਕੇ ਆਇਆ ਸੀ।ਉਨ੍ਹਾਂ ਪੁਲਸ ਦੇ ਉਚ ਅਧਿਕਾਰੀਆਂ ਕੋਲੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਬਰੀਕੀ ਨਾਲ ਜਾਂਚ ਕੀਤੀ ਜਾਵੇ ਤਾਂ ਕਿ ਸਾਡੇ ਪੁੱਤਰ ਦੀ ਮੌਤ ਦੇ ਕਾਰਨਾਂ ਦਾ ਪਤਾ ਲੱਗ ਸਕੇ ਤੇ ਸਾਨੂੰ ਇਨਸਾਫ ਮਿਲ ਸਕੇ।



# ਯੂਨੀਅਨ ਬੈਂਕ ਨੇ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਕੀਤੀ ਆਲੋਚਨਾ

**ਜਲੰਧਰ (ਰਾਜੇਸ਼ ਥਾਪਾ)** ਯੂਨੀਅਨ ਬੈਂਕ ਸਟਾਫ਼ ਯੂਨੀਅਨ ਦੀ 10ਵੀਂ ਤ੍ਰੈ-ਸਾਲਾਨਾ ਕਾਨਫਰੰਸ ਹੋਟਲ ਦਿ ਰਾਇਲ ਕੋਰਟ ਜਲੰਧਰ ਵਿਖੇ ਹੋਈ।ਕਾਨਫਰੰਸ ਵਿੱਚ ਪੰਜਾਬ ਅਤੇ ਜੰਮੂ-ਕਸ਼ਮੀਰ ਰਾਜਾਂ ਦੇ 250 ਤੋਂ ਵੱਧ ਡੈਲੀਗੇਟਾਂ ਨੇ ਸ਼ਿਰਕਤ ਕੀਤੀ। ਕਾਨਫਰੰਸ ਦਾ ਉਦਘਾਟਨ ਕਾਮਰੇਡ ਐਨ ਸ਼ੰਕਰ, ਮੀਤ ਪ੍ਰਧਾਨ ਆਲ ਇੰਡੀਆ ਬੈਂਕ ਇਮਪੰਲਾਈਜ ਐਸੋਸ਼ੀਏਸ਼ਨ ਅਤੇ ਜਨਰਲ ਸਕੱਤਰ ਆਲ ਇੰਡੀਆ ਯੂਨੀਅਨ ਬੈਂਕ ਇਪੰਲਾਈਜ਼ ਐਸੋਸੀਏਸ਼ਨ ਦੁਆਰਾ ਕੀਤਾ ਗਿਆ।

ਕਾਨਫਰੰਸ ਨੇ ਪੰਜਾਬ ਰਾਜ ਦੇ ਨਾਲ-ਨਾਲ ਦੇਸ਼ ਵਿੱਚ ਆਰਥਿਕਤਾ, ਰਾਜਨੀਤੀ, ਬੈਂਕਿੰਗ ਅਤੇ ਸਮਾਜਿਕ ਵਿਕਾਸ ਦੇ ਖੇਤਰਾਂ ਵਿੱਚ ਪ੍ਰਚਲਿਤ ਸਥਿਤੀ ਦਾ ਜਾਇਜ਼ਾ ਲਿਆ। ਬੈਂਕਿੰਗ ਸੁਧਾਰਾਂ ਲਈ ਨੀਤੀਆਂ ਤਿਆਰ ਕਰਨ ਦੇ ਨਾਂ 'ਤੇ ਸਰਕਾਰ ਦੇ ਨਜ਼ਰੀਏ ਨੂੰ ਦੇਖਦੇ ਹੋਏ, ਕਾਨਫਰੰਸ ਨੇ ਆਪਣੀ ਚਿੰਤਾ ਪ੍ਰਗਟਾਈ। ਜਦੋਂ ਪਬਲਿਕ ਸੈਕਟਰ ਬੈਂਕ ਅਜੇ ਵੀ 2020 ਵਿੱਚ ਕੀਤੇ ਗਏ ਬੈਂਕਾਂ ਦੇ ਰਲੇਵੇਂ ਕਾਰਨ ਪੈਦਾ ਹੋਈ ਸਥਿਤੀ ਨਾਲ ਨਜਿੱਠ ਰਹੇ ਹਨ ਅਤੇ ਆਪਣੇ ਆਪ ਨੂੰ ਵਿਕਾਸ ਦੇ ਰਾਹ 'ਤੇ ਪਾਉਣ ਲਈ ਮੁੱਦਿਆਂ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਸਰਕਾਰ ਦੁਆਰਾ ਰਲੇਵੇਂ ਦਾ ਇੱਕ ਹੋਰ ਦੌਰ ਸਿਰਫ ਉਨ੍ਹਾਂ ਨੂੰ ਕਮਜ਼ੋਰ ਕਰੇਗਾ ਕਿਉਂਕਿ ਉਹ ਪਹਿਲਾਂ ਹੀ ਮਾਰਕੀਟ ਹਿੱਸੇਦਾਰੀ ਗੁਆ ਚੁੱਕੇ ਹਨ ਅਤੇ ਆਕਾਰ ਵਿੱਚ ਸੁੰਗੜ ਗਏ ਹਨ, ਜਿਸ ਨਾਲ ਅੰਤ ਵਿੱਚ ਆਰਥਿਕਤਾ ਅਤੇ ਇਸਦਾ ਵਿਕਾਸ ਪ੍ਰਭਾਵਿਤ ਹੋਵੇਗਾ। ਕਾਨਫਰੰਸ ਦੀ ਪ੍ਰਧਾਨਗੀ ਕਾਮਰੇਡ ਬਲਵੰਤ ਰਾਏ ਨੇ ਕੀਤੀ ਅਤੇ ਕਾਰਵਾਈ ਪ੍ਰਵੀਨ ਅਗਰਵਾਲ ਦੁਆਰਾ ਕੀਤੀ ਗਈ।

ਕਾਨਫਰੰਸ ਦੀ ਸਫਲਤਾ ਯਕੀਨੀ ਬਣਾਉਣ ਲਈ ਆਰ ਕੇ ਜੌਲੀ, ਜੀਐਸ ਮੌਜੂਦ ਸਨ। ਯੂਕੋ ਬੈਂਕ ਯੂਨੀਅਨ, ਬੀ ਓ ਬੀ ਯੂਨੀਅਨ, ਸੀ ਬੀ ਆਈ ਬੈਂਕ ਯੂਨੀਅਨ, ਕੈਨਰਾ ਬੈਂਕ ਯੂਨੀਅਨ ਦੇ ਆਗੂਆਂ ਨੇ ਵੀ ਸ਼ਿਰਕਤ ਕੀਤੀ ਅਤੇ ਕਾਨਫਰੰਸ ਨੂੰ ਵਧਾਈ ਦਿੱਤੀ।




# ਪੁਰਾਣਾ ਬੱਸ ਅੱਡਾ ਗੁਰਦਾਸਪੁਰ ਦੀ ਖਾਲੀ ਪਈ ਜਗ੍ਹਾ ਨੂੰ ਵਰਤੋਂ 'ਚ ਲਿਆਉਣ ਦੀ ਮੰਗ

**ਗੁਰਦਾਸਪੁਰ (ਜਨਕ ਮਹਾਜਨ)**- ਸ਼ਹਿਰ ਵਿਚਕਾਰ ਪੈਂਦੇ ਪੁਰਾਣੇ ਬੱਸ ਅੱਡੇ ਗੁਰਦਾਸਪੁਰ ਦੀ ਖਾਲੀ ਪਈ ਜਗ੍ਹਾ ਦੀ ਵਰਤੋਂ ਨਾ ਹੋਣ ਕਾਰਨ ਸ਼ਹਿਰ ਵਾਸੀਆਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਪ੍ਰਤੀ ਭਾਰੀ ਰੋਸ ਪਾਇਆ ਜਾ ਰਿਹਾ ਹੈ। ਸ਼ਹਿਰ ਦੇ ਕੁਝ ਸਮਾਜ ਸੇਵੀ ਵਰਕਰਾਂ ਦਾ ਕਹਿਣਾ ਹੈ ਕਿ ਇਸ ਖਾਲੀ ਜਗ੍ਹਾ ਦੀ ਵਰਤੋਂ ਕਰਕੇ ਸ਼ਹਿਰ ਵਾਸੀਆਂ ਨੂੰ ਰਾਹਤ ਦਿੱਤੀ ਜਾਵੇ। ਲੋਕਾਂ ਦੱਸਿਆ ਕਿ ਇਸ ਖਾਲੀ ਜਗ੍ਹਾ ਦੀ ਕਈ ਕੰਮਾਂ ਲਈ ਵਰਤੋਂ ਕੀਤੀ ਜਾ ਸਕਦੀ ਹੈ ਜਿਸ ਨਾਲ ਲੋਕਾਂ ਨੂੰ ਕਾਫ਼ੀ ਲਾਭ ਮਿਲ ਸਕਦਾ ਹੈ। ਉਨ੍ਹਾਂ ਕਿਹਾ ਸ਼ਹਿਰ ਅੰਦਰ ਭੀੜ ਭੜੱਕੇ ਨੂੰ ਘੱਟ ਕਰਨ ਲਈ ਇਸ ਜਗ੍ਹਾ 'ਤੇ ਰੇਹੜੀ ਮਾਰਕੀਟ ਬਣਾਈ ਜਾ ਸਕਦੀ ਹੈ।ਉਨ੍ਹਾਂ ਕਿਹਾ ਇਸ ਨਾਲ ਥਾਂ-ਥਾਂ 'ਤੇ ਲੱਗੀਆਂ ਰੇਹੜੀਆਂ ਇਕ ਜਗ੍ਹਾ 'ਤੇ ਇਕੱਠੀਆਂ ਹੋ ਜਾਣਗੀਆਂ ਜਿਸ ਦਾ ਲੋਕਾਂ ਨੂੰ ਵੀ ਕਾਫ਼ੀ ਫਾਇਦਾ ਮਿਲੇਗਾ।ਵਰਣਨਯੋਗ ਹੈ ਕਿ ਕੁਝ ਸਮਾਂ ਪਹਿਲਾਂ ਪ੍ਰਸ਼ਾਸਨ ਵੱਲੋਂ ਮੇਹਰ ਚੰਦ ਰੋਡ ਸਥਿਤ ਚੰਦਨ ਪੈਲੇਸ ਸਾਹਮਣੇ ਸਬਜ਼ੀ ਰੇਹੜੀ ਦੀ ਮਾਰਕੀਟ ਲਈ ਜਗ੍ਹਾ ਨਿਰਧਾਰਿਤ ਕੀਤੀ ਗਈ ਸੀ ਪਰ ਸ਼ਹਿਰ ਤੋਂ ਦੂਰ ਹੋਣ ਕਰਕੇ ਨਾ ਤਾਂ ਰੇਹੜੀ ਵਾਲੇ ਉਥੇ ਗਏ ਅਤੇ ਨਾ ਹੀ ਸਬਜ਼ੀ ਦੇ ਖ਼ਰੀਦਦਾਰ ਉਥੇ ਜਾਣ ਲਈ ਖੁਸ਼ ਸਨ।ਇਸ ਲਈ ਉਸ ਜਗ੍ਹਾ ਦਾ ਪਲੈਨ ਫੇਲ੍ਹ ਹੋ ਗਿਆ।ਇਸ ਖ਼ਾਲੀ ਜਗ੍ਹਾ 'ਤੇ ਸ਼ਹਿਰ ਅੰਦਰ ਟਰੈਫ਼ਿਕ ਦੇ ਰਸ਼ ਨੂੰ ਘੱਟ ਕਰਨ ਲਈ ਫਾਸਟ ਫੂਡ ਦੀਆਂ ਰੇਹੜੀਆਂ ਵੀ ਲਗਾਈਆਂ ਜਾ ਸਕਦੀਆਂ ਹਨ ਜਿਸ ਨਾਲ ਹਨੂੰਮਾਨ ਚੌਕ, ਲਾਇਬ੍ਰੇਰੀ ਰੋਡ, ਨਹਿਰੂ ਪਾਰਕ, ਜੀ. ਟੀ. ਰੋਡ ਮੰਡੀ, ਦੋਰਾਂਗਲਾ ਰੋਡ, ਕਾਹਨੂੰਵਾਨ ਚੌਕ ਵਿਚ ਫਾਸਟ ਫੂਡ ਦੀਆਂ ਰੇਹੜੀਆਂ ਦੇ ਕਾਰਨ ਲਗਦੇ ਜਾਮ ਨੂੰ ਖ਼ਤਮ ਕੀਤਾ ਜਾ ਸਕਦਾ ਹੈ। ਇਸ ਦੋਵੇਂ ਰੋਜ਼ਗਾਰ ਪੁਰਾਣੇ ਬੱਸ ਅੱਡੇ ਵਾਲੀ ਖਾਲੀ ਪਈ ਜਗ੍ਹਾ 'ਤੇ ਸ਼ਿਫਟ ਕਰਕੇ ਟਰੈਫ਼ਿਕ ਦਾ ਮਸਲਾ ਕਾਫ਼ੀ ਹੱਦ ਤੱਕ ਦੂਰ ਹੋ ਜਾਵੇਗਾ। ਸ਼ਹਿਰ ਦੇ ਕੁਝ ਲੋਕਾਂ ਦਾ ਸੁਝਾਅ ਦਿੱਤਾ ਕਿ ਜ਼ਿਲ੍ਹਾ ਪ੍ਰਸ਼ਾਸਨ ਨੂੰ ਫਲ, ਸਬਜ਼ੀ, ਫਾਸਟ ਫੂਡ ਆਦਿ ਦੀਆਂ ਰੇਹੜੀਆਂ ਪੁਰਾਣੇ ਬੱਸ ਅੱਡੇ ਦੀ ਖ਼ਾਲੀ ਜਗ੍ਹਾ 'ਤੇ ਲਗਵਾ ਦੇਣੀਆਂ ਚਾਹੀਦੀਆਂ ਹਨ ਅਤੇ ਸ਼ਹਿਰ ਵਿਚ ਕਿਸੇ ਕਿਸਮ ਦੀ ਰੇਹੜੀ ਆਦਿ ਦੇ ਲੱਗਣ 'ਤੇ ਪਾਬੰਦੀ ਲਗਾਈ ਜਾਵੇ ਅਤੇ ਇਸ ਜਗ੍ਹਾ ਦੇ ਰੱਖ-ਰਖਾਵ ਲਈ ਨਾ-ਮਾਤਰ ਕਿਰਾਇਆ ਆਦਿ ਲਗਾ ਦੇਣਾ ਚਾਹੀਦਾ ਹੈ।



# ਏਡੀਸੀ ਡਾ. ਬੇਦੀ ਨੇ ਕਾਦੀਆਂ ਸ਼ਹਿਰ ਵਿੱਚ ਸਫ਼ਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ

ਬਟਾਲਾ (ਡਾ. ਮਲਵਿੰਦਰ ਸਿੰਘ)-ਡਾ. ਹਰਜਿੰਦਰ ਸਿੰਘ ਬੇਦੀ ਵਧੀਕ ਡਿਪਟੀ ਕਮਿਸ਼ਨਰ (ਜ) ਗੁਰਦਾਸਪੁਰ ਵੱਲੋਂ ਕਾਦੀਆਂ ਸ਼ਹਿਰ ਦੇ ਸਫਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ ਅਤੇ ਮੌਕੇ 'ਤੇ ਸਬੰਧਤ ਅਧਿਕਾਰੀਆਂ ਨੂੰ ਸ਼ਹਿਰ ਨੂੰ ਸਾਫ਼-ਸੁਥਰਾ ਤੇ ਸੁੰਦਰ ਰੱਖਣ ਲਈ ਸਖ਼ਤ ਹਦਾਇਤ ਕੀਤੀ।ਉਨ੍ਹਾਂ ਨਗਰ ਕੌਂਸਲ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਸ਼ਹਿਰ ਅੰਦਰ ਸਾਫ਼-ਸਫਾਈ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇ ਅਤੇ ਕੂੜੇ ਦੇ ਢੇਰਾਂ ਨੂੰ ਨਾਲ ਦੀ ਨਾਲ ਚੁੱਕਣ ਨੂੰ ਯਕੀਨੀ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਸਫਾਈ ਵਿਵਸਥਾ ਵਿੱਚ ਕਿਸੇ ਕਿਸਮ ਦੀ ਕੋਈ ਢਿੱਲਮੱਠ ਬਰਦਾਸ਼ਤ ਨਹੀਂ ਕੀਤੀ ਜਾਵੇਗੀ ਅਤੇ ਅਣਗਹਿਲੀ ਵਰਤਣ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਹਰ ਸਾਲ ਅਹਿਮਦੀਆ ਮੁਸਲਿਮ ਕਮਿਊਨਿਟੀ ਕਾਦੀਆਂ ਵੱਲੋਂ ਸਾਲਾਨਾ ਜਲਸਾ ਕਰਵਾਇਆ ਜਾਂਦਾ ਹੈ, ਜਿਸ ਵਿਚ ਵੱਡੀ ਗਿਣਤੀ ਵਿੱਚ ਲੋਕ ਸ਼ਿਰਕਤ ਕਰਦੇ ਹਨ।ਇਸ ਲਈ ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਕੋਈ ਢਿੱਲਮੱਠ ਨਾ ਵਰਤੀ ਜਾਵੇ।ਉਨ੍ਹਾਂ ਨਾਲ ਹੀ ਸ਼ਹਿਰ ਵਾਸੀਆਂ ਅਤੇ ਦੁਕਾਨਦਾਰਾਂ ਨੂੰ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਅਲੱਗ-ਅਲੱਗ ਗਿੱਲਾ ਅਤੇ ਸੁੱਕਾ ਕੂੜਾ ਇਕੱਠਾ ਕਰਕੇ ਸਫਾਈ ਸੇਵਕਾਂ ਨੂੰ ਦਿੱਤਾ ਜਾਵੇ।ਦੁਕਾਨਦਾਰ ਆਪਣੀਆਂ ਦੁਕਾਨਾਂ ਵਿੱਚ ਡਸਟਬੀਨ ਰੱਖਣ ਨੂੰ ਯਕੀਨੀ ਬਣਾਉਣ।ਇਸ ਤੋਂ ਇਲਾਵਾ ਜੇਕਰ ਕਿਸੇ ਵੀ ਸ਼ਹਿਰ ਵਾਸੀ ਨੂੰ ਸਫ਼ਾਈ ਆਦਿ ਸਬੰਧੀ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ ਤਾਂ ਨਗਰ ਕੌਂਸਲ ਦਫਤਰ ਵਿਖੇ ਸੰਪਰਕ ਕਰਨ।



# ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ ਵਿਖੇ ਕਰਵਾਇਆ ਅੰਮ੍ਰਿਤ ਸੰਚਾਰ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਤੇਗ ਬਹਾਦਰ ਸਾਹਿਬ ਅਤੇ ਭਾਈ ਮਤੀ ਦਾਸ ਭਾਈ ਸਤੀ ਦਾਸ ਜੀ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਇਤਿਹਾਸਕ ਗੁਰਦੁਆਰਾ ਸ਼੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਅੰਮ੍ਰਿਤ ਸੰਚਾਰ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਆਏ ਪੰਜ ਪਿਆਰਿਆਂ ਦੁਆਰਾ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ 28 ਪ੍ਰਾਣੀ ਗੁਰੂ ਵਾਲੇ ਬਣੇ। ਇਸ ਮੌਕੇ ਅੰਮ੍ਰਿਤ ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ ਵਲੋਂ ਕਕਾਰ ਭੇਟਾ ਰਹਿਤ ਦਿੱਤੇ ਗਏ। ਇਸ ਮੌਕੇ ਸਮਾਗਮ ਦੌਰਾਨ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦੇ ਰਸਭਿੰਨਾ ਕੀਰਤਨ ਕੀਤਾ। ਗੁਰਦੁਆਰਾ ਬੁਰਜ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ ਕਲੇਰ ਨੇ ਗੁਰਬਾਣੀ ਕਥਾ ਵਿਚਾਰਾਂ ਅਤੇ ਗੁਰਮਤਿ ਵਿਚਾਰਾਂ ਕਰਦਿਆਂ ਸੰਗਤ ਨੂੰ ਕਰਮ ਕਾਂਡਾਂ ਅਤੇ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲੱਗ ਕੇ ਗੁਰੂ ਜੀ ਦੀਆਂ ਸਿੱਖਿਆਵਾਂ ਅਨੁਸਾਰ ਜੀਵਨ ਬਤੀਤ ਕਰਨ ਦਾ ਉਪਦੇਸ ਦਿੱਤਾ। ਇਸ ਮੌਕੇ ਸਮਾਗਮ ਵਿੱਚ ਗੁਰਦੁਆਰਾ ਸਾਹਿਬ ਦੇ ਮੈਨੇਜਰ ਰਣਜੀਤ ਸਿੰਘ ਕਲਿਆਣਪੁਰ, ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਜਸਬੀਰ ਕੌਰ ਜਫਰਵਾਲ, ਬਾਬਾ ਗੁਰਦੇਵ ਸਿੰਘ ਕਲਿਆਣਪੁਰ,ਹਰਮਨਦੀਪ ਸਿੰਘ,ਪ੍ਰਚਾਰਕ ਜਗਰੂਪ ਸਿੰਘ ਕਲਿਆਣਪੁਰ, ਗੁਰਵਿੰਦਰ ਸਿੰਘ ਵੜੈਚ, ਹਰਪ੍ਰੀਤ ਸਿੰਘ ਸਟੋਰ ਕੀਪਰ, ਸੰਦੀਪ ਸਿੰਘ ਆਦਿ ਤੋਂ ਇਲਾਵਾ ਇਲਾਕੇ ਦੀਆਂ ਸੰਗਤਾਂ ਸ਼ਾਮਲ ਸਨ।

17 Nov Page 12.qxd 11/16/2025 10:50 PM Page 1



## ਇਨੋਸੈਂਟ ਹਾਰਟਸ ਦਾ ਸਾਲਾਨਾ ਸਮਾਗਮ ਸੰਪੰਨ

**ਜਲੰਧਰ (ਸ਼ੈਲੀ ਐਲਬਰਟ)**- ਬੌਰੀ ਮੈਮੋਰੀਅਲ ਐਜੂਕੇਸ਼ਨਲ ਐਂਡ ਮੈਡੀਕਲ ਟਰਸਟ ਦੇ ਤਹਿਤ 'ਦਿਸ਼ਾ-ਐਨ ਇਨੀਸ਼ੀਏਟਿਵ' ਅਧੀਨ ਇਨੋਸੈਂਟ ਹਾਰਟਸ ਸਕੂਲ ਗ੍ਰੀਨ ਮਾਡਲ ਟਾਊਨ ਵਿੱਚ ਸਾਲਾਨਾ ਇਨਾਮ ਵੰਡ



ਸਮਾਗਮ 'ਬੀਟ ਬਿਓਂਡ ਬਾਊਂਡਰੀਜ਼' ਥੀਮ ਹੇਠ ਅਵਾਰਡਸ-2025 ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਇਨੋਸੈਂਟ ਹਾਰਟਸ ਦੇ ਪੰਜਾਂ ਸਕੂਲਾਂ ਦੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਨਵੀਨ ਸਿੰਗਲਾ ਡੀ ਆਈ ਜੀ ਜਲੰਧਰ ਰੇਂਜ ਐਂਡ ਡਾਇਰੈਕਟਰ ਵਿਜੀਲੈਂਸ ਬਿਊਰੋ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨ ਤੇ ਵਿਸ਼ੇਸ਼ ਮਹਿਮਾਨ ਵੱਲੋਂ ਦੀਪ ਜਗਾ ਕੇ, ਮਾਂ ਸਰਸਵਤੀ ਦੇ ਮੰਤਰ ਉਚਾਰਨ ਅਤੇ ਸ਼ਿਵ ਵੰਦਨਾ ਨਾਲ ਕੀਤੀ ਗਈ। ਸਭ ਤੋਂ ਪਹਿਲਾਂ ਮੁੱਖ ਮਹਿਮਾਨ ਨਵੀਨ ਸਿੰਗਲਾ, ਨੇਹਾ ਸਿੰਗਲਾ, ਇਨੋਸੈਂਟ ਹਾਰਟਸ ਗਰੁੱਪ ਦੇ ਚੇਅਰਮੈਨ ਡਾ. ਅਨੂਪ ਬੌਰੀ ਅਤੇ ਡਾ. ਪਲਕ ਗੁਪਤਾ ਬੌਰੀ ਵੱਲੋਂ ਸੀ ਬੀ ਐਸ ਈ ਬੋਰਡ ਦੀ ਕਲਾਸ 10ਵੀਂ ਅਤੇ 12ਵੀਂ ਦੀ ਪ੍ਰੀਖਿਆ ਵਿੱਚ 90% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਦਿਨੇਸ਼ ਅਗਰਵਾਲ ਨੇ ਆਪਣੇ ਸਵਰਗਵਾਸੀ ਪੁੱਤਰ ਅਰਚਿਤ ਅਗਰਵਾਲ ਦੀ ਯਾਦ ਵਿੱਚ ਗ੍ਰੀਨ ਮਾਡਲ ਟਾਊਨ ਦੀ ਵਿਦਿਆਰਥਣ ਰਿਸ਼ਿਤਾ ਅਤੇ ਨੂਰਪੁਰ ਰੋਡ ਦੀ ਵਿਦਿਆਰਥਣ ਅਵਨੀਤ ਕੌਰ ਨੂੰ 'ਬੈਸਟ ਸਟੂਡੈਂਟ ਆਫ ਦ ਈਅਰ' ਐਵਾਰਡ ਨਾਲ ਸਨਮਾਨਤ ਕੀਤਾ। ਇਨ੍ਹਾਂ ਦੇ ਨਾਲ-ਨਾਲ ਇਨੋਸੈਂਟ ਹਾਰਟਸ ਦੀ ਫਾਊਂਡਰ ਡਾਇਰੈਕਟਰ ਸ਼੍ਰੀਮਤੀ ਕਮਲੇਸ਼ ਬੌਰੀ ਦੀ ਯਾਦ ਵਿੱਚ ਲੋਹਾਰਾਂ ਕੈਂਪਸ ਦੀ ਵਿਦਿਆਰਥਣ ਸਰਗੁਨ ਨੂੰ ਟ੍ਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਹਰ ਵਿਦਿਆਰਥਣ ਨੂੰ ਟ੍ਰਾਫੀ ਦੇ ਨਾਲ 5100 ਰੁਪਏ ਨਗਦ ਇਨਾਮ ਵੀ ਦਿੱਤਾ ਗਿਆ।

## ਰੈਲੀ ਲਈ ਰਵਾਨਾ ਹੋਣ ਮੌਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਕੀਤੀ ਸਰਕਾਰ ਵਿਰੁੱਧ ਨਾਅਰੇਬਾਜ਼ੀ



**ਮਾਹਿਲਪੁਰ (ਸਰਵੀ)**- ਪੰਜਾਬ ਸਰਕਾਰ ਵੱਲੋਂ ਲਗਾਤਾਰ ਮੁਲਾਜ਼ਮ-ਪੈਨਸ਼ਨਰ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਦੇ ਵਿਰੋਧ ਵਿੱਚ ਮੁਲਾਜ਼ਮ-ਪੈਨਸ਼ਨਰ ਸਾਂਝਾ ਫਰੰਟ ਦੀ ਸੂਬਾ ਕਮੇਟੀ ਵਲੋਂ ਸਰਕਾਰ ਵੱਲੋਂ ਵਾਰ-ਵਾਰ ਮੀਟਿੰਗ ਲਈ ਸਮਾਂ ਦੇ ਕੇ ਮੰਗਾਂ ਨੂੰ ਲਟਕਾਉਣ ਲਈ ਧੂਰੀ ਸੰਗਰੂਰ ਵਿਖੇ ਸੂਬਾ ਪੱਧਰੀ ਰੈਲੀ ਦਾ ਐਲਾਨ ਕੀਤਾ ਗਿਆ ਸੀ।ਇਸ ਰੈਲੀ ਵਿੱਚ ਸ਼ਾਮਿਲ ਹੋਣ ਲਈ ਮਾਹਿਲਪੁਰ ਤੋਂ ਵੱਡੀ ਗਿਣਤੀ ਵਿੱਚ ਮੁਲਾਜ਼ਮ-ਪੈਨਸ਼ਨਰ ਬਲਾਕ ਪ੍ਰਧਾਨ ਨਰਿੰਦਰ ਅਜਨੋਹਾ,ਮੱਖਣ ਸਿੰਘ ਲੰਗੇਰੀ, ਮਲਕੀਤ ਸਿੰਘ ਬਾਹੋਵਾਲ, ਚਰਨਜੀਤ ਕੁਮਾਰ ਬਾੜੀਆਂ ਕਲਾਂ ਅਤੇ ਪਰਮਜੀਤ ਕਾਤਿਬ ਦੀ ਅਗਵਾਈ ਵਿੱਚ ਰਵਾਨਾ ਹੋਏ। ਆਗੂਆਂ ਨੇ ਕਿਹਾ ਕਿ ਸਰਕਾਰ ਮੁਲਾਜ਼ਮਾਂ, ਪੈਨਸ਼ਨਰਾਂ, ਮਜਦੂਰਾਂ ਅਤੇ ਆਮ ਕਿਰਤੀ ਲੋਕਾਂ ਦਾ ਆਰਥਿਕ ਸ਼ੋਸ਼ਣ ਕਰ ਰਹੀ ਹੈ ਅਤੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਕਈ ਹੱਕੀ ਅਤੇ ਜਾਇਜ਼ ਮੰਗਾਂ ਨੂੰ ਹੱਲ ਨਹੀਂ ਕਰ ਰਹੀ ਹੈ। ਇਸ ਮੌਕੇ ਸਰਕਾਰ ਵਿਰੁੱਧ ਜੰਮਕੇ ਨਾਅਰੇਬਾਜ਼ੀ ਕੀਤੀ।ਇਸ ਲਈ ਰਵਾਨਾ ਹੋਣ ਮੌਕੇ ਮਨਜਿੰਦਰ ਸਿੰਘ ਹੇੜ੍ਹਵਾਲ, ਸਤਨਾਮ ਸਿੰਘ, ਸੁਰਜੀਤ ਸਿੰਘ, ਅਜੇ ਕੁਮਾਰ, ਸਗਲੀ ਰਾਮ, ਮਨਜੀਤ ਸਿੰਘ, ਰਾਜਵੀਰ ਸਿੰਘ, ਸੁਖਜਿੰਦਰ ਸਿੰਘ, ਲਹਿੰਬਰ ਸਿੰਘ, ਸੁਰਿੰਦਰ ਸਿੰਘ, ਹੁਸ਼ਿਆਰ ਸਿੰਘ, ਜਸਕਰਨ ਸਿੰਘ, ਸੋਢੀ ਲਾਲ, ਪਰਸ਼ੋਤਮ ਲਾਲ, ਧਰਮ ਚੰਦ,ਬਲਦੇਵ ਰਾਜ ਵਿਰਦੀ,ਰਾਮ ਆਸਰਾ ਚੰਦੇਲੀ, ਅਸ਼ਵਨੀ ਕੁਮਾਰ, ਸ਼ਵਿੰਦਰ ਸਿੰਘ, ਅਵਤਾਰ ਸਿੰਘ, ਨਰਿੰਦਰ ਮਹਿਤਾ, ਹਰਵਿੰਦਰ ਸਿੰਘ, ਰਾਮਜੀ ਦਾਸ ਆਦਿ ਵੱਡੀ ਗਿਣਤੀ ਵਿੱਚ ਮੁਲਾਜਮ ਅਤੇ ਪੈਨਸ਼ਨਰ ਮੌਜੂਦ ਸਨ।

## ਲਾਡੀ ਸ਼ੇਰੋਵਾਲੀਆ ਦੇ ਜ਼ਿਲ੍ਹਾ ਪ੍ਰਧਾਨ ਬਣਨ ਤੇ ਕਾਂਗਰਸ ਹੋਰ ਮਜ਼ਬੂਤ ਹੋਵੇਗੀ : ਇਕਬਾਲ ਸਿੰਘ

**ਨਕੋਦਰ (ਮਨਜੀਤ ਮਾਨ)**- ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਹਲਕਾ ਵਿਧਾਇਕ ਸ਼ਾਹਕੋਟ ਦੀਆਂ ਸੇਵਾਵਾਂ ਨੂੰ ਦੇਖਦਿਆਂ ਕਾਂਗਰਸ ਹਾਈਕਮਾਨ ਵੱਲੋਂ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਨੂੰ ਜ਼ਿਲ੍ਹਾ ਜਲੰਧਰ ਦਿਹਾਤੀ ਦਾ ਕਾਂਗਰਸ ਪਾਰਟੀ ਦਾ ਦੂਸਰੀ ਵਾਰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਇਕਬਾਲ ਸਿੰਘ ਮਾਲੂਪੁਰ ਨੇ ਕਰਦਿਆਂ ਕਿਹਾ ਕਿ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦਾ ਕਾਂਗਰਸ ਪਾਰਟੀ ਦਾ ਦੂਸਰੀ ਵਾਰ ਪ੍ਰਧਾਨ ਬਣਨ ਤੇ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ। ਇਕਬਾਲ ਸਿੰਘ ਮਾਲੂਪੁਰ ਨੇ ਕਾਂਗਰਸ ਹਾਈਕਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਇੱਕ ਸੁਲਝੇ ਤੇ ਮਿਹਨਤੀ ਲੀਡਰ ਹਨ। ਉਨ੍ਹਾਂ ਕਿਹਾ ਕਿ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਅਗਵਾਈ ਹੇਠ ਜ਼ਿਲ੍ਹਾ ਜਲੰਧਰ ਵਿਖੇ ਕਾਂਗਰਸ ਪਾਰਟੀ ਹੋਰ ਮਜ਼ਬੂਤ ਹੋਵੇਗੀ।



## ਡੀ ਏ ਸੀ ਦੇ ਕਰੈੱਚ 'ਚ ਬਾਲ ਦਿਵਸ ਮਨਾਇਆ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਜ਼ਿਲ੍ਹਾ ਰੈਡ ਕਰਾਸ ਸ਼ਾਖਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਸ੍ਰੀਮਤੀ ਕੋਮਲ ਮਿੱਤਲ, ਡਿਪਟੀ ਕਮਿਸ਼ਨਰ ਦੀ



ਅਗਵਾਈ ਹੇਠ ਬਾਲ ਦਿਵਸ ਖੁਸ਼ਗਵਾਰ ਮਾਹੌਲ ਵਿੱਚ ਮਨਾਇਆ ਗਿਆ। ਇਹ ਸਮਾਰੋਹ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਚਲਾਈ ਜਾ ਰਹੀ ਕਰੈੱਚ ਵਿੱਚ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਆਯੋਜਿਤ ਕੀਤਾ ਗਿਆ। ਮੌਕੇ 'ਤੇ ਬੱਚਿਆਂ ਵੱਲੋਂ ਗਾਇਕੀ, ਖੇਡਾਂ ਅਤੇ ਨਿਰਤ ਦੇ ਮੁਕਾਬਲਿਆਂ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਗਿਆ। ਸਹਰਬੇਸ ਸਿੰਘ, ਸਕੱਤਰ ਰੈਡ ਕਰਾਸ ਸੁਸਾਇਟੀ ਨੇ ਜੇਤੂ ਬੱਚਿਆਂ ਨੂੰ ਇਨਾਮ ਵੰਡੇ ਅਤੇ ਉਨ੍ਹਾਂ ਦਾ ਉਤਸ਼ਾਹ ਵਧਾਇਆ।

## 108 ਸੰਤ ਰਮੇਸ਼ ਦਾਸ ਦਾ ਜਨਮ ਦਿਨ ਮਨਾਇਆ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- 108 ਸੰਤ ਰਮੇਸ਼ ਦਾਸ ਮਹਾਰਾਜ ਜੀ ਮੁੱਖ ਸੇਵਾਦਾਰ ਡੇਰਾ ਬਾਬਾ ਕੱਲਰਾਂ ਸ਼ੇਰਪੁਰ ਵਿਖੇ ਹੋਏ ਇਕ ਧਾਰਮਿਕ ਸਮਾਗਮ ਦੌਰਾਨ ਸਮੂਹ ਸੰਗਤਾਂ ਨੇ ਸੰਤ ਬਾਬਾ ਰਮੇਸ਼ ਦਾਸ ਮਹਾਰਾਜ ਜੀ ਦਾ 50ਵਾਂ ਜਨਮ ਦਿਨ ਸ਼ਰਧਾ ਤੇ ਉਤਸ਼ਾਹ ਪੂਰਵਕ ਢੰਗ ਨਾਲ ਮਨਾਇਆ।



ਇਸ ਮੌਕੇ ਸਭ ਤੋਂ ਪਹਿਲਾਂ ਕੇਕ ਕੱਟਿਆ ਗਿਆ ਤੇ ਬਾਬਾ ਜੀ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ। ਗੁਰੂ ਕਾ ਲੰਗਰ ਵੀ ਚੱਲਿਆ। ਇਸ ਮੌਕੇ ਸੰਤ ਨਿਰੰਜਨ ਦਾਸ, ਸੰਤ ਸੋਮ ਨਾਥ, ਸੰਤ ਜਗਦੀਸ਼ ਦਾਸ, ਸੰਤ ਸਰਿਤਾ, ਬੀਬੀ ਇੰਦੂ , ਭੁਪਿੰਦਰ ਕੁਮਾਰ, ਕੈਪਟਨ ਅਮਰਜੀਤ, ਸੋਹਣ ਬਾਬਾ , ਟੋਨੀ, ਕਿਸ਼ਨ ਚੰਦ, ਡਾਕਟਰ ਪ੍ਰਭ ਹੀਰ, ਰਜਿੰਦਰ ਕੁਮਾਰੀ, ਸੱਤਿਆ ਦੇਵੀ, ਮਨਜੀਤ ਕੌਰ ਸਮੇਤ ਡੇਰਾ ਬਾਬਾ ਕੱਲਰਾਂ ਸ਼ੇਰਪੁਰ ਵਿਖੇ ਆਉਂਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ 108 ਸੰਤ ਰਮੇਸ਼ ਦਾਸ ਮਹਾਰਾਜ ਜੀ ਨੇ ਸਮੁੱਚੀਆਂ ਸੰਗਤਾਂ ਨੂੰ ਸੇਵਾ-ਸਿਮਰਨ ਤੇ ਪਰਉਪਕਾਰੀ ਜ਼ਿੰਦਗੀ ਜੀਉਣ ਦਾ ਸੁਨੇਹਾ ਦਿੱਤਾ।

## ਸੜਕਾਂ ਦਾ ਨਵੀਨੀਕਰਨ 49.32 ਕਰੋੜ ਰੁਪਏ ਦੀ ਲਾਗਤ ਨਾਲ ਕੀਤਾ ਜਾ ਰਿਹਾ : ਕੈਬਨਿਟ ਮੰਤਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਸਰਕਾਰ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹੀਦੀ ਸ਼ਤਾਬਦੀ ਸਮਾਰੋਹਾਂ ਦੀਆਂ ਤਿਆਰੀਆਂ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ। ਇਸ ਸੰਬੰਧੀ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਜਾਇਜ਼ਾ ਲੈਂਦਿਆਂ ਜਾਣਕਾਰੀ ਦਿੱਤੀ ਕਿ ਇਲਾਕੇ ਵਿੱਚ ਕਦੇ ਨਾ ਹੋਏ ਇਸ



ਪੱਧਰ ਦੇ ਵਿਕਾਸੀ ਕੰਮ ਹੁਣ ਜੰਗੀ ਤੌਰ 'ਤੇ ਜਾਰੀ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਜੋੜਦੀਆਂ 317 ਕਿਲੋਮੀਟਰ ਸੜਕਾਂ ਨੂੰ 100 ਕਰੋੜ ਰੁਪਏ ਦੀ ਲਾਗਤ ਨਾਲ ਅਪਗ੍ਰੇਡ ਕੀਤਾ ਜਾ ਰਿਹਾ ਹੈ, ਜਿਸ ਨਾਲ ਸ਼ਰਧਾਲੂਆਂ ਦੀ ਆਵਾਜਾਈ ਪੂਰੀ ਤਰ੍ਹਾਂ ਸੁਚਾਰੂ ਹੋਵੇਗੀ। ਇਸ ਦੇ ਨਾਲ ਹੀ ਸ਼ਹਿਰ ਦੇ ਅੰਦਰੂਨੀ 127 ਕਿਲੋਮੀਟਰ ਮਾਰਗਾਂ ਦੀ 49.32 ਕਰੋੜ ਰੁਪਏ ਨਾਲ ਨਵੀਨੀਕਰਨ ਪ੍ਰਕਿਰਿਆ ਜਾਰੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਸ਼ਹਿਰ ਵਿੱਚ ਤਕਨਾਲੋਜੀ ਸੁਧਾਰਾਂ ਤੇ ਵੀ ਵੱਡਾ ਧਿਆਨ ਦਿੱਤਾ ਗਿਆ ਹੈ। ਊਰਜਾ ਕੁਸ਼ਲ ਤਕਨਾਲੋਜੀ ਨਾਲ 750 ਨਵੇਂ ਪੋਲ ਲਗਾਏ ਗਏ ਹਨ, ਜੋ ਘੱਟ ਬਿਜਲੀ ਖਪਤ ਨਾਲ ਵੱਧ ਰੋਸ਼ਨੀ ਪ੍ਰਦਾਨ ਕਰਨਗੇ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਇੱਕ ਵਾਈਟ ਸਿਟੀ ਦੇ ਰੂਪ ਵਿੱਚ ਨਵੀਂ ਪਹਿਚਾਣ ਦੇਣਗੇ। ਉਨ੍ਹਾਂ ਨੇ ਕਿਹਾ ਕਿ ਗੁਰੂ ਨਗਰੀ ਨੂੰ ਆਉਣ ਵਾਲੀਆਂ ਸਾਰੀਆਂ ਮੁੱਖ ਸੜਕਾਂ ਦੇ ਨਵੀਨੀਕਰਨ ਦਾ ਕੰਮ ਵੱਖ-ਵੱਖ ਪੜਾਅ ਵਿੱਚ ਚੱਲ ਰਿਹਾ ਹੈ। ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ-ਗੜ੍ਹਸ਼ੰਕਰ ਮਾਰਗ ਦਾ 13 ਕਰੋੜ ਰੁਪਏ ਦੀ ਲਾਗਤ ਨਾਲ ਕੰਮ ਜਾਰੀ ਹੈ, ਜੋ ਇੱਕ ਮਹੱਤਵਪੂਰਨ ਲਿੰਕ ਸੜਕ ਹੈ।

## ਸਾਰੀਆਂ ਸੰਸਥਾਵਾਂ 18 ਨੂੰ ਰੱਥ ਯਾਤਰਾ ਤੇ 20 ਨੂੰ ਨਗਰ ਕੀਰਤਨ ਮਿਲਕੇ ਕੱਢਣਗੀਆਂ : ਬਹਿਲ, ਆਸ਼ੂ ਵੈਦ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- 18 ਨਵੰਬਰ ਨੂੰ ਸਜਾਈ ਜਾਣ ਵਾਲੀ ਪ੍ਰਭੂ ਸ੍ਰੀ ਖਾਟੂ ਸ਼ਾਮ ਜੀ ਦੀ ਵਿਸ਼ਾਲ ਰੱਥ ਯਾਤਰਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਮਰਪਿਤ 20 ਨਵੰਬਰ ਨੂੰ ਕੱਢੇ ਜਾਣ ਵਾਲੇ ਨਗਰ ਕੀਰਤਨ ਸਬੰਧੀ ਅੱਜ ਸਨਾਤਨ ਧਰਮ ਸਭਾ ਦੇ ਪ੍ਰਧਾਨ ਦੀਪਕ ਬਹਿਲ ਦੀ ਅਗਵਾਈ ਵਿੱਚ ਮਹਾਦੇਵ ਮੰਦਰ ਉੜਮੁੜ ਵਿਖੇ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਟਾਂਡਾ ਇਲਾਕੇ ਦੀਆਂ ਵੱਖ-ਵੱਖ ਧਾਰਮਿਕ-ਸਮਾਜਿਕ ਸੰਸਥਾਵਾਂ ਅਤੇ ਗੁਰੂ ਧਾਮਾਂ ਦੀਆਂ ਕਮੇਟੀਆਂ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ।ਇਸ ਮੀਟਿੰਗ ਵਿੱਚ ਹਰੀਨਾਮ ਸੰਕੀਰਤਨ ਮੰਡਲ ਕਮੇਟੀ ਦੇ ਪ੍ਰਧਾਨ ਆਸ਼ੂ ਵੈਦ, ਗੁਰਦੁਆਰਾ ਬੀਬੀਆਂ ਟਾਂਡਾ ਪ੍ਰੋਫੈਸਰ ਸਾਹਿਬ ਸਿੰਘ, ਗੁਰਦੁਆਰਾ ਸੰਤ ਬਾਬਾ ਪ੍ਰੇਮ ਸਿੰਘ, ਬਾਬਾ ਵਿਸ਼ਵਕਰਮਾ ਸਭਾ, ਦੁਸ਼ਹਿਰਾ ਕਮੇਟੀ ਪ੍ਰਧਾਨ ਸ਼ੁਭਮ ਬਿੱਲਾ, ਡੇਰਾ ਬਾਬਾ ਬਲਵੰਤ ਸਿੰਘ, ਰਾਮਾ ਡਰਾਮੇਟਿਕ ਕਲੱਬ, ਗਊਸ਼ਾਲਾ ਟਾਂਡਾ, ਵੀਰ ਕ੍ਰਿਸ਼ਨਾ ਕਲੱਬ ਅਹਿਆਪੁਰ, ਸ਼੍ਰੀ ਅਰਜਨ ਕਲੱਬ ਟਾਂਡਾ, ਸ਼੍ਰੀ ਸ਼ਿਵ ਮੰਦਿਰ ਕਲੱਬ, ਸ੍ਰੀ ਬਾਬਾ ਬਾਲਕ ਨਾਥ ਕਲੱਬ, ਸ੍ਰੀ ਰਾਧਾ ਕ੍ਰਿਸ਼ਨ ਮੰਦਰ ਦੇ ਆਗੂਆਂ ਤੋਂ ਇਲਾਵਾ ਸਤੀਸ਼ ਚੱਡਾ, ਸੰਦੀਪ ਭਾਗੀਆਂ, ਸੁਰਿੰਦਰ ਬਬਲਾ, ਸੋਨੂੰ ਪੁਰੀ, ਸੰਤਾ ਸਿੰਘ, ਕਮਲ ਚੋਪੜਾ, ਰਾਜਵਿੰਦਰ ਸਿੰਘ, ਨਿਰਮਲ ਸਿੰਘ ਤੁਲੀ, ਰਾਹੁਲ ਖੰਨਾ, ਮਿੱਕੀ ਪੰਡਿਤ, ਗੁਰਦੀਪ ਸਿੰਘ ਸੀਰਾ, ਲਖਵਿੰਦਰ ਸਿੰਘ ਮੁਲਤਾਨੀ, ਰੂਪ ਲਾਲ, ਗੁਰਮੁਖ ਸਿੰਘ ਨਾਮਧਾਰੀ, ਅਸ਼ੋਕ ਬਹਿਲ, ਸੁਰਿੰਦਰ ਨਈਅਰ, ਜੀਵਨ ਕੁਮਾਰ ਬਬਲੀ, ਦਿਲਬਾਗ ਰਾਏ, ਨਵਦੀਪ ਸ਼ਤਰੂ ਅਤੇ ਹੋਰ ਸੰਗਠਨਾਂ ਨੇ ਜੋ ਬੋਲੇ ਸੋਨਿਹਾਲ ਅਤੇ ਹਰ ਹਰ ਵੀਰ ਬਜਰੰਗ ਬਲੀ ਦੇ ਜੈਕਾਰੇ ਲਗਾ ਕੇ ਮੀਟਿੰਗ ਦੀ ਸ਼ੁਰੂਆਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦੇ ਦੀਪਕ ਬਹਿਲ ਨੇ ਕਿਹਾ ਕਿ 18 ਨਵੰਬਰ ਨੂੰ ਪ੍ਰਭੂ ਸ੍ਰੀ ਖਾਟੂ ਸ਼ਾਮ ਜੀ ਦੀ ਰੱਥ ਯਾਤਰਾ ਅਤੇ 20 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮਾਗਮਾਂ ਨੂੰ ਸਮਰਪਿਤ ਕੱਢੇ ਜਾ ਰਹੇ ਨਗਰ ਕੀਰਤਨ ਵਿੱਚ ਹਿੰਦੂ ਅਤੇ ਸਿੱਖਾਂ ਸਿੱਖ ਸੰਗਠਨਾਂ ਵੱਲੋਂ ਮਿਲ ਕੇ ਕੱਢਣਾ ਬੜਾ ਹੀ ਸ਼ਲਾਗਾਯੋਗ ਹੈ।ਇਸ ਮੌਕੇ ਗੁਰਦੁਆਰਾ ਬੀਬੀਆਂ ਤੋਂ ਸਾਹਿਬ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਨਗਰ ਕੀਰਤਨ ਟਾਂਡਾ ਗੁਰਦੁਆਰਾ ਸਾਹਿਬ ਤੋਂ ਚੱਲ ਕੇ ਸ਼ਹਿਰ ਦੇ ਵੱਖ-ਵੱਖ ਹਿੱਸਿਆਂ 'ਚੋਂ ਹੁੰਦਾ ਹੋਇਆ ਟਾਂਡਾ ਆ ਕੇ ਸੰਪੰਨ ਹੋ ਜਾਵੇਗਾ ਜਿਸਦਾ ਪਹਿਲਾ ਪੜਾਵ ਮਹਾਦੇਵ ਮੰਦਰ ਵਿਖੇ ਹੋਵੇਗਾ।

## ਵਿਅਕਤੀ ਨੇ ਨਹਿਰ 'ਚ ਮਾਰੀ ਛਾਲ

**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਇੱਕ ਵਿਆਕਤੀ ਵੱਲੋਂ ਸਰਹਿੰਦ ਨਹਿਰ ਦੇ ਪੁਲ ਤੋਂ ਛੱਲ ਮਾਰ ਕੇ ਆਪਣੀ ਜੀਵਨ-ਲੀਲਾ ਸਮਾਪਤ ਕਰ ਲਈ ਹੈ। ਮੌਕੇ ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਉਕਤ ਵਿਆਕਤੀ ਨੇ ਪਹਿਲਾਂ ਆਪਣਾ ਮੋਟਰਸਾਇਕਲ ਟਰੱਕ ਯੂਨਿਅਨ ਦੇ ਨੇੜੇ ਖੜ੍ਹਾ ਕੀਤਾ ਅਤੇ ਫਿਰ ਘਰ ਫੋਨ ਕਰਕੇ ਕੁੱਝ ਗੱਲਬਾਤ ਵੀ ਕੀਤੀ। ਇਸ ਤੋਂ ਬਾਅਦ ਉਸ ਨੇ ਪੁਲ ਤੋਂ ਨਹਿਰ ਵਿੱਚ ਛੱਲ ਮਾਰ ਦਿੱਤੀ। ਮ੍ਰਿਤਕ ਦੀ ਪਤਨੀ ਵੀ ਘਟਨਾ ਸਥਾਨ ਤੇ ਪਹੁੰਚ ਗਈ, ਜਿਸ ਨੇ ਦੱਸਿਆ ਕਿ ਉਸ ਦਾ ਪਤੀ ਕਈ ਦਿਨਾਂ ਤੋਂ ਦਿਮਾਗੀ ਤੌਰ ਤੇ ਪ੍ਰੇਸ਼ਾਨੀ ਵਿੱਚ ਸੀ। ਮੌਕੇ 'ਤੇ ਪੁਲਸ ਵੀ ਪੁੱਜ ਗਈ ਅਤੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਮੁਖੀ ਇੰਸਪੈਕਟਰ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਰੂਪਨਗਰ ਤੋਂ ਗੋਤਾਖੋਰਾਂ ਨੂੰ ਵੀ ਬੁਲਾਇਆ ਗਿਆ ਹੈ ਤਾਂ ਜੋ ਕਿ ਉਸ ਦੀ ਲਾਸ਼ ਮਿਲ ਸਕੇ । ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀ ਵੀ ਰੂਪਨਗਰ ਦਾ ਰਹਿਣ ਵਾਲਾ ਹੈ।

## ਪੰਜਾਬ ਨੈਸ਼ਨਲ ਬੈਂਕ ਵੱਲੋਂ ਮੈਗਾ ਰਿਟੇਲ ਲੋਨ ਕੈਂਪ ਦਾ ਆਯੋਜਨ



**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਨੈਸ਼ਨਲ ਬੈਂਕ ਸਰਕਲ ਦਫ਼ਤਰ ਮੋਹਾਲੀ ਨੇ ਬੈਂਕ ਦੇ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਅਨੁਸਾਰ ਫੇਜ਼ 2, ਮੋਹਾਲੀ ਵਿਖੇ ਇੱਕ ਮੈਗਾ ਰਿਟੇਲ ਲੋਨ ਕੈਂਪ ਦਾ ਆਯੋਜਨ ਕੀਤਾ। ਇਹ ਕੈਂਪ ਵੱਖ-ਵੱਖ ਪ੍ਰਚੂਨ ਰਿਣ ਉਤਪਾਦਾਂ, ਜਿਨ੍ਹਾਂ ਵਿੱਚ ਹੋਮ ਲੋਨ, ਵਾਹਨ ਲੋਨ, ਸਿੱਖਿਆ ਲੋਨ, ਵਪਾਰਕ ਲੋਨ ਅਤੇ ਜਾਇਦਾਦ ਦੇ ਵਿਰੁੱਧ ਲੋਨ ਸ਼ਾਮਲ ਹਨ, ਨੂੰ ਉਤਸ਼ਾਹਿਤ ਕਰਨ 'ਤੇ ਕੇਂਦ੍ਰਿਤ ਸੀ, ਜਿਸ ਨਾਲ ਸੈਲਾਨੀਆਂ ਨੂੰ ਇੱਕ ਛੱਤ ਹੇਠ ਕਈ ਵਿੱਤੀ ਹੱਲਾਂ ਦੀ ਪੜਚੋਲ ਕਰਨ ਦਾ ਮੌਕਾ ਮਿਲਿਆ। ਮਾਰੂਤੀ, ਹੁੰਡਈ, ਟਾਟਾ, ਕੀਆ ਅਤੇ ਟੋਇਟਾ ਵਰਗੀਆਂ ਪ੍ਰਮੁੱਖ ਆਟੋਮੋਬਾਈਲ ਕੰਪਨੀਆਂ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ ਅਤੇ ਸੰਭਾਵੀ ਗਾਹਕਾਂ ਵਾਸਤੇ ਆਪਣੇ ਨਵੀਨਤਮ ਵਾਹਨ ਮਾਡਲਾਂ ਦਾ ਪ੍ਰਦਰਸ਼ਨ ਕੀਤਾ। ਕਈ ਉੱਘੇ ਬਿਲਡਰਾਂ ਨੇ ਵੀ ਕੈਂਪ ਵਿੱਚ ਸ਼ਿਰਕਤ ਕੀਤੀ ਤਾਂ ਜੋ ਲੋਕਾਂ ਨੂੰ ਆਪਣੇ ਚੱਲ ਰਹੇ ਅਤੇ ਆਉਣ ਵਾਲੇ ਰੀਅਲ ਅਸਟੇਟ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ ਜਾ ਸਕੇ, ਜਿਸ ਨੂੰ ਸਕਾਰਾਤਮਕ ਹੁੰਗਾਰਾ ਮਿਲਿਆ । ਇਸ ਸਮਾਗਮ ਨੇ ਉਤਸ਼ਾਹ ਭਰਪੂਰ ਹੁੰਗਾਰਾ ਹਾਸਲ ਕੀਤਾ, ਜਿਸ ਨਾਲ ਵੱਖ-ਵੱਖ ਕਰਜ਼ਾ ਸ਼੍ਰੇਣੀਆਂ ਵਿੱਚ 61.48 ਕਰੋੜ ਰੁਪਏ ਦੇ 176 ਲੀਡ ਪ੍ਰਾਪਤ ਹੋਏ।

## ਪੁਲਸ ਵੱਲੋਂ ਜੁਗਾੜੂ ਰੇਹੜੀਆਂ ਅਤੇ ਮੋਡੀਫਾਈ ਵਹੀਕਲਾਂ ਖ਼ਿਲਾਫ਼ ਵਿਸ਼ੇਸ਼ ਮੁਹਿੰਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਸੀਨੀਅਰ ਕਪਤਾਨ ਪੁਲਸ ਹਰਮਨਦੀਪ ਸਿੰਘ ਹਾਂਸ ਅਤੇ ਕਪਤਾਨ ਪੁਲਿਸ (ਟ੍ਰੈਫ਼ਿਕ)



ਨਵਨੀਤ ਸਿੰਘ ਮਾਹਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਟ੍ਰੈਫ਼ਿਕ ਨਿਯਮਾਂ ਬਾਰੇ ਜਾਗਰੂਕਤਾ ਨੂੰ ਵਧਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਚਲਾਈ ਗਈ। ਇਸ ਮੁਹਿੰਮ ਤਹਿਤ ਕਰਨੈਲ ਸਿੰਘ, ਉਪ ਕਪਤਾਨ ਪੁਲਿਸ (ਟ੍ਰੈਫ਼ਿਕ) ਵੱਲੋਂ ਜੁਗਾੜੂ ਰੇਹੜੀਆਂ ਅਤੇ ਮੋਡੀਫਾਈ ਵਹੀਕਲਾਂ ਦੀ ਖ਼ਾਸ ਚੈਕਿੰਗ ਕੀਤੀ ਗਈ। ਚੈਕਿੰਗ ਦੌਰਾਨ ਜਿਹੜੇ ਵਾਹਨ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਸੋਧੇ ਗਏ ਸਨ ਜਾਂ ਉਨ੍ਹਾਂ ਨੂੰ ਜੁਗਾੜੂ ਰੇਹੜੀਆਂ ਵਿੱਚ ਬਦਲਿਆ ਗਿਆ ਸੀ, ਉਨ੍ਹਾਂ ਖ਼ਿਲਾਫ਼ ਟ੍ਰੈਫ਼ਿਕ ਨਿਯਮਾਂ ਅਨੁਸਾਰ ਕਾਨੂੰਨੀ ਕਾਰਵਾਈ ਕੀਤੀ ਗਈ। ਟ੍ਰੈਫ਼ਿਕ ਅਧਿਕਾਰੀਆਂ ਅਤੇ ਸਾਰੇ ਕਰਮਚਾਰੀਆਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਕਿ ਜੇ ਉਨ੍ਹਾਂ ਦੇ ਖੇਤਰ ਵਿੱਚ ਕੋਈ ਵਿਅਕਤੀ ਜੁਗਾੜੂ ਰੇਹੜੀ ਦੀ ਵਰਤੋਂ ਕਰਦਾ ਪਾਇਆ ਜਾਵੇ ਤਾਂ ਉਸ ਖ਼ਿਲਾਫ਼ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ।

## ਜਨਮ ਦਿਨ ਮੁਬਾਰਕ



ਕਾਯਨ ਸ਼ਰਮਾ
ਗੁਰਦਾਸਪੁਰ



ਸਨੇਹਪ੍ਰੀਤ ਅਰੋੜਾ



ਸਿਮਰਨਜੀਤ ਕੌਰ
ਅੰਮ੍ਰਿਤਸਰ

## ਵਰ੍ਹੇਗੰਢ ਮੁਬਾਰਕ



ਸੰਜੀਵ ਕੁਮਾਰ ਤੇ ਕਮਲਜੀਤ ਕੌਰ ਵਾਸੀ ਹੁਸ਼ਿਆਰਪੁਰ ਨੂੰ ਵਿਆਹ ਦੀ 12ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਸੋਹਣ ਸਿੰਘ ਤੇ ਬਲਵੀਰ ਕੌਰ ਵਾਸੀ ਹੁਸ਼ਿਆਰਪੁਰ ਨੂੰ ਵਿਆਹ ਦੀ 41ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।



ਪਾਲਾ ਸਿੰਘ ਤੇ ਅਮਨਦੀਪ ਕੌਰ ਵਾਸੀ ਮਾਨਸਾ ਨੂੰ ਵਿਆਹ ਦੀ 13ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।

## ਰੈਲੀ 'ਚ ਸ਼ਾਮਲ ਹੋਣ ਲਈ ਪੈਨਸ਼ਨਰਾਂ ਦਾ ਜੱਥਾ ਹੋਇਆ ਰਵਾਨਾ




**ਜਲੰਧਰ (ਰਾਜੇਸ਼ ਥਾਪਾ)**- ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨੂੰ ਮਨਵਾਉਣ ਅਤੇ ਲਾਗੂ ਕਰਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਲਗਾਤਾਰ ਸੰਘਰਸ਼ ਕੀਤਾ ਜਾ ਰਿਹਾ ਹੈ। ਧੂਰੀ(ਸੰਗਰੂਰ) ਵਿਖੇ ਸਾਂਝਾ ਫਰੰਟ ਪੰਜਾਬ ਵਲੋਂ ਅੱਜ ਕੀਤੀ ਜਾ ਰਹੀ ਸੂਬਾਈ ਰੈਲੀ ਵਿੱਚ ਸ਼ਾਮਲ ਹੋਣ ਲਈ ਪੰਜਾਬ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਫ਼ਗਵਾੜਾ/ਫਿਲੌਰ ਦਾ ਜਥਾ ਪ੍ਰਧਾਨ ਮੋਹਣ ਸਿੰਘ ਭੱਟੀ ਅਤੇ ਸੀਨੀਅਰ ਮੀਤ ਪ੍ਰਧਾਨ ਤਾਰਾ ਸਿੰਘ ਬੀਕਾ ਦੀ ਅਗਵਾਈ ਵਿੱਚ ਰਵਾਨਾ ਹੋਇਆ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਕੌੜਾ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਨੂੰ ਬਹਾਲ ਕਰਨ ਲਈ 18 ਨਵੰਬਰ 2022 ਨੂੰ ਜਾਰੀ ਕੀਤੇ ਆਪਣੇ ਹੀ ਨੋਟੀਫਿਕੇਸ਼ਨ ਨੂੰ ਅੱਜ ਤੱਕ ਅਮਲੀ ਰੂਪ ਨਹੀਂ ਦਿੱਤਾ ਗਿਆ। ਆਗੂਆਂ ਨੇ ਕਿਹਾ ਕਿ ਜੇ ਸਰਕਾਰ ਨੇ ਸਮੇਂ ਰਹਿੰਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਮੰਨਣ ਅਤੇ ਲਾਗੂ ਕਰਨ ਲਈ ਜਲਦੀ ਤੋਂ ਜਲਦੀ ਗੰਭੀਰਤਾ ਨਾਲ ਦਿਖਾਈ ਤਾਂ ਇਸ ਦਾ ਖਮਿਆਜ਼ਾ ਵਿਧਾਨ ਸਭਾ ਚੋਣਾਂ 2027 ਵਿੱਚ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।ਜਥੇ ਵਿੱਚ ਪ੍ਰਧਾਨ ਮੋਹਣ ਸਿੰਘ ਭੱਟੀ, ਸੀਨੀਅਰ ਮੀਤ ਪ੍ਰਧਾਨ ਤਾਰਾ ਸਿੰਘ ਬੀਕਾ, ਸੀਨੀਅਰ ਮੀਤ ਪ੍ਰਧਾਨ ਪ੍ਰਮੋਦ ਕੁਮਾਰ ਜੋਸ਼ੀ, ਪ੍ਰੈੱਸ ਸਕੱਤਰ ਸੀਤਲ ਰਾਮ ਬੰਗਾ, ਜੁਆਇੰਟ ਸਤਪਾਲ ਸਿੰਘ ਖੱਟਕੜ, ਜੁਆਇੰਟ ਪ੍ਰੈੱਸ ਸਕੱਤਰ ਰਤਨ ਸਿੰਘ,ਕੇ ਕੇ ਪਾਂਡੇ, ਹਰਭਜਨ ਲਾਲ ਕੌਲ, ਕਰਨੈਲ ਸਿੰਘ ਮਾਹਲ, ਸਤਪਾਲ ਯਾਦਵ, ਜੋਗਿੰਦਰ ਮਹਿਮੀ,ਸ਼ਿਵ ਦਾਸ ਆਦਿ ਜੁਝਾਰੂ ਪੈਨਸ਼ਨਰ ਸਾਥੀ ਸ਼ਾਮਲ ਹੋਏ।

## ਦੁਰਲੱਭ ਨਿਊਰੋਸਰਜੀਕਲ ਪ੍ਰਕਿਰਿਆ ਤੋਂ ਬਾਅਦ 54 ਸਾਲਾ ਔਰਤ ਨੂੰ ਨਵੀਂ ਜ਼ਿੰਦਗੀ ਮਿਲੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਦੇ ਪ੍ਰਮੁੱਖ ਐਨ ਏ ਬੀ ਐੱਚ ਮਾਨਤਾ ਪ੍ਰਾਪਤ ਸੁਪਰ-ਸਪੈਸ਼ਲਿਟੀ ਹਸਪਤਾਲ, ਲਿਵਾਸਾ ਹਸਪਤਾਲ ਵਿਖੇ ਇੱਕ ਦੁਰਲੱਭ ਨਿਊਰੋਸਰਜੀਕਲ ਪ੍ਰਕਿਰਿਆ ਤੋਂ ਬਾਅਦ ਇੱਕ 54 ਸਾਲਾ ਔਰਤ ਮਰੀਜ਼ ਨੂੰ ਨਵੀਂ ਜ਼ਿੰਦਗੀ ਮਿਲੀ। ਔਰਤ ਨੂੰ ਚੌਥੇ ਵੈਂਟ੍ਰਿਕਲ ਕੋਰੋਇਡ ਪਲੇਕਸਸ ਪੈਪਿਲੋਮਾ ਨਾਲ ਨਿਦਾਨ ਕੀਤਾ ਗਿਆ ਸੀ, ਜੋ ਦਿਮਾਗ ਦੇ ਅੰਦਰ ਸਥਿਤ ਇੱਕ ਦੁਰਲੱਭ ਅਤੇ ਚੁਣੌਤੀਪੂਰਨ ਸਥਿਤੀ ਹੈ।



ਜਾਣਕਾਰੀ ਦਿੰਦਿਆਂ ਕੰਸਲਟੈਂਟ ਨਿਊਰੋਸਰਜਰੀ ਡਾ ਅਮਨਜੋਤ ਸਿੰਘ ਬੋਪਾਰਾਏ ਨੇ ਦੱਸਿਆ ਕਿ ਇਸ ਕੇਸ ਵਿੱਚ ਦੋ ਮਹੱਤਵਪੂਰਨ ਨਿਊਰੋਸਰਜੀਕਲ ਨਵੀਨਤਮ ਨਿਊਰੋਨਾਵੀਗੇਸ਼ਨ ਅਤੇ ਇੰਟਰਾਓਪਰੇਟਿਵ ਅਲਟਰਾਸਾਊਂਡ ਤਕਨੀਕਾਂ ਦੀ ਵਰਤੋਂ ਕੀਤੀ ਗਈ ਸੀ। ਟਿਊਮਰ ਦੀ ਸਥਿਤੀ ਅਤੇ ਗੁੰਝਲਤਾ ਦੇ ਬਾਵਜੂਦ, ਸਰਜਰੀ ਸਫਲਤਾਪੂਰਵਕ ਕੀਤੀ ਗਈ। ਸਰਜਰੀ ਤੋਂ ਬਾਅਦ ਮਰੀਜ਼ ਵਿੱਚ ਕਾਫ਼ੀ ਸੁਧਾਰ ਹੋਇਆ ਹੈ ਅਤੇ 10-12 ਦਿਨਾਂ ਦੇ ਅੰਦਰ ਛੁੱਟੀ ਦੇ ਦਿੱਤੀ ਗਈ ਹੈ। ਡਾ ਬੋਪਾਰਾਏ ਨੇ ਕਿਹਾ ਕਿ ਮਰੀਜ਼ ਹੁਣ ਠੀਕ ਹੈ , ਉਸ ਦੀ ਨਜ਼ਰ ਵਾਪਸ ਆ ਗਈ ਹੈ ਅਤੇ ਉਹ ਆਪਣੇ ਰੋਜ਼ਾਨਾ ਦੇ ਕੰਮ ਕਰਨ ਦੇ ਯੋਗ ਹੈ।

## ਭਾਜਪਾ ਦੀ ਬਿਹਾਰ 'ਚ ਜਿੱਤ 'ਤੇ ਵਰਕਰਾਂ ਨੇ ਲੱਡੂ ਵੰਡ ਕੇ ਮਨਾਈ ਖ਼ੁਸ਼ੀ



**ਬਲਾਚੌਰ (ਜਸਵਿੰਦਰ ਬੈਂਸ)**- ਭਾਰਤੀ ਜਨਤਾ ਪਾਰਟੀ ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਵਰਕਰਾਂ ਵਲੋਂ ਅੱਜ ਆਪਣੇ ਜ਼ਿਲ੍ਹਾਂ ਦਫ਼ਤਰ ਬਲਾਚੌਰ ਵਿਖੇ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਇਤਿਹਾਸਿਕ ਜਿੱਤ ਹਾਸਲ ਕਰਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਇਸ ਮੌਕੇ 'ਤੇ ਜ਼ਿਲ੍ਹਾ ਪ੍ਰਧਾਨ ਰਾਜਵਿੰਦਰ ਸਿੰਘ ਲੱਕੀ ਨੇ ਹਾਜ਼ਰ ਲੀਡਰਾਂ ਅਤੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਿਹਾਰ ਦੀ ਜਨਤਾ ਵਿਕਾਸ, ਸੁਸ਼ਾਸ਼ਨ ਦੇ ਹੱਕ ਵਿੱਚ ਫੈਸਲਾ ਦੇ ਕੇ ਦੇਸ਼ ਦੀ ਰਾਜਨੀਤੀ ਨੂੰ ਨਵੀ ਦਿਸ਼ਾ ਦਿੱਤੀ ਹੈ। ਇਸ ਮੌਕੇ ਤੇ ਸੀਨੀਅਰ ਭਾਜਪਾ ਆਗੂ ਵਰਿੰਦਰ ਕੌਰ ਥਾਂਦੀ, ਜ਼ਿਲ੍ਹਾ ਜਨਰਲ ਸਕੱਤਰ, ਵਿਸ਼ਾਲ ਸ਼ਰਮਾ, ਦਿਨੇਸ਼ ਭਾਰਦਵਾਜ਼ ਅਤੇ ਅਮਨ ਰਾਣਾ ਐਡਵੋਕੇਟ, ਜ਼ਿਲ੍ਹਾ ਖਜ਼ਾਨਚੀ ਨਰੇਂਦਰ ਨਾਥ ਸੂਦਨ, ਜ਼ਿਲ੍ਹਾ ਯੁਵਾ ਮੋਰਚਾ ਪ੍ਰਧਾਨ ਪੰਕਜ਼ ਕੁਮਾਰ, ਸੋਸ਼ਲ ਮੀਡੀਆ ਸੈਲ ਦੇ ਇੰਚਾਰਜ ਕੁਲਵਿੰਦਰ ਸਿੰਘ, ਮੰਡਲ ਪ੍ਰਧਾਨ ਬਲਾਚੌਰ , ਪਰਵੀਨ ਪੁਰੀ, ਮੰਡਲ ਪ੍ਰਧਾਨ ਨਵਾਂਸ਼ਹਿਰ ਮਨੀਸ਼ ਅਗਨੀਹੋਤਰੀ, ਮੰਡਲ ਪ੍ਰਧਾਨ ਗੜ੍ਹੀ ਸਾਧੂ ਰਾਮ, ਸਾਬਕਾ ਮੰਡਲ ਪ੍ਰਧਾਨ ਨੰਦ ਕਿਸ਼ੋਰ, ਜਸਵੰਤ ਸਿੰਘ ਖਰਲ ਪ੍ਰਧਾਨ ਐਨ ਆਰ ਆਈ ਸੈਲ, ਗੁਰਮਾਮ ਕਿਸਾਨਾ , ਨਿਰਮਲ ਸਿੰਘ, ਰਾਜੂ ਅਨੰਦ , ਰੋਹਿਤ ਬਾਦਲ, ਪੰਡਤ ਕ੍ਰਿਸ਼ਨ ਕੁਮਾਰ, ਸੁਰਿੰਦਰ ਪਾਲ ਵਰਮਾ, ਨਰੇਸ਼ ਵਰਮਾ, ਕੀਮਤੀ ਲਾਲ ਅਤੇ ਹੋਰ ਅਨੇਕਾਂ ਆਗੂ ਹਾਜ਼ਰ ਸਨ।

## ਮੱਘਰ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸ਼ਰਧਾ ਨਾਲ ਮਨਾਇਆ



**ਆਦਮਪੁਰ (ਪਰਮਜੀਤ ਸਿੰਘ)**- ਗੁਰਦੁਆਰਾ ਸਾਹਿਬ ਬਾਬਾ ਮਤੀ ਜੀ ਵਿਖੇ ਮੱਘਰ ਮਹੀਨੇ ਦੀ ਸੰਗਰਾਂਦ ਦਾ ਦਿਹਾੜਾ ਸਮੂਹ ਨਗਰ ਨਿਵਾਸੀਆਂ, ਇਲਾਕਾ ਵਾਸੀਆਂ ਤੇ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੱਥੇਦਾਰ ਮਨੋਹਰ ਸਿੰਘ ਡਰੋਲੀ ਕਲਾਂ ਦੀ ਦੇਖ-ਹੇਠ ਪੂਰਨ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਈ ਦਿੰਦਿਆ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨੋਹਰ ਸਿੰਘ ਨੇ ਦੱਸਿਆ ਕਿ ਸੰਗਰਾਂਦ ਦਿਹਾੜੇ ਮੌਕੇ ਸਵੇਰੇ 8 ਵਜੇ ਤੋਂ ਦੁਪਹਿਰ 1:30 ਵਜੇ ਤੱਕ ਸਜੇ ਦੀਨਾਵਾਂ ਅੰਦਰ ਪ੍ਰਸਿੱਧ ਰਾਗੀ, ਢਾਡੀ, ਜੱਥਿਆਂ 'ਚ ਕਥਾ ਵਾਚਕ ਭਾਈ ਹਰਿਅੰਮ੍ਰਿਤਪਾਲ ਸਿੰਘ ਭੋਗਪੁਰ, ਭਾਈ ਗੁਰਜੀਤ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸਹੀਦ ਬਾਬਾ ਮਤੀ ਜੀ, ਹਜ਼ੂਰੀ ਰਾਗੀ ਜਤਿੰਦਰਪਾਲ ਸਿੰਘ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਇੰਨਟਰਨੈਸਨਲ ਪੰਥਕ ਢਾਡੀ ਜੱਥਾ ਗਿ: ਗੁਰਭੇਜ ਸਿੰਘ ਗਾਫਿਲ, ਵਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਸੁਣਾ ਨਿਹਾਲ ਕੀਤਾ ਗਿਆ। ਇਸ ਮੌਕੇ ਗੁਰੂ ਕਾ ਅਤੁੱਟ ਲੰਗਰ ਵਰਤਾਇਆ ਗਿਆ।



## ਸਰਕਾਰ ਵੱਲੋਂ ਮੰਡੀਆਂ ਬੰਦ ਕਰਨ ਦਾ ਕਿਰਤੀ ਕਿਸਾਨ ਯੂਨੀਅਨ ਵੱਲੋਂ ਵਿਰੋਧ

**ਕਾਲਾ ਸੰਘਿਆਂ (ਮਨਜੀਤ ਮਾਨ)**- ਕਾਲਾ ਸੰਘਿਆਂ ਵਿਖੇ ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸਥਾਨਕ ਆਗੂਆਂ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਬਾਬਾ ਕਾਹਨ ਦਾਸ ਵਿਖੇ ਇਲਾਕੇ ਦੇ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਦੀ ਅਗਵਾਈ ਵਿੱਚ ਹੋਈ। ਮੀਟਿੰਗ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਪਲਵਿੰਦਰ ਸਿੰਘ ਸੰਘਾ ਨੇ ਕਿਹਾ ਕਿ ਸੂਬੇ ਵਿੱਚ ਹਾਲੇ ਝੋਨੇ ਦੀ ਖਰੀਦ ਪੂਰੀ ਨਹੀਂ ਹੋਈ ਸੀ ਅਤੇ ਸਰਕਾਰ ਵੱਲੋਂ ਬੰਦ ਕੀਤੀਆਂ ਮੰਡੀਆਂ ਕਾਰਨ ਕਿਸਾਨਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਹਾਲੇ ਕਾਫ਼ੀ ਕਿਸਾਨਾਂ ਦਾ ਝੋਨਾ ਪਿਆ ਹੈ ਅਤੇ ਛੋਟੇ ਕਿਸਾਨਾਂ ਕੋਲ ਟਰੈਕਟਰ ਟਰਾਲੀਆਂ ਨਾ ਹੋਣ ਕਾਰਨ ਬਹੁਤਾਤ ਗਿਣਤੀ ਕਿਸਾਨ ਝੋਨਾ ਮੰਡੀ ਨਹੀਂ ਲਿਆ ਸਕੇ। ਪਿੰਡਾਂ ਵਿੱਚ ਛੋਟੇ ਕਿਸਾਨ ਦੂਜੇ ਕਿਸਾਨਾਂ ਦੇ ਟਰੈਕਟਰ ਟਰਾਲੀਆਂ ਲੈ ਕੇ ਫ਼ਸਲ ਮੰਡੀ ਲਿਆਉਂਦੇ ਹਨ ਜਦਕਿ ਉਹ ਕਿਸਾਨ ਆਪਣੀ ਫ਼ਸਲ ਮੰਡੀ ਵੇਚ ਕੇ ਦੂਜਿਆਂ ਨੂੰ ਸਾਧਨ ਦਿੰਦੇ ਹਨ ਅਤੇ ਇਸੇ ਕਾਰਨ ਕਿਸਾਨਾਂ ਦੀ ਝੋਨੇ ਦੀ ਫ਼ਸਲ ਵਿਕਣ ਤੋਂ ਰਹਿ ਗਈ। ਆਗੂਆਂ ਨੇ ਕਿਸਾਨਾਂ ਦੀਆਂ ਵੱਖ ਵੱਖ ਮੰਗਾਂ ਵੱਲ ਗ਼ੌਰ ਕਰਨ ਦੀ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਅਪੀਲ ਕੀਤੀ। ਇਸ ਮੌਕੇ ਪ੍ਰਧਾਨ ਪਲਵਿੰਦਰ ਸਿੰਘ ਸੰਘਾ, ਸਰਬਣ ਸਿੰਘ ਸੰਘਾ, ਗੁਰਮੇਲ ਸਿੰਘ, ਕੁਲਵਿੰਦਰ ਸਿੰਘ ਸੰਧੂ ਚੱਠਾ, ਜੋਗਾ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਸੂਬੇ ਨੂੰ ਵਿਕਾਸ ਪੱਖੋਂ ਬੁਲੰਦੀਆਂ 'ਤੇ ਲਿਜਾਣ ਲਈ ਵਚਨਬੱਧ : ਚੰਨੀ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਲੋਕ ਹਿੱਤ ਵਿੱਚ ਲਏ ਗਏ ਇਤਿਹਾਸਕ ਫੈਸਲਿਆਂ ਅਤੇ ਵਿਕਾਸ ਕੰਮਾਂ 'ਤੇ ਤਰਨਤਾਰਨ ਵਾਸੀਆਂ ਨੇ ਜਿੱਤ ਦੀ ਮੋਹਰ ਲਗਾਈ ਹੈ ਅਤੇ ਪਾਰਟੀ ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਇਤਿਹਾਸਕ ਅਤੇ ਸ਼ਾਨਦਾਰ ਜਿੱਤ ਹੋਈ ਹੈ। ਇਹ ਪ੍ਰਗਟਾਵਾ ਕਰਦਿਆਂ ਹਲਕਾ ਗੜ੍ਹਸ਼ੰਕਰ ਤੋਂ ਸੰਗਠਨ ਇੰਚਾਰਜ ਤੇ ਓ ਐੱਸ ਡੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਤਰਨਤਾਰਨ ਜ਼ਿਮਨੀ ਚੋਣ ਵਿੱਚ ਆਪ ਪਾਰਟੀ ਦੇ ਉਮੀਦਵਾਰ ਦੀ ਜਿੱਤ ਨੇ 2027 ਵਿੱਚ ਹੋਣ ਵਾਲੀਆਂ ਚੋਣਾਂ ਲਈ ਆਪ ਪਾਰਟੀ ਦਾ ਮੁੱਢ ਬੰਨ੍ਹ ਦਿੱਤਾ ਹੈ ਤੇ ਲੋਕਾਂ ਨੇ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਉਹ ਆਪ ਪਾਰਟੀ ਦੇ ਨਾਲ ਡੱਟ ਕੇ ਖੜੇ ਹਨ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੀ ਡਿਊਟੀ ਪਾਰਟੀ ਹਾਈਕਮਾਂਡ ਵਲੋਂ ਤਰਨਤਾਰਨ ਜ਼ਿਮਨੀ ਚੋਣ ਵਿੱਚ ਪਾਰਟੀ ਦੇ ਉਮੀਦਵਾਰ ਦੇ ਹੱਕ



ਵਿੱਚ ਚੋਣ ਪ੍ਰਚਾਰ ਲਈ ਲਗਾਈ ਗਈ ਸੀ ਤੇ ਉਨ੍ਹਾਂ ਵੇਖਿਆ ਕਿ ਤਰਨਤਾਰਨ ਵਾਸੀਆਂ ਵੱਲੋਂ 'ਆਪ' ਵੱਲੋਂ ਸਾਢੇ ਤਿੰਨ ਸਾਲ ਦੀ ਕਾਰਗੁਜ਼ਾਰੀ ਤੇ ਪਿਛਲੀਆਂ ਪਾਰਟੀਆਂ ਦੀ ਸਾਲਾਂ ਬੱਧੀ ਕਾਰਗੁਜ਼ਾਰੀ ਦਾ ਮੁਲਾਂਕਣ ਕੀਤਾ ਗਿਆ, ਜਿਸ ਵਿੱਚ 'ਆਪ' ਪਾਰਟੀ ਵਲੋਂ ਕੀਤੇ ਗਏ ਕੰਮ ਭਾਰੀ ਪਏ ਤੇ ਲੋਕਾਂ ਆਮ ਆਦਮੀ ਪਾਰਟੀ ਦੇ ਪੱਖ ਵਿੱਚ ਆਪਣਾ ਫੈਸਲਾ ਸੁਣਾਇਆ ਹੈ। ਉਨ੍ਹਾਂ ਤਰਨਤਾਰਨ ਦੇ ਵੋਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਲੋਕ ਪੱਖੀ ਫੈਸਲੇ ਤੇ ਸੂਬੇ ਨੂੰ ਵਿਕਾਸ ਪੱਖੋਂ ਬੁਲੰਦੀਆਂ 'ਤੇ ਲਿਜਾਣ ਲਈ ਦ੍ਰਿੜ੍ਹ ਸੰਕਲਪ ਤੇ ਵਚਨਬੱਧ ਹੈ।

## ਹੜ੍ਹ ਪੀੜਤ ਪਰਵਾਰਾਂ ਨੂੰ 2 ਲੱਖ 40 ਹਜ਼ਾਰ ਰੁਪਏ ਦੀ ਨਕਦ ਸਹਾਇਤਾ

**ਜਲੰਧਰ (ਰਾਜੇਸ਼ ਥਾਪਾ)**- ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਵਲੋਂ ਤਰਨਤਾਰਨ ਜ਼ਿਲ੍ਹੇ ਦੇ ਮੁੰਡਾਪਿੰਡ ਤੇ ਗੁੱਜਰਪੁਰ ਪਿੰਡਾਂ ਦੇ ਦਰਜਨਾਂ ਹੜ੍ਹ ਪੀੜਤ ਪਰਵਾਰਾਂ ਨੂੰ 2 ਲੱਖ 40 ਹਜ਼ਾਰ ਰੁਪਏ ਨਕਦ ਸਹਾਇਤਾ ਵੰਡੀ ਗਈ। ਇਸ ਮੌਕੇ ਪਾਰਟੀ ਦੀ ਤਰਨਤਾਰਨ ਜਿਲ੍ਹਾ ਕਮੇਟੀ ਦੇ ਆਗੂ ਸਾਥੀ ਮਨਜੀਤ ਸਿੰਘ ਬੱਗੂ, ਦਾਰਾ ਸਿੰਘ ਮੁੰਡਾ ਪਿੰਡ, ਰੇਸ਼ਮ ਸਿੰਘ ਫੈਲੋਕੇ, ਹਰਦੀਪ ਸਿੰਘ, ਸਰਵਨ ਸਿੰਘ, ਦਰਸ਼ਨ ਸਿੰਘ ਗੁੱਜਰਪੁਰ ਅਤੇ ਦਰਸ਼ਨ ਸਿੰਘ ਮੁੰਡਾਪਿੰਡ ਵੀ ਮੌਜੂਦ ਸਨ। ਦੱਸਣ ਯੋਗ ਹੈ ਕਿ ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ 'ਚ ਵੱਸਦੇ



ਭਾਰਤੀਆਂ ਵਲੋਂ ਸਾਥੀ ਅਵਤਾਰ ਸਿੰਘ ਬੈਂਸ ਤੇ ਝਲਮਣ ਸਿੰਘ ਬੈਂਸ ਵਾਸੀ ਭੱਜਲ ਜ਼ਿਲ੍ਹਾ ਹੁਸ਼ਿਆਰਪੁਰ ਰਾਹੀਂ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਆਰ.ਐਮ.ਪੀ.ਆਈ. ਦੀ ਕੇਂਦਰੀ ਕਮੇਟੀ ਕੋਲ 5 ਲੱਖ ਰੁਪਏ ਭੇਜੇ ਗਏ ਹਨ। ਸਾਥੀ ਪਾਸਲਾ ਨੇ ਦੱਸਿਆ ਹੈ ਕਿ ਹੜ੍ਹ ਪੀੜਤ ਹਾਲੇ ਵੀ ਬੇਸ਼ੁਮਾਰ ਮੁਸੀਬਤਾਂ ਨਾਲ ਜੂਝ ਰਹੇ ਹਨ। ਉਨ੍ਹਾਂ ਦੱਸਿਆ ਹੈ ਕਿ ਬਾਕੀ ਰਹਿੰਦੇ ਤਕਰੀਬਨ ਢਾਈ ਲੱਖ ਰੁਪਏ ਛੇਤੀ ਹੀ ਅਜਨਾਲਾ ਖੇਤਰ ਦੇ ਹੜ੍ਹ ਪੀੜਤਾਂ 'ਚ ਤਕਸੀਮ ਕੀਤੇ ਜਾਣਗੇ।

## 'ਰੇਲਵੇ ਸਟੇਸ਼ਨ ਦਾ ਨਾਂਅ ਸ੍ਰੀ ਅਨੰਦਪੁਰ ਸਾਹਿਬ ਰੱਖਿਆ ਜਾਵੇ'

**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮਾਗਮ ਜੋ ਕਿ ਇਸ ਮਹੀਨੇ ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਏ ਜਾ ਰਹੇ ਹਨ। ਦੇਸ਼ ਵਿਦੇਸ਼ ਤੋਂ ਵੱਡੀ ਗਿਣਤੀ ਵਿਚ ਸੰਗਤ ਇਸ ਮੌਕੇ ਅਨੰਦਪੁਰ ਸਾਹਿਬ ਦੇ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਨਗੀਆਂ। ਸ੍ਰੀ ਆਨੰਦਪੁਰ ਸਾਹਿਬ ਨੂੰ ਸੰਗਤਾਂ ਬੱਸਾਂ ਰਾਹੀਂ ਅਤੇ ਰੇਲਾਂ ਰਾਹੀਂ ਇਸ ਪਵਿੱਤਰ ਸ਼ਹਿਰ ਵਿੱਚ ਪਹੁੰਚ ਰਹੀਆਂ ਹਨ ਅਤੇ ਪਹੁੰਚਣਗੀਆਂ।ਇਸ ਪਾਵਨ ਨਗਰੀ ਦੀ ਇਤਿਹਾਸਿਕ ਮਹੱਤਤਾ ਨੂੰ ਵੇਖਦੇ ਹੋਏ ਸ੍ਰੀ ਅਨੰਦਪੁਰ ਸਾਹਿਬ ਨੂੰ ਜ਼ਿਲ੍ਹਾ ਬਣਾਉਣ ਦੀ ਮੰਗ ਵੀ ਉੱਠਦੀ ਰਹੀ ਹੈ। ਸ੍ਰੀ ਅਨੰਦਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਤੇ ਇਸ ਪਵਿੱਤਰ ਨਗਰ ਦੇ ਨਾਮ ਅੱਗੇ ਸ੍ਰੀ ਨਹੀਂ ਲਗਾਇਆ ਗਿਆ ਹੈ ਜਿਸ ਤੇ ਸੰਗਤਾਂ ਨੇ ਇਤਰਾਜ਼ ਜਤਾਇਆ ਹੈ। ਅਨੰਦਪੁਰ ਸਾਹਿਬ ਦੇ ਰੇਲਵੇ ਸਟੇਸ਼ਨ ਦੇ ਮੁੱਖ ਗੇਟ ਤੇ ਤਾਂ ਸ੍ਰੀ ਅਨੰਦਪੁਰ ਸਾਹਿਬ ਲਿਖਿਆ ਗਿਆ ਹੈ ਮਗਰ ਪਲੇਟਫਾਰਮ ਤੇ ਅੰਦਰ ਨੂੰ ਜਾਂਦੇ ਰਸਤੇ ਤੇ ਸ੍ਰੀ ਨਹੀਂ ਲਿਖਿਆ ਗਿਆ ਹੈ। ਉੱਘੇ ਲੇਖਕ ਅਤੇ ਸ਼ਾਇਰ ਫੈਸਲ ਖਾਨ ਦਾ ਕਹਿਣਾ ਹੈ ਕਿ ਸ੍ਰੀ ਅਨੰਦਪੁਰ ਸਾਹਿਬ ਬੇਹੱਦ ਪਵਿੱਤਰ ਸ਼ਹਿਰ ਹੈ ਇਸ ਦੇ ਨਾਮ ਅੱਗੇ ਸ੍ਰੀ ਲਗਾਇਆ ਜਾਣਾ ਚਾਹੀਦਾ ਹੈ।

## ਮੇਹਰ ਚੰਦ ਪੌਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਵਿਦਿਅਕ ਦੌਰਾ

**ਜਲੰਧਰ (ਸ਼ੈਲੀ ਐਲਬਰਟ)**- ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਹੇਠ ਇਲੈਕਟ੍ਰਿਕਲ ਇੰਜੀਨੀਅਰਿੰਗ ਵਿਭਾਗ ਦੇ ਪੰਜਵੇਂ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਇੱਕ ਵਿਦਿਅਕ ਦੌਰਾ ਆਯੋਜਿਤ ਕੀਤਾ ਗਿਆ। ਇਸ ਦੌਰੇ ਦਾ ਪ੍ਰਬੰਧ ਇਲੈਕਟ੍ਰਿਕਲ ਵਿਭਾਗ ਦੇ ਮੁਖੀ ਵਿਕਰਮਜੀਤ ਸਿੰਘ ਸੰਘੋਤਰਾ ਅਤੇ ਉਨ੍ਹਾਂ ਦੇ ਸਹਾਇਕ ਗਗਨਦੀਪ ਵੱਲੋਂ ਕੀਤਾ ਗਿਆ। ਇਸ ਵਿਦਿਅਕ ਦੌਰੇ ਦੌਰਾਨ ਵਿਦਿਆਰਥੀਆਂ ਨੇ ਭਾਖੜਾ ਡੈਮ (ਰੈਡ ਪਰਮਿਟ ਪ੍ਰਾਪਤ ਕਰਕੇ ਡੈਮ ਦੇ ਹੇਠਲੇ ਭਾਗ ਦਾ ਦੌਰਾ ਕੀਤਾ), ਰੋਪੜ ਥਰਮਲ ਪਾਵਰ ਪਲਾਂਟ, ਪੰਜਾਬ ਐਨਰਜੀ ਡਿਵੈਲਪਮੈਂਟ



ਅਥਾਰਟੀ, ਵਿੰਡ ਮਿਲ, ਮਲਾਨਾ ਹਾਈਡ੍ਰੋ ਪਾਵਰ ਪਲਾਂਟ (ਜ਼ਿਲ੍ਹਾ ਕੁੱਲੂ, ਹਿਮਾਚਲ ਪ੍ਰਦੇਸ਼), ਬਿਆਸ ਕੁੰਡ (ਮਨਾਲੀ) ਅਤੇ ਮਨਾਲੀ ਵਿੱਚ ਸੂਰਜੀ ਤੇ ਹਵਾਈ ਊਰਜਾ ਪ੍ਰਣਾਲੀਆਂ ਦਾ ਅਧਿਐਨ ਕੀਤਾ। ਵਿਦਿਆਰਥੀਆਂ ਨੇ ਇਸ ਯਾਤਰਾ ਦੌਰਾਨ ਧਾਰਮਿਕ ਤੇ ਇਤਿਹਾਸਕ ਸਥਾਨਾਂ ਜਿਵੇਂ ਕਿ ਆਨੰਦਪੁਰ ਸਾਹਿਬ ਗੁਰਦੁਆਰਾ, ਮਨੀਕਰਣ ਸਾਹਿਬ ਗੁਰਦੁਆਰਾ ਅਤੇ ਮਨੀਕਰਣ ਮੰਦਰ ਦੇ ਵੀ ਦਰਸ਼ਨ ਕੀਤੇ। ਇਸ ਤੋਂ ਇਲਾਵਾ, ਉਨ੍ਹਾਂ ਨੇ ਰੌਕ ਗਾਰਡਨ, ਸੁੱਖਨਾ ਝੀਲ ਅਤੇ ਮਨਾਲੀ ਦੇ ਸਨੋ ਪੁਆਇੰਟ ਵਰਗੇ ਪ੍ਰਸਿੱਧ ਸੈਰ-ਸਪਾਟਾ ਸਥਾਨਾਂ ਦਾ ਵੀ ਆਨੰਦ ਲਿਆ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਸਫਲ ਵਿਦਿਅਕ ਦੌਰਾ ਪੂਰਾ ਕਰਨ 'ਤੇ ਸ੍ਰੀ ਵਿਕਰਮਜੀਤ ਸਿੰਘ ਸੰਘੋਤਰਾ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ।

## ਅੱਖਾਂ ਦੇ ਚੈਕਅੱਪ ਕੈਂਪ 'ਚ 154 ਮਰੀਜ਼ਾਂ ਦੀ ਜਾਂਚ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਗੜ੍ਹਸ਼ੰਕਰ ਰੋਡ 'ਤੇ ਗੁਰਦੁਆਰਾ ਟਾਹਲੀ ਸਾਹਿਬ ਨੇੜੇ ਲਾਇਨਜ਼ ਕਲੱਬ ਐਕਟਿਵ ਵੱਲੋਂ 89ਵਾ ਮੈਡੀਕਲ ਜਾਂਚ ਲਿਵਾਸਾ ਹਸਪਤਾਲ ਵੱਲੋਂ ਮੁਫ਼ਤ ਜਨਰਲ ਕੈਂਪ ਅਤੇ ਗੜ੍ਹਸ਼ੰਕਰ ਦੇ ਨਵਦੀਪ ਹਸਪਤਾਲ ਵੱਲੋਂ ਅੱਖਾਂ ਦਾ ਜਾਂਚ ਕੈਂਪ ਲਗਾਇਆ ਗਿਆ । ਕਲੱਬ ਦੇ



ਡਿਪਟੀ ਗਵਰਨਰ ਤ੍ਰਿਲੋਚਨ ਸਿੰਘ ਵਿਰਦੀ ਨੇ ਦੱਸਿਆ ਕਿ ਇਸ ਕੈਂਪ ਵਿੱਚ 154 ਵਿਅਕਤੀਆਂ ਕਰੀਬ ਦੀ ਜਾਂਚ ਕੀਤੀ ਗਈ ਅਤੇ ਲੋੜਵੰਦ ਮਰੀਜ਼ਾਂ ਨੂੰ ਕਲੱਬ ਵੱਲੋਂ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ।ਇਸ ਮੌਕੇ ਮਰੀਜ਼ਾਂ ਦੀ ਖੂਨ ਜਾਂਚ ਜਿਸ ਵਿੱਚ ਸ਼ੂਗਰ ਟੈਸਟ ਮੁਫਤ ਵਿੱਚ ਕੀਤਾ ਗਿਆ। ਡਿਪਟੀ ਗਵਰਨਰ ਤ੍ਰਿਲੋਚਨ ਸਿੰਘ ਵਿਰਦੀ ਨੇ ਕਿਹਾ ਕਿ ਇਲਾਜ ਦਿਨੋਂ ਦਿਨ ਮਹਿੰਗਾ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਅਜਿਹੇ ਕੈਂਪ ਲੋਕਾਂ ਲਈ ਲਾਹੇਵੰਦ ਸਾਬਤ ਹੋ ਰਹੇ ਹਨ। ਇਹ ਕੈਂਪ ਉਨ੍ਹਾਂ ਦੇ ਕਲੱਬ ਵੱਲੋਂ ਹਰ ਮਹੀਨੇ ਸੰਗਰਾਂਦ ਮੌਕੇ ਲਗਾਇਆ ਜਾਂਦਾ ਹੈ। ਲਿਵਾਸਾ ਹਸਪਤਾਲ ਦੇ ਡਾਕਟਰ ਰੁਪਿੰਦਰ ਕੋਰ ਨੇ ਲੋਕਾਂ ਨੂੰ ਪੌਸ਼ਟਿਕ ਭੋਜਨ ਖਾਣ ਅਤੇ ਫਾਸਟ ਫੂਡ ਤੋਂ ਦੂਰ ਰਹਿਣ ਲਈ ਕਿਹਾ। ਨਵਦੀਪ ਹਸਪਤਾਲ ਦੇ ਡਾਕਟਰ ਨਵਦੀਪ ਡਾ ਅਸ਼ੋਕ ਨੇ ਕਿਹਾ ਕਿ ਸਾਨੂੰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਅੱਖਾਂ ਦੀ ਜਾਂਚ ਕਰਵਾਉਣੀ ਚਾਹੀਦੀ ਹੈ।ਇਸ ਮੌਕੇ ਸੀਨੀਅਰ ਚੇਅਰਮੈਨ ਗੁਰਦੀਪ ਸਿੰਘ ਸੂਦ ਯੂ ਐੱਸ ਏ ਦਾ ਵਿਸ਼ੇਸ਼ ਸਹਿਯੋਗ ਰਿਹਾ। ਸੰਜੀਵ ਸੂਰੀ ਖਜਾਨਚੀ, ਸੰਜੀਵ ਕੁਮਾਰ ਕੈਂਥ, ਡਾਇਰੈਕਟਰ ਸਵਰਨਜੀਤ, ਬਿਮਲਾ ਰਾਣੀ ਸੈਕਟਰੀ ਪੂਨਮ ਸੂਰੀ, ਕਲਦੀਪ ਭੂਸ਼ਨ ਗੁਰਇਕਬਾਲ ਸਿੰਘ ਸਤਨਾਮ ਸਿੰਘ,ਪਧਾਨ ਜਸਵਿੰਦਰ ਕੋਰ, ਬੁੱਧਦਾਸ, ਵਿਸਾਖਾ ਸਿੰਘ ਆਦਿ ਹਾਜ਼ਰ ਸਨ।

## ਸਕੂਲ ਦਾ ਸਾਲਾਨਾ ਸਮਾਰੋਹ ਸੰਪੰਨ

**ਬਲਾਚੌਰ (ਜਸਵਿੰਦਰ ਬੈਂਸ)**- ਸ਼ੌਰਿਆ ਇੰਟਰਨੈਸ਼ਨ ਸਕੂਲ ਰੁੜਕੀ ਕਲਾਂ ਬਲਾਚੌਰ ਦਾ 10 ਵਾਂ ਸਾਲਾਨਾ ਸਮਾਰੋਹ ਅਮਿੱਟ ਯਾਦਾਂ ਛੱਡਦਾ ਹੋਇਆ ਸ਼ਾਨੋ-ਸ਼ੌਕਤ ਨਾਲ ਸੰਪੰਨ ਹੋਇਆ।ਸਮਾਗਮ ਦੀ ਸ਼ੁਰੂਆਤ ਸ਼ੌਰਿਆ ਇੰਟਰਨੈਸ਼ਨਲ ਸਕੂਲ ਦੇ ਸੰਗੀਤਕ ਵਿਭਾਗ ਦੇ ਬੱਚਿਆਂ ਨੇ 'ਸਭ ਹੈ ਤੇਰਾ ਤੇਰਾ ਤੇਰਾ'



ਗਾ ਕੇ ਪ੍ਰਭਾਵਸ਼ਾਲੀ ਸ਼ੁਰੂਆਤ ਕੀਤੀ। ਇਸ ਤੋਂ ਬਾਅਦ ਛੋਟੇ ਬੱਚਿਆਂ ਨੇ ਆਪਣੀਆਂ ਮਨ-ਮੋਹਿਕ ਪੇਸ਼ਕਾਰੀਆਂ ਕਰਕੇ ਸਾਰੇ ਦਰਸ਼ਕਾਂ ਦਾ ਮਨ ਮੋਹਿਆ। ਪਹਿਲੀ ਅਤੇ ਦੂਜੀ ਕਲਾਸ ਨੇ ਸਟੇਜ ਉੱਪਰ ਡਾਂਸ ਦੀ ਬਹੁਤ ਹੀ ਵਿਲੱਖਣ ਪੇਸ਼ਕਾਰੀ ਦਿੱਤੀ।ਤੀਜੀ ਕਲਾਸ ਦੇ ਬੱਚਿਆਂ ਨੇ ਭੰਗੜਾ ਪਾ ਕੇ ਆਪਣਾ ਦਮ ਦਿਖਾਇਆ।ਚੌਥੀ ਤੇ ਪੰਜਵੀਂ ਕਲਾਸ ਦੇ ਬੱਚਿਆਂ ਨੇ ਪੰਜਾਬ ਦੇ ਵੰਡ ਦੀ ਦੁਖਾਂਤ ਨੂੰ ਦਰਸਾਉਂਦੀ ਰੂਹ ਝੰਜੋੜਦੀ ਪੇਸ਼ਕਾਰੀ ਦਿੱਤੀ । ਛੇਵੀਂ ਤੇ ਸੱਤਵੀਂ ਕਲਾਸ ਦੇ ਬੱਚਿਆਂ ਨੇ ਪੰਜਾਬ ਦੇ ਮੁੜ-ਵਸੇਵੇ ਨੂੰ ਦਰਸਾਉਂਦੀਆਂ ਬਹੁਤ ਹੀ ਪ੍ਰਭਾਵਸ਼ਾਲੀ ਪੇਸ਼ਕਾਰੀਆਂ ਕੀਤੀਆਂ।ਅੱਠਵੀਂ ਕਲਾਸ ਦੇ ਵਿਦਿਆਰਥੀਆਂ ਨੇ ਨਸ਼ਿਆਂ ਤੋ ਬਚਾਅ ਲਈ ਇੱਕ ਬਹੁਤ ਵੱਡਾ ਸੁਨੇਹਾ ਦਿੱਤਾ।ਨੌਵੀਂ ਤੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਭਾਰਤ ਦੇ ਵੱਖ-ਵੱਖ ਸੂਬਿਆਂ ਨਾਲ ਸੰਬੰਧਿਤ ਲੋਕ ਨਾਚਾਂ ਹਰਿਆਣਵੀ ਅਤੇ ਗੁਜ਼ਰਾਤੀ ਲੋਕ ਨਾਚ ਗਰਬਾ ਪੇਸ਼ ਕੀਤਾ ।ਗਿਆਰਵੀਂ ਅਤੇ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੇ ਗਿੱਧੇ ਅਤੇ ਭੰਗੜੇ ਨਾਲ ਇਸ ਸਮਾਗਮ ਨੂੰ ਚਾਰ ਚੰਨ ਲਾਕੇ ਸਿਖਰਾਂ ਤੇ ਪਹੁੰਚਾਇਆ। ਅੰਤ ਵਿੱਚ ਸਕੂਲ ਦੇ ਬੱਚਿਆਂ ਨੇ ਰਾਸ਼ਟਰੀ ਗਾਨ ਗਾ ਕੇ ਇਸ ਸਮਾਰੋਹ ਦੀ ਸਮਾਪਤੀ ਕੀਤੀ ।ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਰਦਾਰ ਜਸਬੀਰ ਸਿੰਘ ਗੜ੍ਹੀ ਚੇਅਰਮੈਨ ਐਸ ਸੀ ਕਮਿਸ਼ਨ ਪੰਜਾਬ, ਸੰਤੋਸ਼ ਕਟਾਰੀਆ ਹਲਕਾ ਵਿਧਾਇਕ ਬਲਾਚੌਰ ਤੇ ਜ਼ਿਲ੍ਹਾ ਸਿੱਖਿਆ ਅਫਸਰ ਨਵਾਂਸ਼ਹਿਰ ਅਨੀਤਾ ਸ਼ਰਮਾ ਨੇ ਸ਼ਿਰਕਤ ਕੀਤੀ।ਇਹਨਾਂ ਤੋਂ ਇਲਾਵਾ ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਲਾਡੀ ਰਾਣਾ ਤੇ ਉਹਨਾਂ ਦੇ ਹੋਰ ਐਮ ਸੀ ਸਾਹਿਬਾਨਾਂ ਨੇ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਉੱਘੀ ਸਖਸ਼ੀਅਤ ਠੇਕੇਦਾਰ ਰੌਸ਼ਨ ਲਾਲ ਸਮਾਣੇ ਤੋ ਵਿਸ਼ੇਸ਼ ਤੌਰ 'ਤੇ ਬੱਚਿਆਂ ਦਾ ਸਮਾਗਮ ਦੇਖਣ ਲਈ ਪਹੁੰਚੇ।